रजिस्ट्री सं० : डी-221

Price : Rs. 4-00
REGISTERED NO. D-221
ਰਜਿਸਟਰੀ ਨੰ: ਡੀ-221

# भारत का राजपत्र
# The Gazette of India
# ਭਾਰਤ ਦਾ ਗਜ਼ਟ

आसाधारण
EXTRAORDINARY
ਅਸਾਧਾਰਣ
भाग XIV-अनुभाग-1
PART-XIV-SECTION-1
ਭਾਗ XIV-ਅਨੁਭਾਗ-1
प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

| | | | | |
|---|---|---|---|---|
| सं. 1] | नई दिल्ली | मंगलवार, 19 जुलाई, 2022 | /28 आषाढ़, 1944 (शक) | [खण्ड XVII] |
| NO. 1] | NEW DELHI, | TUESDAY, JULY 19, 2022 | /ASADHA 28, 1944 (SAKA) | [VOL. XVII] |
| ਨੰ: 1] | ਨਵੀਂ ਦਿੱਲੀ | ਮੰਗਲਵਾਰ, 19 ਜੁਲਾਈ, 2022 | /28 ਹਾੜ੍ਹ, 1944 (ਸ਼ਕ) | [ਜਿਲਦ XVII] |

ਕਾਨੂੰਨ ਅਤੇ ਨਿਆਂ ਮੰਤ੍ਰਾਲਾ

(ਵਿਧਾਨ ਵਿਭਾਗ)

**ਨਵੀਂ ਦਿੱਲੀ, ਮੰਗਲਵਾਰ, 19 ਜੁਲਾਈ, 2022/28 ਹਾੜ੍ਹ, 1944 (ਸ਼ਕ)**

ਭਾਰਤੀ ਮੁਆਇਦਾ ਐਕਟ, 1872 ਦਾ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ (ੳ) ਅਧੀਨ ਉਸ ਦਾ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

Ministry of Law and Justice

(LEGISLATIVE DEPARTMENT)

**NEW DELHI, TUESDAY, JULY 19, 2022/ ASADHA 28, 1944 (SAKA)**

The translation in Punjabi of The Indian Contract Act, 1872 is hereby published under the authority of the President and shall be deemed to be the authoritative text thereof in Punjabi under clause (a) of section 2 of the Authoritative texts (Central Laws) Act, 1973 (50 of 1973).

# ਭਾਰਤੀ ਮੁਆਇਦਾ ਐਕਟ, 1872

## ਧਾਰਾਵਾਂ ਦੀ ਤਰਤੀਬ


ਪ੍ਰਸਤਾਵਨਾ

ਧਾਰਾਵਾਂ

ਪ੍ਰਾਰੰਭਕ

1. ਸੰਖੇਪ ਨਾਂ ।
   ਵਿਸਤਾਰ ।
   ਅਰੰਭ ।
   ਬਚਾਓ।
2. ਅਰਥ-ਨਿਰਣਾ ਖੰਡ।

ਅਧਿਆਏ I

ਤਜਵੀਜ਼ਾਂ ਦੀ ਸੰਸੂਚਨਾ, ਸਵੀਕ੍ਰਿਤੀ ਅਤੇ ਪਰਤਾਉਣ ਬਾਰੇ

3. ਤਜਵੀਜ਼ਾਂ ਦੀ ਸੰਸੂਚਨਾ, ਸਵੀਕ੍ਰਿਤੀ ਅਤੇ ਪਰਤਾਉਣ ।
4. ਸੰਸੂਚਨਾ ਕਦ ਪੂਰੀ ਹੁੰਦੀ ਹੈ ।
5. ਤਜਵੀਜ਼ਾਂ ਅਤੇ ਸਵੀਕ੍ਰਿਤੀਆਂ ਦਾ ਪਰਤਾਉਣ ।
6. ਪਰਤਾਉਣ ਕਿਵੇਂ ਕੀਤਾ ਜਾਂਦਾ ਹੈ ।
7. ਸਵੀਕ੍ਰਿਤੀ ਕਤੱਈ ਹੋਵੇ ।
8. ਸ਼ਰਤਾਂ ਦੇ ਪਾਲਣ ਜਾਂ ਬਦਲ ਦੀ ਪ੍ਰਾਪਤੀ ਦੁਆਰਾ ਸਵੀਕ੍ਰਿਤੀ ।
9. ਬਚਨ, ਸਪੱਸ਼ਟ ਅਤੇ ਅਰਥਾਵੇਂ ।

ਅਧਿਆਏ II

ਮੁਆਇਦਿਆਂ, ਸੁੰਨਕਰਣਯੋਗ ਮੁਆਇਦਿਆਂ ਅਤੇ ਸੁੰਨ ਕਰਾਰਾਂ ਬਾਰੇ

10. ਕਿਹੜੇ ਕਰਾਰ ਮੁਆਇਦੇ ਹਨ ।
11. ਮੁਆਇਦਾ ਕਰਨ ਲਈ ਕੌਣ ਸ਼ਕਤਵਾਨ ਹਨ ।
12. ਮੁਆਇਦਾ ਕਰਨ ਦੇ ਪ੍ਰਯੋਜਨਾਂ ਲਈ ਠੀਕ-ਚਿਤ ਕੀ ਹੈ ।
13. 'ਸੰਮਤੀ' ਦੀ ਪਰਿਭਾਸ਼ਾ ।
14. ''ਸੁਤੰਤਰ ਸੰਮਤੀ'' ਦੀ ਪਰਿਭਾਸ਼ਾ ।
15. ''ਜਬਰ'' ਦੀ ਪਰਿਭਾਸ਼ਾ ।
16. ''ਨਾਜਾਇਜ਼ ਅਸਰ'' ਦੀ ਪਰਿਭਾਸ਼ਾ ।

17. ''ਕਪਟ'' ਦੀ ਪਰਿਭਾਸ਼ਾ ।
18. ''ਗ਼ਲਤ-ਦਰਸਾਵਾ'' ਦੀ ਪਰਿਭਾਸ਼ਾ ।
19. ਸੁਤੰਤਰ ਸੰਮਤੀ ਦੇ ਬਿਨਾਂ ਕੀਤੇ ਗਏ ਕਰਾਰਾਂ ਦੀ ਸੁੰਨਕਰਣਯੋਗਤਾ ।
19ੳ. ਨਾਜਾਇਜ਼ ਅਸਰ ਨਾਲ ਪ੍ਰੇਰਤ ਮੁਆਇਦੇ ਨੂੰ ਰਦ ਕਰਨ ਦੀ ਸ਼ਕਤੀ ।
20. ਜਿੱਥੇ ਤੱਥ ਦੀ ਗੱਲ ਬਾਰੇ ਦੋਵੇਂ ਧਿਰਾਂ ਭੁੱਲ ਵਿਚ ਹਨ, ਕਰਾਰ ਸੁੰਨ ਹੈ ।
21. ਕਾਨੂੰਨ ਬਾਬਤ ਭੁੱਲਾਂ ਦਾ ਪ੍ਰਭਾਵ ।
22. ਤੱਥ ਦੀ ਗੱਲ ਬਾਬਤ ਇੱਕ ਧਿਰ ਦੀ ਭੁੱਲ ਦੁਆਰਾ ਕਾਰਤ ਮੁਆਇਦਾ ।
23. ਕਿਹੜੇ ਬਦਲ ਅਤੇ ਉਦੇਸ਼ ਕਾਨੂੰਨ-ਪੂਰਨ ਹਨ ਅਤੇ ਕਿਹੜੇ ਨਹੀਂ ।

### ਸੁੰਨ ਕਰਾਰ

24. ਜੇ ਬਦਲ ਅਤੇ ਉਦੇਸ਼ ਭਾਗ ਰੂਪ ਵਿਚ ਕਾਨੂੰਨ ਵਿਰੁੱਧ ਹੋਣ ਤਾਂ ਕਰਾਰ ਸੁੰਨ ਹੋਣਗੇ।
25. ਬਦਲ ਦੇ ਬਿਨਾਂ ਕਰਾਰ ਸੁੰਨ ਹੈ ਸਿਵਾਏ ਤਦ ਦੇ ਜਦ ਉਹ :–
    ਲਿਖਤ ਵਿੱਚ ਹੋਵੇ ਅਤੇ ਰਜਿਸਟਰ ਕੀਤਾ ਹੋਵੇ,
    ਜਾਂ ਕੀਤੀ ਕਿਸੇ ਗੱਲ ਲਈ ਮੁਆਵਜ਼ਾ ਦੇਣ ਦਾ ਬਚਨ ਹੋਵੇ,
    ਜਾਂ ਮਿਆਦ ਦੇ ਕਾਨੂੰਨ ਦੁਆਰਾ ਬਾਰਤ ਰਿਣ ਦੇ ਚੁਕਾਉਣ ਦਾ ਬਚਨ ਹੋਵੇ ।
26. ਵਿਆਹ ਤੇ ਰੋਕ ਵਾਲਾ ਕਰਾਰ ਸੁੰਨ ।
27. ਵਪਾਰ ਤੇ ਰੋਕ ਵਾਲਾ ਕਰਾਰ ਸੁੰਨ ।
    ਜਿਸ ਕਾਰੋਬਾਰ ਦੀ ਗੁਡਵਿਲ ਵੇਚ ਦਿੱਤੀ ਗਈ ਹੈ, ਉਸ ਕਾਰੋਬਾਰ ਨੂੰ ਨ ਚਲਾਉਣ ਦੇ ਕਰਾਰ ਦੀ ਛੋਟ ।
28. ਕਾਨੂੰਨੀ ਕਾਰਵਾਈਆਂ ਤੇ ਰੋਕ ਵਾਲੇ ਕਰਾਰ ਸੁੰਨ ਹਨ ।
    ਪੈਦਾ ਹੋਣ ਵਾਲੇ ਝਗੜਿਆਂ ਨੂੰ ਸਾਲਸੀ ਲਈ ਸੌਂਪਣ ਦੇ ਮੁਆਇਦੇ ਦਾ ਬਚਾਉ ।
    ਜੋ ਸਵਾਲ ਪਹਿਲਾਂ ਹੀ ਪੈਦਾ ਹੋ ਚੁੱਕੇ ਹਨ ਉਨ੍ਹਾਂ ਨੂੰ ਸੌਂਪਣ ਦੇ ਮੁਆਇਦੇ ਦਾ ਬਚਾਉ।
29. ਕਰਾਰਾਂ ਦਾ ਅਨਿਸਚਿਤਤਾ ਦੇ ਕਾਰਨ ਸੁੰਨ ਹੋਣਾ ।
30. ਸ਼ਰਤ ਬਿਦਣ ਦੇ ਤੌਰ ਤੇ ਕਰਾਰ ਸੁੰਨ ।
    ਘੋੜ-ਦੌੜ ਲਈ ਕੁਝ ਇਨਾਮਾਂ ਦੇ ਪੱਖ ਵਿੱਚ ਅਪਵਾਦ ।
    ਭਾਰਤੀ ਦੰਡ ਸੰਘਤਾ ਦੀ ਧਾਰਾ 294ੳ ਪ੍ਰਭਾਵਤ ਨਹੀਂ ਹੋਵੇਗੀ ।

## ਅਧਿਆਏ III

### ਆਸਰਿਤ ਮੁਆਇਦਿਆਂ ਦੇ ਬਾਰੇ

31. ''ਅਸਰਿਤ ਮੁਆਇਦੇ'' ਦੀ ਪਰਿਭਾਸ਼ਾ ।
32. ਅਜਿਹੇ ਮੁਆਇਦਿਆਂ ਨੂੰ ਨਾਫ਼ਜ਼ ਕਰਨਾ ਜੋ ਕਿਸੇ ਘਟਨਾ ਦੇ ਵਾਪਰਨ ਤੇ ਆਸਰਿਤ ਹੋਣ।
33. ਕਿਸੇ ਘਟਨਾ ਦੇ ਨ ਵਾਪਰਨ ਤੇ ਆਸਰਿਤ ਮੁਆਇਦਿਆਂ ਦਾ ਨਾਫ਼ਜ਼ ਕਰਨਾ ।

34. ਜੇ ਉਹ ਘਟਨਾ ਜਿਸ ਤੇ ਮੁਆਇਦਾ ਆਸਰਿਤ ਹੈ ਕਿਸੇ ਜਿਉਂਦੇ ਵਿਅਕਤੀ ਦਾ ਭਵਿੱਖਤ ਆਚਰਨ ਹੋਵੇ ਤਾਂ ਉਹ ਘਟਨਾ ਕਦ ਅਸੰਭਵ ਸਮਝੀ ਜਾਵੇਗੀ ।

35. ਨਿਯਤ ਸਮੇਂ ਦੇ ਅੰਦਰ ਉਲਿਖਤ ਘਟਨਾ ਦੇ ਵਾਪਰਨ ਤੇ ਆਸਰਿਤ ਮੁਆਇਦੇ ਕਦ ਸੁੰਨ ਹੋ ਜਾਂਦੇ ਹਨ ।

ਉਲਿਖਤ ਘਟਨਾ ਦੇ ਨਿਯਤ ਸਮੇਂ ਦੇ ਅੰਦਰ ਨ ਵਾਪਰਨ ਤੇ ਆਸਰਿਤ ਮੁਆਇਦੇ ਕਦ ਨਾਫ਼ਜ਼ ਕੀਤੇ ਜਾ ਸਕਣਗੇ ।

36. ਅਸੰਭਵ ਘਟਨਾਵਾਂ ਤੇ ਆਸਰਿਤ ਕਰਾਰ ਸੁੰਨ ਹਨ ।

## ਅਧਿਆਏ IV

## ਮੁਆਇਦਿਆਂ ਦੇ ਪਾਲਣ ਦੇ ਬਾਰੇ

### ਉਹ ਮੁਆਇਦੇ ਜਿਨ੍ਹਾਂ ਦਾ ਪਾਲਣ ਕੀਤਾ ਜਾਣਾ ਜ਼ਰੂਰੀ ਹੈ

37. ਮੁਆਇਦਿਆਂ ਦੀਆਂ ਧਿਰਾਂ ਦੀ ਬਾਂਧ ।

38. ਪਾਲਣ ਦੀ ਪੇਸ਼ਕਸ਼ ਸਵੀਕਾਰ ਕਰਨ ਤੋਂ ਇਨਕਾਰ ਕਰਨ ਦਾ ਪ੍ਰਭਾਵ ।

39. ਸਾਰੇ ਦਾ ਸਾਰਾ ਬਚਨ ਪਾਲਣ ਤੋਂ ਧਿਰ ਦੁਆਰਾ ਇਨਕਾਰ ਕਰਨ ਦਾ ਪ੍ਰਭਾਵ ।

**ਮੁਆਇਦਿਆਂ ਦਾ ਪਾਲਣ ਕਿਸ ਦੁਆਰਾ ਕੀਤਾ ਜਾਣਾ ਜ਼ਰੂਰੀ ਹੈ ।**

40. ਉਹ ਵਿਅਕਤੀ ਜਿਸ ਦੁਆਰਾ ਬਚਨ ਦਾ ਪਾਲਣ ਕੀਤਾ ਜਾਣਾ ਹੈ ।

41. ਅਨਯ ਵਿਅਕਤੀ ਤੋਂ ਪਾਲਣ ਸਵੀਕਾਰ ਕਰਨ ਦਾ ਪ੍ਰਭਾਵ ।

42. ਸੰਯੁਕਤ ਦੇਣਦਾਰੀਆਂ ਦਾ ਉਤਰਨ ।

43. ਸੰਯੁਕਤ ਬਚਨਕਾਰਾਂ ਵਿੱਚੋਂ ਕੋਈ ਵੀ ਪਾਲਣ ਲਈ ਮਜਬੂਰ ਕੀਤਾ ਜਾ ਸਕੇਗਾ ।

ਹਰੇਕ ਬਚਨਕਾਰ ਹਿੱਸਾ ਪਾਉਣ ਲਈ ਮਜਬੂਰ ਕਰ ਸਕੇਗਾ ।

ਹਿੱਸਾ ਪਾਉਣ ਵਿੱਚ ਕੋਤਾਹੀ ਦੁਆਰਾ ਹੋਏ ਹਾਨ ਵਿੱਚ ਹਿੱਸਾ ਵੰਡਾਉਣਾ ।

44. ਸੰਯੁਕਤ ਬਚਨਕਾਰਾਂ ਵਿੱਚੋਂ ਇੱਕ ਨੂੰ ਛੁਟਕਾਰਾ ਦੇਣ ਦਾ ਪ੍ਰਭਾਵ ।

45. ਸੰਯੁਕਤ ਅਧਿਕਾਰਾਂ ਦਾ ਉਤਰਣ ।

### ਪਾਲਣ ਲਈ ਸਮਾਂ ਅਤੇ ਸਥਾਨ

46. ਬਚਨ ਪਾਲਣ ਲਈ ਸਮਾਂ ਅਤੇ ਸਥਾਨ ਜਿੱਥੇ ਪਾਲਣ ਦੀ ਦਰਖ਼ਾਸਤ ਨ ਕੀਤੀ ਜਾਣੀ ਹੋਵੇ ਅਤੇ ਕੋਈ ਸਮਾਂ ਉਲਿਖਤ ਨ ਹੋਵੇ ।

47. ਬਚਨ ਪਾਲਣ ਲਈ ਸਮਾਂ ਅਤੇ ਸਥਾਨ ਜਿੱਥੇ ਸਮਾਂ ਉਲਿਖਤ ਹੋਵੇ ਅਤੇ ਦਰਖ਼ਾਸਤ ਨ ਕੀਤੀ ਜਾਣੀ ਹੋਵੇ ।

48. ਨਿਸਚਿਤ ਦਿਨ ਤੇ ਪਾਲਣ ਦੇ ਲਈ ਦਰਖ਼ਾਸਤ ਉਚਿਤ ਸਮੇਂ ਅਤੇ ਸਥਾਨ ਤੇ ਕੀਤੀ ਜਾਵੇ ।

49. ਬਚਨ ਦੇ ਪਾਲਣ ਲਈ ਸਥਾਨ ਜਿਥੇ ਪਾਲਣ ਦੇ ਲਈ ਦਰਖ਼ਾਸਤ ਨ ਕੀਤੀ ਜਾਣੀ ਹੋਵੇ ਅਤੇ ਕੋਈ ਸਥਾਨ ਨਿਯਤ ਨ ਹੋਵੇ ।

50. ਬਚਨਦਾਰ ਦੁਆਰਾ ਮੁੱਕਰਰ ਜਾਂ ਮਨਜ਼ੂਰ ਕੀਤੇ ਗਏ ਤਰੀਕੇ ਨਾਲ ਜਾਂ ਸਮੇਂ ਤੇ ਪਾਲਣ।

ਪ੍ਰਸਪਰ ਬਚਨਾਂ ਦਾ ਪਾਲਣ

51. ਬਚਨਕਾਰ ਪਾਲਣ ਕਰਨ ਲਈ ਪਾਬੰਦ ਨਹੀਂ, ਜੇਕਰ ਪ੍ਰਸਪਰਕ ਬਚਨਦਾਰ ਪਾਲਣ ਦੇ ਲਈ ਤਿਆਰ ਅਤੇ ਰਜ਼ਾਮੰਦ ਨ ਹੋਵੇ ।

52. ਪ੍ਰਸਪਰਕ ਬਚਨਾਂ ਦੇ ਪਾਲਣ ਦਾ ਕ੍ਰਮ ।

53. ਜਿਹੜੀ ਘਟਨਾ ਵਾਪਰਨ ਤੇ ਮੁਆਇਦਾ ਪ੍ਰਭਾਵੀ ਹੋਣਾ ਹੈ ਉਸ ਨੂੰ ਰੋਕਣ ਵਾਲੀ ਧਿਰ ਦੀ ਦੇਣਦਾਰੀ ।

54. ਪ੍ਰਸਪਰਕ ਬਚਨਾਂ ਤੋਂ ਮਿਲਕੇ ਬਣੇ ਮੁਆਇਦੇ ਵਿੱਚ, ਉਸ ਬਚਨ ਬਾਰੇ ਕੋਤਾਹੀ ਦਾ ਪ੍ਰਭਾਵ ਜਿਸ ਦਾ ਪਾਲਣ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ ।

55. ਉਸ ਮੁਆਇਦੇ ਵਿੱਚ ਜਿਸ ਵਿੱਚ ਸਮਾਂ ਸਾਰਭੂਤ ਹੈ ਨਿਯਤ ਸਮੇਂ ਤੇ ਪਾਲਣ ਕਰਨ ਦੀ ਅਸਫਲਤਾ ਦਾ ਪ੍ਰਭਾਵ ।

ਅਜਿਹੀ ਅਸਫਲਤਾ ਦਾ ਪ੍ਰਭਾਵ ਸਮਾਂ ਜਦ ਸਾਰਭੂਤ ਨਹੀਂ ਹੈ ।

ਕਰਾਰ ਕੀਤੇ ਸਮੇਂ ਤੋਂ ਹੋਰ ਕਿਸੇ ਸਮੇਂ ਤੇ ਪਾਲਣ ਦੀ ਸਵੀਕ੍ਰਿਤੀ ਦਾ ਪ੍ਰਭਾਵ ।

56. ਅਸੰਭਵ ਕਾਰਜ ਕਰਨ ਦਾ ਕਰਾਰ ।

ਬਾਦ ਵਿੱਚ ਅਸੰਭਵ ਜਾਂ ਕਾਨੂੰਨ ਵਿਰੁੱਧ ਹੋ ਜਾਣ ਵਾਲੇ ਕਾਰਜ ਦੇ ਕਰਨ ਦਾ ਮੁਆਇਦਾ ।

ਅਜਿਹੇ ਕਾਰਜ ਦੇ ਅਪਾਲਣ ਨਾਲ ਹੋਏ ਹਾਨ ਦੇ ਲਈ ਮੁਆਵਜ਼ਾ ਜਿਸਦਾ ਅਸੰਭਵ ਜਾਂ ਕਾਨੂੰਨ-ਵਿਰੁੱਧ ਹੋਣਾ ਗਿਆਤ ਹੋਵੇ ।

57. ਕਾਨੂੰਨੀ ਗੱਲਾਂ, ਅਤੇ ਅਜਿਹੀਆਂ ਹੋਰ ਗੱਲਾਂ, ਜੋ ਗੈਰ-ਕਾਨੂੰਨੀ ਹਨ, ਕਰਨ ਦਾ ਪ੍ਰਸਪਰਕ ਬਚਨ।

58. ਬਦਲਵੇਂ ਬਚਨ ਜਿਸ ਦੀ ਇੱਕ ਸ਼ਾਖਾ ਗ਼ੈਰ-ਕਾਨੂੰਨੀ ਹੈ ।

ਅਦਾਇਗੀਆਂ ਦਾ ਨਿਮਿੱਤਣ

59. ਜਿੱਥੇ ਨਿਸਤਾਰਾ ਕੀਤੇ ਜਾਣ ਵਾਲਾ ਰਿਣ ਦੱਸਿਆ ਗਿਆ ਹੈ, ਉਥੇ ਅਦਾਇਗੀ ਦਾ ਲਾਉਣਾ।

60. ਜਿੱਥੇ ਨਿਸਤਾਰਾ ਕੀਤੇ ਜਾਣ ਵਾਲਾ ਰਿਣ ਦੱਸਿਆ ਨ ਹੋਵੇ, ਉਥੇ ਅਦਾਇਗੀ ਦਾ ਲਾਉਣਾ।

61. ਜਿੱਥੇ ਕੋਈ ਵੀ ਧਿਰ ਨਿਮਿੱਤਣ ਨਹੀਂ ਕਰਦੀ, ਉਥੇ ਅਦਾਇਗੀ ਦਾ ਲਾਉਣਾ ।

ਉਹ ਮੁਆਇਦੇ ਜਿਨ੍ਹਾਂ ਦੇ ਪਾਲਣ ਦੀ ਲੋੜ ਨਹੀਂ ਹੈ

62. ਮੁਆਇਦੇ ਦੇ ਨਵਕਰਣ, ਵਿਖੰਡਨ ਅਤੇ ਬਦਲਣ ਦਾ ਪ੍ਰਭਾਵ ।

63. ਬਚਨਦਾਰ ਬਚਨ ਦੇ ਪਾਲਣ ਤੋਂ ਛੋਟ ਜਾਂ ਮਾਫ਼ੀ ਦੇ ਸਕੇਗਾ ।

64. ਸੁੰਨਕਰਣਯੋਗ ਮੁਆਇਦੇ ਦੇ ਵਿਖੰਡਨ ਦੇ ਪਰਿਣਾਮ ।

65. ਉਸ ਵਿਅਕਤੀ ਦੀ ਬਾਧ ਜਿਸ ਨੇ ਸੁੰਨ ਕਰਾਰ ਜਾਂ ਉਸ ਮੁਆਇਦੇ ਦੇ ਅਧੀਨ ਜਿਹੜਾ ਸੁੰਨ ਹੋ ਗਿਆ ਹੈ, ਫ਼ਾਇਦਾ ਪ੍ਰਾਪਤ ਕੀਤਾ ਹੋਵੇ ।

66. ਸੁੰਨਕਰਣਯੋਗ ਮੁਆਇਦੇ ਦੇ ਵਿਖੰਡਨ ਦੀ ਸੂਚਨਾ ਜਾਂ ਪਰਤਾਉਣ ਦੀ ਵਿਧੀ ।

67. ਬਚਨਕਾਰ ਨੂੰ ਪਾਲਣ ਲਈ ਵਾਜਬੀ ਸਹੂਲਤਾਂ ਦੇਣ ਵਿੱਚ ਬਚਨਦਾਰ ਦੀ ਅਣਗਹਿਲੀ

ਦਾ ਪ੍ਰਭਾਵ ।

ਅਧਿਆਏ V

## ਮੁਆਇਦੇ ਦੁਆਰਾ ਸਿਰਜੇ ਹੋਏ ਸੰਬੰਧਾਂ ਨਾਲ ਮਿਲਦੇ ਜੁਲਦੇ ਕੁਝ ਕੁ ਸੰਬੰਧਾਂ ਬਾਰੇ

68. ਮੁਆਇਦਾ ਕਰਨ ਲਈ ਅਸਮਰੱਥ ਵਿਅਕਤੀ ਨੂੰ ਜਾਂ ਉਸਦੇ ਲੇਖੇ ਸਪਲਾਈ ਕੀਤੀਆਂ ਗਈਆਂ ਜ਼ਰੂਰੀ ਵਸਤਾਂ ਲਈ ਦਾਅਵਾ ।

69. ਉਸ ਵਿਅਕਤੀ ਨੂੰ ਪ੍ਰਤਿ-ਪੂਰਤੀ ਜਿਹੜਾ ਕਿਸੇ ਹੋਰ ਦੁਆਰਾ ਅਜਿਹਾ ਦੇਣਯੋਗ ਧਨ ਅਦਾ ਕਰਦਾ ਹੈ, ਜਿਸਦੀ ਅਦਾਇਗੀ ਵਿੱਚ ਉਹ ਹਿੱਤ-ਬੱਧ ਹੈ ।

70. ਇਵਜ਼ ਸਹਿਤ ਕੀਤੇ ਗਏ ਕਾਰਜ ਦਾ ਫ਼ਾਇਦਾ ਉਠਾਉਣ ਵਾਲੇ ਵਿਅਕਤੀ ਦੀ ਬਾਂਧ।

71. ਜਿਸ ਨੂੰ ਮਾਲ ਲੱਭੇ ਉਸ ਦੀ ਜ਼ਿੰਮੇਵਾਰੀ ।

72. ਉਸ ਵਿਅਕਤੀ ਦੀ ਬਾਂਧ ਜਿਸ ਨੂੰ ਭੁੱਲ ਨਾਲ ਜਾਂ ਜਬਰ ਅਧੀਨ ਧਨ ਦਿੱਤਾ ਜਾਂਦਾ ਹੈ, ਜਾਂ ਚੀਜ਼ ਹਵਾਲੇ ਕੀਤੀ ਜਾਂਦੀ ਹੈ ।

## ਅਧਿਆਏ VI

## ਮੁਆਇਦਾ ਭੰਗ ਦੇ ਪਰਿਣਾਮਾਂ ਬਾਰੇ

73. ਮੁਆਇਦੇ ਦੇ ਭੰਗ ਨਾਲ ਕਾਰਤ ਹੋਏ ਹਾਨ ਜਾਂ ਨੁਕਸਾਨ ਲਈ ਮੁਆਵਜ਼ਾ ।

ਮੁਆਇਦੇ ਦੁਆਰਾ ਸਿਰਜੀਆਂ ਬਾਂਧਾਂ ਦੇ ਨਾਲ ਮਿਲਦੀ ਜੁਲਦੀ ਬਾਂਧ ਦੇ ਨਿਭਾਉਣ ਵਿਚ ਅਸਫਲ ਰਹਿਣ ਤੇ ਮੁਆਵਜ਼ਾ ।

74. ਜਿੱਥੇ ਡੰਨ ਦਾ ਅਨੁਬੰਧ ਹੈ ਉਥੇ ਮੁਆਇਦੇ ਦੇ ਭੰਗ ਲਈ ਮੁਆਵਜ਼ਾ ।

75. ਮੁਆਇਦੇ ਨੂੰ ਅਧਿਕਾਰ-ਪੂਰਬਕ ਵਿਖੰਡਤ ਕਰਨ ਵਾਲੀ ਧਿਰ ਮੁਆਵਜ਼ੇ ਦੀ ਹੱਕਦਾਰ ਹੈ।

## ਅਧਿਆਏ VII

## ਮਾਲ ਦੀ ਵਿਕਰੀ

76. 76 -123. [ਨਿਰਸਤ ।]

## ਅਧਿਆਏ VIII

## ਹਾਨ-ਪੂਰਤੀ ਅਤੇ ਗਰੰਟੀ ਬਾਰੇ

124. ''ਹਾਨ-ਪੂਰਤੀ ਦੇ ਮੁਆਇਦੇ'' ਦੀ ਪਰਿਭਾਸ਼ਾ ।

125. ਹਾਨ-ਪੂਰਤੀ ਧਾਰਕ ਦੇ ਅਧਿਕਾਰ ਜਦ ਉਸ ਤੇ ਦਾਵਾ ਕੀਤਾ ਜਾਵੇ ।

126. ''ਗਰੰਟੀ ਦਾ ਮੁਆਇਦਾ'', ''ਜ਼ਾਮਨ'', ''ਮੂਲ ਰਿਣੀ'' ਅਤੇ ''ਲੈਣਦਾਰ'' ।

127. ਗਰੰਟੀ ਲਈ ਬਦਲ ।

128. ਜ਼ਾਮਨ ਦੀ ਉੱਤਰਦਾਇਤਾ ।

129. ''ਚਲੰਤ ਗਰੰਟੀ''

130. ਚਲੰਤ ਗਰੰਟੀ ਦਾ ਪਰਤਾਉਣਾ ।

131. ਜ਼ਾਮਨ ਦੀ ਮੌਤ ਦੁਆਰਾ ਚਲੰਤ ਗਰੰਟੀ ਦਾ ਪਰਤਾਉਣ ।

132. ਮੁੱਖ ਰੂਪ ਵਿੱਚ ਉੱਤਰਦਾਈ ਦੋ ਵਿਅਕਤੀਆਂ ਦੀ ਉੱਤਰਦਾਇਤਾ ਤੇ, ਉਨ੍ਹਾਂ ਵਿਚਕਾਰ ਇਸ ਫ਼ੈਸਲੇ ਦੁਆਰਾ ਪ੍ਰਭਾਵ ਨਹੀਂ ਪੈਂਦਾ, ਕਿ ਉਨ੍ਹਾਂ ਵਿੱਚੋਂ ਇੱਕ ਦੀ ਕੋਤਾਹੀ ਤੇ ਦੂਜਾ ਜ਼ਾਮਨ ਹੋਵੇਗਾ ।

133. ਮੁਆਇਦੇ ਦੇ ਨਿਬੰਧਨਾਂ ਵਿੱਚ ਅਦਲ-ਬਦਲ ਦੁਆਰਾ ਜ਼ਾਮਨ ਦਾ ਮੁਕਤ ਹੋਣਾ ।

134. ਮੂਲ-ਰਿਣੀ ਦੇ ਛੁਟਕਾਰੇ ਜਾਂ ਮੁਕਤ ਕਰ ਦਿੱਤੇ ਜਾਣ ਦੁਆਰਾ ਜ਼ਾਮਨ ਦਾ ਮੁਕਤ ਹੋਣਾ।

135. ਜ਼ਾਮਨ ਦਾ ਮੁਕਤ ਹੋਣਾ ਜਦ ਲੈਣਦਾਰ ਮੂਲ-ਰਿਣੀ ਨਾਲ ਤਸਫ਼ੀਆ ਕਰ ਲੈਂਦਾ ਹੈ, ਉਸਨੂੰ ਸਮਾਂ ਦਿੰਦਾ ਹੈ ਜਾਂ ਉਸ ਤੇ ਦਾਵਾ ਨ ਕਰਨ ਦਾ ਕਰਾਰ ਕਰਦਾ ਹੈ ।

136. ਜਦ ਮੂਲ ਰਿਣੀ ਨੂੰ ਸਮਾਂ ਦੇਣ ਦਾ ਕਰਾਰ ਅਨਯ ਵਿਅਕਤੀ ਨਾਲ ਕੀਤਾ ਜਾਂਦਾ ਹੈ ਤਦ ਜ਼ਾਮਨ ਮੁਕਤ ਨਹੀਂ ਹੁੰਦਾ ।

137. ਲੈਣਦਾਰ ਦਾ ਦਾਵਾ ਨ ਕਰਨਾ ਜ਼ਾਮਨ ਨੂੰ ਮੁਕਤ ਨਹੀਂ ਕਰਦਾ ।

138. ਇੱਕ ਸਹਿ-ਜ਼ਾਮਨ ਦਾ ਛੁਟਕਾਰਾ ਹੋਰਨਾਂ ਨੂੰ ਮੁਕਤ ਨਹੀਂ ਕਰਦਾ ।

139. ਲੈਣਦਾਰ ਦੇ ਕਾਰਜ ਜਾਂ ਉਕਾਈ ਦੁਆਰਾ ਜ਼ਾਮਨ ਦੇ ਪਰਿਣਾਮਕ ਦਾਵੇ ਨੂੰ ਜ਼ੁਹਫ਼ ਪਹੁੰਚਾਉਣ ਨਾਲ ਜ਼ਾਮਨ ਦਾ ਮੁਕਤ ਹੋਣਾ ।

140. ਅਦਾਇਗੀ ਜਾਂ ਪਾਲਣ ਕਰਨ ਤੇ ਜ਼ਾਮਨ ਦੇ ਅਧਿਕਾਰ ।

141. ਲੈਣਦਾਰ ਦੀਆਂ ਸੀਕਿਉਰਿਟਿਆਂ ਦਾ ਫ਼ਾਇਦਾ ਉਠਾਉਣ ਦਾ ਜ਼ਾਮਨ ਦਾ ਅਧਿਕਾਰ।

142. ਗ਼ਲਤ ਦਰਸਾਵੇ ਦੁਆਰਾ ਹਾਸਲ ਕੀਤੀ ਗਰੰਟੀ ਦਾ ਨਾਜਾਇਜ਼ ਹੋਣਾ ।

143. ਲੁਕੋ ਦੁਆਰਾ ਹਾਸਲ ਕੀਤੀ ਗਰੰਟੀ ਦਾ ਨਾਜਾਇਜ਼ ਹੋਣਾ ।

144. ਇਸ ਮੁਆਇਦੇ ਤੇ ਗਰੰਟੀ ਦੇਣਾ ਕਿ ਲੈਣਦਾਰ ਉਸ ਤੇ ਤਦ ਤੱਕ ਕਾਰਜ ਨਹੀਂ ਕਰੇਗਾ ਜਦ ਤੱਕ ਸਹਿ-ਜ਼ਾਮਨ ਸ਼ਾਮਲ ਨਹੀਂ ਹੋ ਜਾਂਦਾ ।

145. ਜ਼ਾਮਨ ਦੀ ਹਾਨ-ਪੂਰਤੀ ਕਰਨ ਦਾ ਅਰਥਾਵਾਂ ਬਚਨ ।

146. ਸਹਿ-ਜ਼ਾਮਨ ਬਰਾਬਰ ਬਰਾਬਰ ਅੰਸ਼ਦਾਨ ਕਰਨ ਦੇ ਉੱਤਰਦਾਈ ਹੁੰਦੇ ਹਨ ।

147. ਵੱਖ ਵੱਖ ਰਕਮਾਂ ਲਈ ਪਾਬੰਦ ਸਹਿ-ਜ਼ਾਮਨਾਂ ਦੀ ਉੱਤਰਦਾਇਤਾ ।

## ਅਧਿਆਏ IX

### ਅਮਾਨਤ ਬਾਰੇ

148. ''ਅਮਾਨਤ''. ''ਅਮਾਨਤਕਾਰ'' ਅਤੇ ''ਅਮਨਾਤਦਾਰ'' ਦੀ ਪਰਿਭਾਸ਼ਾ ।

149. ਅਮਾਨਤਦਾਰ ਨੂੰ ਹਵਾਲਗੀ ਕਿਸ ਤਰ੍ਹਾਂ ਕੀਤੀ ਜਾਵੇ ।

150. ਅਮਾਨਤੀ ਮਾਲ ਦੇ ਨੁਕਸ ਪ੍ਰਗਟ ਕਰਨ ਦਾ ਅਮਾਨਤਕਾਰ ਦਾ ਕਰਤਵ ।

151. ਅਮਾਨਤਦਾਰ ਦੁਆਰਾ ਕੀਤੀ ਜਾਣ ਵਾਲੀ ਦੇਖ-ਰੇਖ ।

152. ਅਮਾਨਤੀ ਚੀਜ਼ ਦੇ ਹਾਨ ਆਦਿ ਲਈ ਅਮਾਨਦਾਰ ਕਦ ਉੱਤਰਦਾਈ ਨਹੀਂ ਹੈ ।

153. ਅਮਾਨਤਦਾਰ ਦੇ ਅਜਿਹੇ ਕਾਰਜ ਦੁਆਰਾ ਜੋ ਸ਼ਰਤਾਂ ਨਾਲ ਅਸੰਗਤ ਹੈ ਅਮਾਨਤ ਦੀ ਸਮਾਪਤੀ ।

154. ਅਮਾਨਤੀ ਮਾਲ ਦੀ ਅਣ-ਅਧਿਕਾਰਤ ਵਰਤੋਂ ਕਰਨ ਵਾਲੇ ਅਮਾਨਤਦਾਰ ਦੀ ਉੱਤਰਦਾਇਤਾ ।
155. ਅਮਾਨਤਕਾਰ ਦੀ ਸੰਮਤੀ ਨਾਲ ਉਸਦਾ ਮਾਲ ਅਮਾਨਤਦਾਰ ਦੇ ਮਾਲ ਵਿੱਚ ਮਿਲਾਉਣ ਦਾ ਪ੍ਰਭਾਵ ।
156. ਜਦ ਮਾਲ ਵੱਖ ਕੀਤਾ ਜਾ ਸਕਦਾ ਹੋਵੇ ਤਦ ਅਮਾਨਤਦਾਰ ਦੀ ਸੰਮਤੀ ਤੋਂ ਬਿਨਾਂ ਮਿਲਾ ਦੇਣ ਦਾ ਪ੍ਰਭਾਵ ।
157. ਜਦ ਮਾਲ ਵੱਖ ਨ ਕੀਤਾ ਜਾ ਸਕਦਾ ਹੋਵੇ ਤਦ ਅਮਾਨਤਕਾਰ ਦੀ ਸੰਮਤੀ ਤੋਂ ਬਿਨਾਂ ਮਿਲਾ ਦੇਣ ਦਾ ਪ੍ਰਭਾਵ ।
158. ਅਮਾਨਤਕਾਰ ਦੁਆਰਾ ਜ਼ਰੂਰੀ ਖ਼ਰਚਾਂ ਦੀ ਮੁੜ-ਅਦਾਇਗੀ ।
159. ਬਿਨਾਂ-ਇਵਜ਼ ਉਧਾਰ ਦਿੱਤੇ ਗਏ ਮਾਲ ਦਾ ਮੋੜ ਲੈਣਾ ।
160. ਸਮਾਂ ਗੁਜ਼ਰਨ ਜਾਂ ਪ੍ਰਯੋਜਨ ਦੇ ਪੂਰਾ ਹੋਣ ਤੇ ਅਮਾਨਤੀ ਮਾਲ ਦੀ ਵਾਪਸੀ ।
161. ਜਦ ਮਾਲ ਠੀਕ ਤਰ੍ਹਾਂ ਵਾਪਸ ਨਹੀਂ ਕੀਤਾ ਜਾਂਦਾ ਤਦ ਅਮਾਨਤਕਾਰ ਦੀ ਜ਼ਿੰਮੇਵਾਰੀ।
162. ਬਿਨਾਂ-ਇਵਜ਼ ਅਮਾਨਤ ਦੀ ਮੌਤ ਦੁਆਰਾ ਸਮਾਪਤੀ ।
163. ਅਮਾਨਤਕਾਰ ਅਮਾਨਤੀ ਮਾਲ ਤੋਂ ਹੋਏ ਵਾਧੇ ਜਾਂ ਲਾਭ ਦਾ ਹੱਕਦਾਰ ਹੈ ।
164. ਅਮਾਨਤਦਾਰ ਪ੍ਰਤਿ ਅਮਨਾਤਕਾਰ ਦੀ ਜ਼ਿੰਮੇਵਾਰੀ ।
165. ਕਈ ਸੰਯੁਕਤ ਮਾਲਕਾਂ ਦੁਆਰਾ ਅਮਾਨਤ ।
166. ਬਿਨਾਂ ਹੱਕ ਵਾਲੇ ਅਮਾਨਤਕਾਰ ਨੂੰ ਵਾਪਸ ਹਵਾਲੇ ਕਰਨ ਤੇ ਅਮਾਨਤਦਾਰ ਜ਼ਿੰਮੇਵਾਰ ਨਹੀਂ ਹੋਵੇਗਾ ।
167. ਅਮਾਨਤੀ ਮਾਲ ਦਾ ਦਾਅਵਾ ਕਰਨ ਵਾਲੇ ਅਨਯ ਵਿਅਕਤੀ ਦਾ ਅਧਿਕਾਰ ।
168. ਉਸ ਵਿਅਕਤੀ ਦਾ ਅਧਿਕਾਰ ਜਿਸ ਨੂੰ ਮਾਲ ਲੱਭੇ ,
ਉਸ ਪੇਸ਼ਕਸ਼ ਕੀਤੇ ਵਿਸ਼ੇਸ਼ ਸਿਲੇ ਲਈ ਦਾਵਾ ਕਰ ਸਕੇਗਾ ।
169. ਆਮ ਵਿਕਰੀ ਦੀ ਚੀਜ਼ ਨੂੰ ਲੱਭਣ ਵਾਲਾ ਉਸ ਨੂੰ ਕਦ ਵੇਚ ਸਕੇਗਾ ।
170. ਅਮਾਨਤਕਾਰ ਦਾ ਖ਼ਾਸ-ਅਧਿਕਾਰ ।
171. ਬੈਂਕਰਾਂ, ਫੈਕਟਰਾਂ, ਘਾਟਵਾਲਾਂ, ਅਟਾਰਨੀਆਂ ਅਤੇ ਬੀਮਾ ਦਲਾਲਾਂ ਦਾ ਆਮ ਧਾਰਨ-ਅਧਿਕਾਰ ।

## ਗਿਰਵੀ-ਰੂਪੀ ਅਮਾਨਤਾਂ

172. "ਗਿਰਵੀ", "ਗਿਰਵੀਕਾਰ" ਅਤੇ "ਗਿਰਵੀਦਾਰ" ਦੀ ਪਰਿਭਾਸ਼ਾ ।
173. ਗਿਰਵੀਦਾਰ ਦਾ ਰੱਖੀ ਰੱਖਣ ਦਾ ਅਧਿਕਾਰ ।
174. ਜਿਸ ਰਿਣ ਜਾਂ ਬਚਨ ਲਈ ਮਾਲ ਗਿਰਵੀ ਰੱਖਿਆ ਗਿਆ ਹੈ, ਉਸ ਤੋਂ ਬਿਨਾਂ ਕਿਸੇ ਹੋਰ ਰਿਣ ਜਾਂ ਬਚਨ ਲਈ ਗਿਰਵੀਦਾਰ ਨਹੀਂ ਰੱਖੀ ਰਖੇਗਾ ।
ਬਾਦ ਦੀਆਂ ਪੇਸ਼ਗੀਆਂ ਦੀ ਸੂਰਤ ਵਿੱਚ ਕਿਆਸ ।
175. ਉਠਾਏ ਗਏ ਅਸਾਧਾਰਨ ਖ਼ਰਚਿਆਂ ਬਾਰੇ ਗਿਰਵੀਦਾਰ ਦਾ ਅਧਿਕਾਰ ।
176. ਜਿੱਥੇ ਗਿਰਵੀਦਾਰ ਕੋਤਾਹੀ ਕਰਦਾ ਹੈ ਉਥੇ ਗਿਰਵੀਦਾਰ ਦਾ ਅਧਿਕਾਰ ।
177. ਕੋਤਾਹੀ ਕਰਨ ਵਾਲੇ ਗਿਰਵੀਦਾਰ ਦਾ ਛੁਡਾਉਣ ਅਧਿਕਾਰ ।

178. ਵਪਾਰਕ ਏਜੰਟ ਦੁਆਰਾ ਗਿਰਵੀ ।

178ੳ. ਸੁੰਨਕਰਨਯੋਗ ਮੁਆਇਦੇ ਅਧੀਨ ਕਬਜ਼ਾ ਰੱਖਣ ਵਾਲੇ ਵਿਅਕਤੀ ਦੁਆਰਾ ਗਿਰਵੀ।

179. ਜਿੱਥੇ ਗਿਰਵੀਕਾਰ ਕੇਵਲ ਸੀਮਤ ਹਿੱਤ ਰੱਖਦਾ ਹੈ ਉਥੇ ਗਿਰਵੀ ।

**ਅਮਾਨਤਦਾਰਾਂ ਜਾਂ ਅਮਾਨਤਕਾਰਾਂ ਦੁਆਰਾ ਦੋਸ਼-ਕਰਤਿਆਂ ਵਿਰੁੱਧ ਦਾਵੇ**

180. ਅਮਾਨਤਕਾਰ ਜਾਂ ਅਮਾਨਤਦਾਰ ਦੁਆਰਾ ਦੋਸ਼-ਕਰਤਾ ਵਿਰੁੱਧ ਦਾਵਾ ।

181. ਅਜਿਹੇ ਦਾਵਿਆਂ ਦੁਆਰਾ ਹਾਸਲ ਹੋਈ ਦਾਦਰਸੀ ਜਾਂ ਮੁਆਵਜ਼ੇ ਦੀ ਹਿੱਸੇ-ਵੰਡ ।

**ਅਧਿਆਏ X**

ਏਜੰਸੀ

ਏਜੰਟਾਂ ਦੀ ਨਿਯੁਕਤੀ ਅਤੇ ਸੱਤਾ

182. ''ਏਜੰਟ'' ਅਤੇ ''ਮਾਲਕ'' ਦੀ ਪਰਿਭਾਸ਼ਾ ।

183. ਏਜੰਟ ਕੌਣ ਨਿਯੋਜਤ ਕਰ ਸਕੇਗਾ ।

184. ਏਜੰਟ ਕੌਣ ਹੋ ਸਕੇਗਾ ।

185. ਬਦਲ ਜ਼ਰੂਰੀ ਨਹੀਂ ।

186. ਏਜੰਟਾਂ ਦੀ ਸੱਤਾ ਸਪੱਸ਼ਟ ਜਾਂ ਅਰਥਾਵੀਂ ਹੋ ਸਕੇਗੀ ।

187. ਸਪੱਸ਼ਟ ਅਤੇ ਅਰਥਾਵੀਂ ਸੱਤਾ ਦੀਆਂ ਪਰਿਭਾਸ਼ਾਵਾਂ ।

188. ਏਜੰਟ ਦੀ ਸੱਤਾ ਦਾ ਵਿਸਤਾਰ ।

189. ਸੰਕਟ ਸਮੇਂ ਏਜੰਟ ਦੀ ਸੱਤਾ ।

**ਉਪ-ਏਜੰਟ**

190. ਏਜੰਟ ਕਦ ਸੌਂਪਣ ਨਹੀਂ ਕਰ ਸਕਦਾ ।

191. ''ਉਪ-ਏਜੰਟ'' ਦੀ ਪਰਿਭਾਸ਼ਾ ।

192. ਉਚਿਤ ਤੌਰ ਤੇ ਨਿਯੁਕਤ ਉਪ-ਏਜੰਟ ਦੁਆਰਾ ਮਾਲਕ ਦੀ ਪ੍ਰਤੀਨਿਧਤਾ ।
ਉਪ-ਏਜੰਟ ਲਈ ਏਜੰਟ ਦੀ ਜ਼ਿੰਮੇਵਾਰੀ ।
ਉਪ-ਏਜੰਟ ਦੀ ਜ਼ਿੰਮੇਵਾਰੀ ।

193. ਸੱਤਾ ਤੋਂ ਬਿਨਾਂ ਨਿਯੁਕਤ ਕੀਤੇ ਉਪ-ਏਜੰਟ ਲਈ ਏਜੰਟ ਦੀ ਜ਼ਿੰਮੇਵਾਰੀ ।

194. ਏਜੰਟ ਦੁਆਰਾ ਏਜੰਸੀ ਦੇ ਕਾਰੋਬਾਰ ਵਿੱਚ ਕਾਰਜ ਕਰਨ ਲਈ ਠੀਕ ਤੌਰ ਤੇ ਨਿਯੁਕਤ ਵਿਅਕਤੀ ਅਤੇ ਮਾਲਕ ਦੇ ਵਿਚਾਕਰ ਦੇ ਸੰਬੰਧ ।

195. ਅਜਿਹੇ ਵਿਅਕਤੀ ਨੂੰ ਨਾਮਤ ਕਰਨ ਵਿੱਚ ਏਜੰਟ ਦਾ ਕਰਤੱਵ ।

**ਪੁਸ਼ਟੀ**

196. ਕਿਸੇ ਵਿਅਕਤੀ ਵਾਸਤੇ ਉਸਦੀ ਸੱਤਾ ਤੋਂ ਬਿਨਾਂ ਕੀਤੇ ਗਏ ਕਾਰਜਾਂ ਦੇ ਬਾਰੇ ਉਸ ਦਾ ਅਧਿਕਾਰ ।

ਪੁਸ਼ਟੀ ਦਾ ਪ੍ਰਭਾਵ ।
197. ਪੁਸ਼ਟੀ ਸਪੱਸ਼ਟ ਜਾਂ ਅਰਥਾਵੀਂ ਹੋ ਸਕੇਗੀ।
198. ਜਾਇਜ਼ ਪੁਸ਼ਟੀ ਲਈ ਗਿਆਨ ਲੋੜੀਂਦਾ ਹੈ।
199. ਕਿਸ ਵਿਹਾਰ ਦਾ ਭਾਗ ਹੋਣ ਵਾਲੇ ਅਣ-ਅਖ਼ਤਿਆਰ ਕਾਰਜ ਦੀ ਪੁਸ਼ਟੀ ਕਰਨ ਦਾ ਪ੍ਰਭਾਵ।
200. ਅਣ- ਅਖ਼ਤਿਆਰਤ ਕਾਰਜ ਦੀ ਪੁਸ਼ਟੀ ਅਨਯ ਵਿਅਕਤੀ ਨੂੰ ਹਾਨੀ ਨਹੀਂ ਪਹੁੰਚਾ ਸਕਦੀ।

**ਸੱਤਾ ਦਾ ਪਰਤਾਉਣਾ**

201. ਏਜੰਸੀ ਦਾ ਸਮਾਪਤੀ।
202. ਜਿੱਥੇ ਏਜੰਟ ਵਿਸ਼ੇ-ਵਸਤੂ ਵਿਚ ਕੋਈ ਹਿਤ ਰਖਦਾ ਹੋਵੇ ਉਥੇ ਏਜੰਟੀ ਦੀ ਸਮਾਪਤੀ।
203. ਮਾਲਕ ਏਜੰਟ ਦੀ ਸੱਤਾ ਕਦੋਂ ਪਰਤਾ ਸਕੇਗਾ।
204. ਜਿੱਥੇ ਸੱਤਾ ਦੀ ਭਾਗ ਰੂਪ ਵਿੱਚ ਵਰਤੋਂ ਕਰ ਲਈ ਗਈ ਹੈ, ਉਥੇ ਪਰਤਾਉਣ।
205. ਮਾਲਕ ਦੁਆਰਾ ਪਰਤਾਉਣ ਜਾਂ ਏਜੰਟ ਦੁਆਰਾ ਤਿਆਗ ਲਈ ਮੁਆਵਜ਼ਾ।
206. ਪਰਤਾਉਣ ਜਾਂ ਤਿਆਗ ਦੀ ਸੂਚਨਾ।
207. ਪਰਤਾਉਣ ਅਤੇ ਤਿਆਗ ਸਪੱਸ਼ਟ ਜਾਂ ਅਰਥਾਵੇਂ ਹੋ ਸਕਣਗੇ।
208. ਏਜੰਟ ਦੀ ਸੱਤਾ ਦੀ ਸਮਾਪਤੀ ਏਜੰਟ ਦੇ ਸੰਬੰਧ ਵਿੱਚ ਕਦ ਅਤੇ ਅਨਯ ਵਿਅਕਤੀਆਂ ਦੇ ਸੰਬੰਧ ਵਿੱਚ ਕਦ ਪ੍ਰਭਾਵੀ ਹੁੰਦੀ ਹੈ।
209. ਮਾਲਕ ਦੀ ਮੌਤ ਜਾਂ ਸ਼ੁਦਾ ਦੁਆਰਾ ਏਜੰਸੀ ਦੀ ਸਮਾਪਤੀ ਤੇ ਏਜੰਟ ਦਾ ਕਰਤੱਵ।
210. ਉਪ-ਏਜੰਟ ਦੀ ਸੱਤਾ ਦੀ ਸਮਾਪਤੀ।

**ਮਾਲਕ ਪ੍ਰਤੀ ਏਜੰਟ ਦਾ ਕਰਤੱਵ**

211. ਮਾਲਕ ਦੇ ਕਾਰੋਬਾਰ ਦੇ ਸੰਚਾਲਨ ਵਿੱਚ ਏਜੰਟ ਦਾ ਕਰਤੱਵ।
212. ਏਜੰਟ ਤੋਂ ਲੋੜੀਂਦੀ ਹੁਨਰਮੰਦੀ ਅਤੇ ਤਨਦਿਹੀ।
213. ਏਜੰਟ ਦਾ ਲੇਖਾ।
214. ਮਾਲਕ ਨਾਲ ਸੰਪਰਕ ਰਖਣ ਦਾ ਏਜੰਟ ਦਾ ਕਰਤੱਵ।
215. ਮਾਲਕ ਦਾ ਅਧਿਕਾਰ ਜਦ ਏਜੰਟ ਏਜੰਸੀ ਦੇ ਕਾਰੋਬਾਰ ਵਿੱਚ ਮਾਲਕ ਦੀ ਸੰਮਤੀ ਤੋਂ ਬਿਨਾਂ ਆਪਣੇ ਹੀ ਲੇਖੇ ਵਿਹਾਰ ਕਰਦਾ ਹੈ।
216. ਏਜੰਸੀ ਦੇ ਕਾਰੋਬਾਰ ਵਿੱਚ ਆਪਣੇ ਲੇਖੇ ਵਿਹਾਰ ਕਰਨ ਤੇ ਏਜੰਟ ਦੁਆਰਾ ਹਾਸਲ ਕੀਤੇ ਫ਼ਾਇਦੇ ਤੇ ਮਾਲਕ ਦਾ ਅਧਿਕਾਰ।
217. ਮਾਲਕ ਦੇ ਲੇਖੇ ਪ੍ਰਾਪਤ ਰਕਮਾਂ ਵਿੱਚੋਂ ਏਜੰਟ ਦਾ ਰਖਾਈ-ਅਧਿਕਾਰ।
218. ਮਾਲਕ ਦੇ ਲਈ ਪ੍ਰਾਪਤ ਰਕਮਾਂ ਅਦਾ ਕਰਨ ਦਾ ਏਜੰਟ ਦਾ ਕਰਤੱਵ।
219. ਏਜੰਟ ਦਾ ਮਿਹਨਤਾਨਾ ਕਦ ਦੇਣਯੋਗ ਹੁੰਦਾ ਹੈ।
220. ਦੁਰਸੰਚਾਲਤ ਕਾਰੋਬਾਰ ਲਈ ਏਜੰਟ ਮਿਹਨਤਾਨੇ ਦਾ ਹੱਕਦਾਰ ਨਹੀਂ ਹੈ।
221. ਮਾਲਕ ਦੀ ਸੰਮਤੀ ਤੇ ਏਜੰਟ ਦਾ ਧਾਰਨ-ਅਧਿਕਾਰ।

### ਏਜੰਟ ਪ੍ਰਤੀ ਮਾਲਕ ਦਾ ਕਰਤੱਵ

222. ਕਾਨੂੰਨ-ਪੂਰਨ ਕਾਰਜਾਂ ਦੇ ਪਰਿਣਾਮਾਂ ਲਈ ਏਜੰਟ ਦੀ ਹਾਨ-ਪੂਰਤੀ ਕੀਤੀ ਜਾਵੇਗੀ।

223. ਨੇਕ-ਨੀਤੀ ਨਾਲ ਕੀਤੇ ਗਏ ਕਾਰਜਾਂ ਦੇ ਪਰਿਣਾਮਾਂ ਲਈ ਏਜੰਟ ਦੀ ਹਾਨ-ਪੂਰਤੀ ਕੀਤੀ ਜਾਵੇਗੀ ।

224. ਅਪਰਾਧਕ ਕਾਰਜ ਕਰਨ ਲਈ ਏਜੰਟ ਦੇ ਨਿਯੋਜਨ ਦਾ ਉੱਤਰਦਾਈ ਨ ਹੋਣਾ ।

225. ਮਾਲਕ ਦੀ ਅਣਗਹਿਲੀ ਦੁਆਰਾ ਕਾਰਤ ਸੱਟ ਲਈ ਏਜੰਟ ਨੂੰ ਮੁਆਵਜ਼ਾ ।

### ਅਨਯ ਵਿਅਕਤੀਆਂ ਨਾਲ ਮੁਆਇਦਿਆਂ ਤੇ ਏਜੰਸੀ ਦਾ ਪ੍ਰਭਾਵ

226. ਏਜੰਟ ਦੇ ਮੁਆਇਦਿਆਂ ਦਾ ਨਾਫ਼ਜ਼ ਕੀਤਾ ਜਾਣਾ ਅਤੇ ਪਰਿਣਾਮ ।

227. ਜਦ ਏਜੰਟ ਸੱਤਾ ਤੋਂ ਅੱਗੇ ਵਧ ਜਾਂਦਾ ਹੈ, ਮਾਲਕ ਕਿੱਥੋਂ ਤੱਕ ਪਾਬੰਦ ਹੈ ।

228. ਜਿੱਥੇ ਏਜੰਟ ਦੁਆਰਾ ਸੱਤਾ ਤੋਂ ਵਾਧਾ ਵੱਖਰਾ ਨਹੀਂ ਕੀਤਾ ਜਾ ਸਕਦਾ ਉਥੇ ਮਾਲਕ ਪਾਬੰਦ ਨਹੀਂ ਹੈ ।

229. ਏਜੰਟ ਨੂੰ ਦਿੱਤੇ ਗਏ ਨੋਟਿਸ ਦੇ ਪਰਿਣਾਮ ।

230. ਮਾਲਕ ਦੇ ਨਮਿਤ ਕੀਤੇ ਗਏ ਮੁਆਇਦੇ ਏਜੰਟ ਜ਼ਾਤੀ ਤੌਰ ਤੇ ਨਾਫ਼ਜ਼ ਨਹੀਂ ਕਰਵਾ ਸਕਦਾ, ਨ ਹੀ ਉਨ੍ਹਾਂ ਦੁਆਰਾ ਪਾਬੰਦ ਕੀਤਾ ਜਾ ਸਕਦਾ ਹੈ ।

### ਉਲਟ ਮੁਆਇਦੇ ਦਾ ਕਿਆਸ

231. ਪ੍ਰਗਟ ਨ ਕੀਤੇ ਏਜੰਟ ਦੁਆਰਾ ਕੀਤੇ ਗਏ ਕਿਸੇ ਮੁਆਇਦੇ ਦੀਆਂ ਧਿਰਾਂ ਦੇ ਅਧਿਕਾਰ ।

232. ਏਜੰਟ ਨੂੰ ਮਾਲਕ ਸਮਝ ਕੇ ਉਸ ਨਾਲ ਕੀਤੇ ਗਏ ਮੁਆਇਦੇ ਦਾ ਪਾਲਣ ।

233. ਜ਼ਾਤੀ ਤੌਰ ਤੇ ਉੱਤਰਦਾਈ ਏਜੰਟ ਨਾਲ ਵਿਹਾਰ ਕਰਨ ਵਾਲੇ ਵਿਅਕਤੀ ਦਾ ਅਧਿਕਾਰ ।

234. ਏਜੰਟ ਜਾਂ ਮਾਲਕ ਨੂੰ ਇਸ ਵਿਸ਼ਵਾਸ ਤੇ ਕਾਰਜ ਕਰਨ ਲਈ ਪ੍ਰੇਰਨ ਦਾ ਪਰਿਣਾਮ ਕੇਵਲ ਮਾਲਕ ਜਾਂ ਕੇਵਲ ਏਜੰਟ ਨੂੰ ਹੀ ਉੱਤਰਦਾਈ ਠਹਿਰਾਇਆ ਜਾਵੇਗਾ ।

235. ਝੂਠ-ਮੂਠ ਬਣੇ ਏਜੰਟ ਦੀ ਦੇਣਦਾਰੀ ।

236. ਏਜੰਟ ਵਜੋਂ ਝੂਠੇ ਤੌਰ ਤੇ ਮੁਆਇਦਾ ਕਰਨ ਵਾਲਾ ਵਿਅਕਤੀ ਪਾਲਣ ਕਰਾਉਣ ਦਾ ਹੱਕਦਾਰ ਨਹੀਂ ਹੈ ।

237. ਇਹ ਵਿਸ਼ਵਾਸ ਪ੍ਰੇਰਤ ਕਰਨ ਵਾਲੇ ਮਾਲਕ ਦੀ ਦੇਣਦਾਰੀ ਕਿ ਏਜੰਟ ਦੇ ਅਣ-ਅਖ਼ਤਿਆਰਤ ਕਾਰਜ ਅਖ਼ਤਿਆਰਤ ਸਨ ।

238. ਏਜੰਟ ਦੁਆਰਾ ਗ਼ਲਤ ਦਰਸਾਵੇ ਜਾਂ ਕਪਟ ਦਾ ਕਰਾਰ ਤੇ ਪ੍ਰਭਾਵ ।

## ਅਧਿਆਏ XI

### ਭਾਈਵਾਲੀ ਬਾਰੇ

239-266. [ਨਿਰਸਤ ।]

ਅਨੁਸੂਚੀ [ਨਿਰਸਤ ।]

# ਭਾਰਤੀ ਮੁਆਇਦਾ ਐਕਟ, 1872

(1872 ਦਾ 9)

[25 ਅਪ੍ਰੈਲ, 1872]

[20 ਮਈ, 2022 ਤੱਕ ਸੋਧੇ ਅਨੁਸਾਰ]

ਕਿਉਂਜੋਂ ਮੁਆਇਦਿਆਂ ਨਾਲ ਸੰਬੰਧਤ ਕਾਨੂੰਨ ਦੇ ਕੁਝ ਕੁ ਭਾਗਾਂ ਨੂੰ ਪਰਿਭਾਸ਼ਤ ਕਰਨਾ ਅਤੇ ਸੋਧਣਾ ਕਾਲ-ਉਚਿਤ ਹੈ ਇਸ ਲਈ ਇਸ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣਾਇਆ ਜਾਂਦਾ ਹੈ :– ਪ੍ਰਸਤਾਵਨਾ।

## ਪ੍ਰਾਰੰਭਕ

1. ਇਸ ਐਕਟ ਨੂੰ ਭਾਰਤੀ ਮੁਆਇਦਾ ਐਕਟ, 1872 ਕਿਹਾ ਜਾ ਸਕੇਗਾ । ਸੰਖੇਪ ਨਾਂ ।

ਇਸ ਦਾ ਵਿਸਤਾਰ ਜੰਮੂ ਅਤੇ ਕਸ਼ਮੀਰ ਰਾਜ ਦੇ ਸਿਵਾਏ ਸਾਰੇ ਭਾਰਤ ਤੇ ਹੈ ; ਅਤੇ ਇਹ ਪਹਿਲੀ ਸਤੰਬਰ, 1872 ਨੂੰ ਨਾਫਜ਼ ਹੋਵੇਗਾ । ਵਿਸਤਾਰ, ਅਰੰਭ ।

ਇਸ ਵਿੱਚ ਦਰਜ ਕੋਈ ਗੱਲ, ਇਸ ਦੁਆਰਾ ਸਪੱਸ਼ਟ ਤੌਰ ਤੇ ਨਿਰਸਤ ਨ ਕੀਤੇ ਗਏ ਕਿਸੇ ਪ੍ਰਵਿਧਾਨ, ਐਕਟ ਜਾਂ ਵਿਨਿਯਮ ਦੇ ਉਪਬੰਧਾਂ ਤੇ, ਵਪਾਰ ਦੀ ਕਿਸੇ ਪ੍ਰਥਾ ਜਾਂ ਰਵਾਜ ਤੇ, ਜਾਂ ਕਿਸੇ ਮੁਆਇਦੇ ਦੀ ਕਿਸੇ ਅਨੁਸੰਗਤੀ ਤੇ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨ ਹੋਵੇ, ਪ੍ਰਭਾਵ ਨਹੀਂ ਪਾਵੇਗੀ ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਤੋਂ ਉਲਟ ਇਰਾਦਾ ਪ੍ਰਤੀਤ ਨ ਹੋਵੇ ਤਾਂ, ਹੇਠ-ਲਿਖੇ ਸ਼ਬਦਾਂ ਅਤੇ ਪਦਾਂ ਨੂੰ ਹੇਠ-ਲਿਖੇ ਭਾਵਾਂ ਵਿੱਚ ਵਰਤਿਆ ਗਿਆ ਹੈ :– ਅਰਥ-ਨਿਰਣਾ ਖੰਡ ।

(ੳ) ਜਦ ਇੱਕ ਵਿਅਕਤੀ ਕੋਈ ਗੱਲ ਕਰਨ ਦੀ ਜਾਂ ਕਰਨ ਤੋਂ ਬਾਜ਼ ਰਹਿਣ ਦੀ ਆਪਣੀ ਰਜ਼ਾਮੰਦੀ ਕਿਸੇ ਹੋਰ ਨੂੰ ਇਸ ਦ੍ਰਿਸ਼ਟੀ ਨਾਲ ਜ਼ਾਹਰ ਕਰਦਾ ਹੈ ਕਿ ਅਜਿਹੇ ਕਾਰਜ ਜਾਂ ਬਾਜ਼ ਰਹਿਣ ਦੇ ਪ੍ਰਤਿ ਉਸ ਹੋਰ ਦੀ ਅਨੁਮਤੀ ਹਾਸਲ ਕਰੇ ਤਦ ਉਸ ਤਜਵੀਜ਼ ਕਰਦਾ ਕਿਹਾ ਜਾਂਦਾ ਹੈ ;

(ਅ) ਜਦ ਉਹ ਵਿਅਕਤੀ, ਜਿਸ ਨੂੰ ਤਜਵੀਜ਼ ਕੀਤੀ ਜਾਂਦੀ ਹੈ, ਉਸਦੇ ਪ੍ਰਤਿ ਆਪਣੀ ਅਨੁਮਤੀ ਜ਼ਾਹਰ ਕਰਦਾ ਹੈ, ਉਹ ਤਜਵੀਜ਼ ਸਵੀਕਾਰ ਹੋਈ ਕਹੀ ਜਾਂਦੀ ਹੈ । ਤਜਵੀਜ਼ ਜਦ ਸਵੀਕਾਰ ਹੋ ਜਾਵੇ, ਬਚਨ ਬਣ ਜਾਂਦੀ ਹੈ ;

(ੲ) ਤਜਵੀਜ਼ ਕਰਨ ਵਾਲਾ ਵਿਅਕਤੀ ''ਬਚਨਕਾਰ'' ਕਹਾਉਂਦਾ ਹੈ, ਅਤੇ ਤਜਵੀਜ਼ ਨੂੰ ਸਵੀਕਾਰ ਕਰਨ ਵਾਲਾ ਵਿਅਕਤੀ ''ਬਚਨਦਾਰ'' ਕਹਾਉਂਦਾ ਹੈ ;

(ਸ) ਜਦ, ਬਚਨਕਾਰ ਦੇ ਚਾਹੁਣ ਤੇ, ਬਚਨਦਾਰ ਜਾਂ ਕੋਈ ਹੋਰ ਵਿਅਕਤੀ ਕੁਝ ਕਰ ਚੁੱਕਿਆ ਹੈ ਜਾਂ ਕਰਨ ਤੋਂ ਬਾਜ਼ ਰਹਿ ਚੁੱਕਿਆ ਹੈ, ਜਾਂ ਕਰਦਾ ਹੈ ਜਾਂ ਕਰਨ ਤੋਂ ਬਾਜ਼ ਰਹਿੰਦਾ ਹੈ, ਜਾਂ ਕਰਨ ਦਾ ਜਾਂ ਕਰਨ ਤੋਂ ਬਾਜ਼ ਰਹਿਣ ਦਾ ਬਚਨ ਦਿੰਦਾ ਹੈ, ਤਦ ਅਜਿਹਾ ਕਾਰਜ ਜਾਂ ਬਾਜ਼ ਰਹਿਣ ਜਾਂ ਬਚਨ, ਉਸ ਬਚਨ ਲਈ ਬਦਲ ਕਹਾਉਂਦਾ ਹੈ ;

(ਹ) ਹਰਿਕ ਬਚਨ ਅਤੇ ਅਜਿਹੇ ਬਚਨਾਂ ਦਾ ਹਰਿਕ ਸੈੱਟ, ਜਿਹੜਾ ਇੱਕ ਦੂਜੇ ਲਈ ਬਦਲ ਬਣਦਾ ਹੈ, ਇੱਕ ਕਰਾਰ ਹੈ ;

(ਕ) ਉਹ ਬਚਨ, ਜਿਹੜੇ ਇੱਕ ਦੂਜੇ ਲਈ ਬਦਲ ਜਾਂ ਬਦਲ ਦਾ ਭਾਗ ਬਣਦੇ ਹਨ, ਪ੍ਰਸਪਰਕ ਬਚਨ ਕਹਾਉਂਦੇ ਹਨ ;

(ਖ) ਉਹ ਕਰਾਰ ਸੁੰਨ ਕਹਾਉਂਦਾ ਹੈ, ਜਿਹੜਾ ਕਾਨੂੰਨ ਦੁਆਰਾ ਨਾਫ਼ਜ਼ ਕਰਨਯੋਗ ਨ ਹੋਵੇ ;

(ਗ) ਉਹ ਕਰਾਰ ਇੱਕ ਮੁਆਇਦਾ ਹੈ ਜਿਹੜਾ ਕਾਨੂੰਨ ਦੁਆਰਾ ਨਾਫ਼ਜ਼ ਕਰਨਯੋਗ ਹੋਵੇ ;

(ਘ) ਉਹ ਕਰਾਰ ਸੁੰਨਕਰਣਯੋਗ ਮੁਆਇਦਾ ਹੈ ਜਿਹੜਾ ਉਸ ਦੀਆਂ ਧਿਰਾਂ ਵਿੱਚੋਂ ਇੱਕ ਜਾਂ ਵਧੇਰੇ ਦੀ ਮਰਜ਼ੀ ਤੇ ਕਾਨੂੰਨ ਦੁਆਰਾ ਨਾਫ਼ਜ਼ ਕਰਨਯੋਗ ਹੋਵੇ, ਪਰ ਹੋਰ ਧਿਰ ਜਾਂ ਧਿਰਾਂ ਦੀ ਮਰਜ਼ੀ ਤੇ ਨ ਹੋਵੇ ;

(ਙ) ਉਹ ਮੁਆਇਦਾ, ਜਿਹੜਾ ਕਾਨੂੰਨ ਦੁਆਰਾ ਨਾਫ਼ਜ਼ ਕਰਨਯੋਗ ਨਹੀਂ ਰਹਿ ਜਾਂਦਾ, ਸੁੰਨ ਹੋ ਜਾਂਦਾ ਹੈ, ਜਦ ਉਸ ਨਾਫ਼ਜ਼ ਕਰਨਯੋਗ ਨਹੀਂ ਰਹਿੰਦਾ ।

## ਅਧਿਆਏ I

## ਤਜਵੀਜ਼ਾਂ ਦੀ ਸੰਸੂਚਨਾ, ਸਵੀਕ੍ਰਿਤੀ ਅਤੇ ਪਰਤਾਉਣ ਬਾਰੇ ।

ਤਜਵੀਜ਼ਾਂ ਦੀ ਸੰਸੂਚਨਾ, ਸਵੀਕ੍ਰਿਤੀ ਅਤੇ ਪਰਤਾਉਣ ।

3. ਤਜਵੀਜ਼ਾਂ ਦੀ ਸੰਸੂਚਨਾ, ਤਜਵੀਜ਼ਾਂ ਦੀ ਸਵੀਕ੍ਰਿਤੀ, ਅਤੇ ਤਜਵੀਜ਼ਾਂ ਅਤੇ ਸਵੀਕ੍ਰਿਤੀਆਂ ਦਾ ਪਰਤਾਉਣਾ, ਕ੍ਰਮਵਾਰ ਤਜਵੀਜ਼ ਕਰਨ ਵਾਲੀ, ਸਵੀਕਾਰ ਕਰਨ ਵਾਲੀ ਜਾਂ ਪਰਤਾਉਣ ਵਾਲੀ ਧਿਰ ਦੇ ਕਿਸੇ ਹੋਰ ਅਜਿਹੇ ਕਾਰਜ ਜਾਂ ਉਕਾਈ ਤੋਂ ਹੋਇਆ ਸਮਝਿਆ ਜਾਂਦਾ ਹੈ, ਜਿਸਦੇ ਦੁਆਰਾ ਉਹ ਅਜਿਹੀ ਤਜਵੀਜ਼, ਸਵੀਕ੍ਰਿਤੀ ਜਾਂ ਪਰਤਾਉਣ ਨੂੰ ਸੰਸੂਚਤ ਕਰਨ ਦਾ ਇਰਾਦਾ ਰਖਦੀ ਹੈ, ਜਾਂ ਜਿਹੜੀ ਉਸ ਦੇ ਸੰਸੂਚਤ ਕਰਨ ਦਾ ਪ੍ਰਭਾਵ ਰਖਦੀ ਹੈ ।

ਸੰਸੂਚਨਾ ਕਦ ਪੂਰੀ ਹੁੰਦੀ ਹੈ ।

4. ਕਿਸੇ ਤਜਵੀਜ਼ ਦੀ ਸੰਸਚੂਨਾ ਤਦ ਪੂਰੀ ਹੁੰਦੀ ਹੈ ਜਦ ਉਹ ਉਸ ਵਿਅਕਤੀ ਦੇ ਗਿਆਨ ਵਿਚ ਆ ਜਾਂਦੀ ਹੈ ਜਿਸ ਨੂੰ ਉਹ ਕੀਤੀ ਗਈ ਹੈ ।

ਸਵੀਕ੍ਰਿਤੀ ਦੀ ਸੰਸੂਚਨਾ,–

ਤਜਵੀਜ਼ਕਾਰ ਦੇ ਵਿਰੁੱਧ ਤਦ ਪੂਰੀ ਹੁੰਦੀ ਹੈ ਜਦ ਉਹ, ਉਸ ਨੂੰ ਭੇਜਣ ਦੇ ਅਨੁਕ੍ਰਮ ਵਿਚ, ਇਸ ਤਰ੍ਹਾਂ ਪਾ ਦਿੱਤੀ ਜਾਂਦੀ ਹੈ ਕਿ ਉਹ ਸਵੀਕਾਰਕ ਦੀ ਸ਼ਕਤੀ ਤੋਂ ਬਾਹਰ ਹੋ ਜਾਂਦੀ ਹੈ ;

ਸਵੀਕਾਰਕ ਦੇ ਵਿਰੁੱਧ ਤਦ ਪੂਰੀ ਹੁੰਦੀ ਹੈ ਜਦ ਉਹ ਤਜਵੀਜ਼ਕਾਰ ਦੇ ਗਿਆਨ ਵਿਚ ਆ ਜਾਂਦੀ ਹੈ ।

ਪਰਤਾਉਣ ਦੀ ਸੰਸੂਚਨਾ,–

ਉਸ ਨੂੰ ਕਰਨ ਵਾਲੇ ਵਿਅਕਤੀ ਦੇ ਵਿਰੁੱਧ ਤਦ ਪੂਰੀ ਹੁੰਦੀ ਹੈ ਜਦ ਉਹ ਉਸ ਵਿਅਕਤੀ ਨੂੰ, ਜਿਸਨੂੰ ਉਹ ਕੀਤੀ ਜਾਵੇ, ਭਿਜਵਾਈ ਦੇ ਅਨੁਕ੍ਰਮ ਵਿਚ ਇਸ ਤਰ੍ਹਾਂ ਪਾ ਦਿੱਤੀ ਜਾਂਦੀ ਹੈ ਕਿ ਉਹ ਉਸ ਵਿਅਕਤੀ ਦੀ ਸ਼ਕਤੀ ਤੋਂ ਬਾਹਰ ਹੋ ਜਾਵੇ, ਜੋ ਉਸਨੂੰ ਕਰਦਾ ਹੈ ;

ਉਸ ਵਿਅਕਤੀ ਦੇ ਵਿਰੁੱਧ ਜਿਸ ਨੂੰ ਉਹ ਕੀਤੀ ਗਈ ਹੈ, ਤਦ ਪੂਰੀ ਹੁੰਦੀ ਹੈ ਜਦ ਉਹ ਉਸਦੇ ਗਿਆਨ ਵਿਚ ਆ ਜਾਂਦੀ ਹੈ ।

### ਦ੍ਰਿਸ਼ਟਾਂਤ

(ੳ) ੳ ਅਮਕੀ ਕੀਮਤ ਤੇ ਅ ਨੂੰ ਇੱਕ ਮਕਾਨ ਵੇਚਣ ਦੀ, ਪੱਤਰ ਦੁਆਰਾ, ਤਜਵੀਜ਼ ਕਰਦਾ ਹੈ ।

ਤਜਵੀਜ਼ ਦੀ ਸੰਸੂਚਨਾ ਤਦ ਪੂਰੀ ਹੁੰਦੀ ਹੈ, ਜਦ ਅ ਪੱਤਰ ਪ੍ਰਾਪਤ ਕਰਦਾ ਹੈ ।

(ਅ) ੳ ਦੀ ਤਜਵੀਜ਼ ਨੂੰ ਅ ਡਾਕ ਦੁਆਰਾ ਭੇਜੇ ਗਏ ਪੱਤਰ ਦੁਆਰਾ ਸਵੀਕਾਰ ਕਰਦਾ ਹੈ ।

ਸਵੀਕ੍ਰਿਤੀ ਦੀ ਸੰਸੂਚਨਾ,

ੳ ਦੇ ਵਿਰੁੱਧ ਤਦ ਪੂਰੀ ਹੁੰਦੀ ਹੈ ਜਦ ਪੱਤਰ ਡਾਕ ਵਿਚ ਪਾ ਦਿੱਤਾ ਜਾਂਦਾ ਹੈ ,

ਅ ਦੇ ਵਿਰੁੱਧ ਤਦ ਪੂਰੀ ਹੁੰਦੀ ਹੈ ਜਦ ਪੱਤਰ ੳ ਨੂੰ ਪ੍ਰਾਪਤ ਹੁੰਦਾ ਹੈ ।

(ੲ) ੳ ਆਪਣੀ ਤਜਵੀਜ਼ ਤਾਰ ਦੁਆਰਾ ਪਰਤਾ ਲੈਂਦਾ ਹੈ ।

ੳ ਦੇ ਵਿਰੁੱਧ ਪਰਤਾਉਣ ਤਦ ਪੂਰਾ ਹੁੰਦਾ ਹੈ ਜਦ ਤਾਰ ਭੇਜ ਦਿੱਤੀ ਜਾਂਦੀ ਹੈ । ਅ ਦੇ ਵਿਰੁੱਧ ਇਹ ਤਦ ਪੂਰਾ ਹੁੰਦਾ ਹੈ ਜਦ ਅ ਤਾਰ ਪ੍ਰਾਪਤ ਕਰਦਾ ਹੈ ।

ਅ ਆਪਣੀ ਸਵੀਕ੍ਰਿਤੀ ਤਾਰ ਦੁਆਰਾ ਪਰਤਾ ਲੈਂਦਾ ਹੈ । ਅ ਦਾ ਪਰਤਾਉਣ ਅ ਦੇ ਵਿਰੁੱਧ ਤਦ ਪੂਰਾ ਹੁੰਦਾ ਹੈ ਜਦ ਤਾਰ ਭੇਜ ਦਿੱਤੀ ਜਾਂਦੀ ਹੈ, ਅਤੇ ੳ ਦੇ ਵਿਰੁੱਧ ਤਦ ਪੂਰਾ ਹੁੰਦਾ ਹੈ ਜਦ ਤਾਰ ਉਸ ਨੂੰ ਪਹੁੰਚਦੀ ਹੈ ।

ਤਜਵੀਜ਼ਾਂ ਅਤੇ ਸਵੀਕ੍ਰਿਤੀਆਂ ਦਾ ਪਰਤਾਉਣ ।

5. ਕੋਈ ਤਜਵੀਜ਼ ਉਸਦੀ ਸਵੀਕ੍ਰਿਤੀ ਦੀ ਸੰਸੂਚਨਾ ਤਜਵੀਜ਼ਕਾਰ ਦੇ ਵਿਰੁੱਧ ਪੂਰੀ ਹੋਣ ਤੋਂ ਪਹਿਲਾਂ, ਕਿਸੇ ਵੀ ਸਮੇਂ ਪਰਤਾਈ ਜਾ ਸਕੇਗੀ, ਪਰ ਉਸ ਤੋਂ ਪਿਛੋਂ ਨਹੀਂ ।

ਕੋਈ ਸਵੀਕ੍ਰਿਤੀ ਉਸ ਸਵੀਕ੍ਰਿਤੀ ਦੀ ਸੰਸੂਚਨਾ ਸਵੀਕਾਰਕ ਦੇ ਵਿਰੁੱਧ ਪੂਰੀ ਹੋਣ ਤੋਂ ਪਹਿਲਾਂ ਕਿਸੇ ਵੀ ਸਮੇਂ ਪਰਤਾਈ ਜਾ ਸਕੇਗੀ, ਪਰ ਉਸ ਤੋਂ ਪਿੱਛੋਂ ਨਹੀਂ ।

### ਦ੍ਰਿਸ਼ਟਾਂਤ

ੳ ਡਾਕ ਦੁਆਰਾ ਭੇਜੇ ਗਏ ਪੱਤਰ ਦੁਆਰਾ ਆਪਣਾ ਮਕਾਨ ਅ ਕੋਲ ਵੇਚਣ ਦੀ ਤਜਵੀਜ਼ ਕਰਦਾ ਹੈ ।

ਅ ਡਾਕ ਦੁਆਰਾ ਭੇਜੇ ਗਏ ਪੱਤਰ ਦੁਆਰਾ ਤਜਵੀਜ਼ ਸਵੀਕਾਰ ਕਰਦਾ ਹੈ ।

ੳ ਆਪਣੀ ਤਜਵੀਜ਼ ਅ ਦੁਆਰਾ ਆਪਣੀ ਸਵੀਕ੍ਰਿਤੀ ਦਾ ਪੱਤਰ ਡਾਕ ਵਿਚ ਪਾਏ ਜਾਣ ਤੋਂ ਪਹਿਲਾਂ ਕਿਸੇ ਵੀ ਸਮੇਂ ਜਾਂ ਪਾਏ ਜਾਣ ਦੇ ਛਿਨ ਪਰਤਾ ਸਕੇਗਾ, ਪਰ ਉਸਤੋਂ ਪਿੱਛੋਂ ਨਹੀਂ ।

ਅ ਆਪਣੀ ਸਵੀਕ੍ਰਿਤੀ, ਇਸ ਦੇ ਸੰਸੂਚਤ ਕਰਨ ਵਾਲਾ ਪੱਤਰ ੳ ਨੂੰ ਪਹੁੰਚਣ ਤੋਂ ਪਹਿਲਾਂ ਕਿਸੇ ਵੀ ਸਮੇਂ ਜਾਂ ਪਹੁੰਚਣ ਦੇ ਛਿਨ ਪਰਤਾ ਸਕੇਗਾ, ਪਰ ਉਸ ਤੋਂ ਪਿਛੋਂ ਨਹੀਂ ।

ਪਰਤਾਉਣ ਕਿਵੇਂ ਕੀਤਾ ਜਾਂਦਾ ਹੈ ।

6. ਕੋਈ ਤਜਵੀਜ਼–

(1) ਤਜਵੀਜ਼ਕਾਰ ਦੁਆਰਾ ਦੂਜੀ ਧਿਰ ਨੂੰ ਪਰਤਾਉਣ ਦੀ ਸੂਚਨਾ ਸੰਸੂਚਤ ਕੀਤੇ ਜਾਣ ਦੁਆਰਾ ;

(2) ਅਜਿਹੀ ਤਜਵੀਜ਼ ਵਿਚ ਉਸ ਦੀ ਸਵੀਕ੍ਰਿਤੀ ਲਈ ਮੁੱਕਰਰ ਸਮੇਂ ਦੇ ਬੀਤ ਜਾਣ ਦੁਆਰਾ ਜਾਂ ਜੇ ਕੋਈ ਸਮਾਂ ਇਸ ਤਰ੍ਹਾਂ ਮੁੱਕਰਰ ਨ ਹੋਵੇ ਤਾਂ ਸਵੀਕ੍ਰਿਤੀ ਦੀ ਸੰਸੂਚਨਾ ਦੇ ਬਿਨਾਂ ਵਾਜਬੀ ਸਮਾਂ ਬੀਤ ਜਾਣ ਦੁਆਰਾ ;

(3) ਸਵੀਕ੍ਰਿਤੀ ਦੀ ਕਿਸੇ ਪੂਰਵਭਾਵੀ ਸ਼ਰਤ ਨੂੰ ਪੂਰਾ ਕਰਨ ਵਿਚ ਸਵੀਕਾਰਕ ਦੀ ਅਸਫਲਤਾ ਦੁਆਰਾ ; ਜਾਂ

(4) ਤਜਵੀਜ਼ਕਾਰ ਦੀ ਮੌਤ ਜਾਂ ਸ਼ੁਦਾ ਦੁਆਰਾ, ਜੇ ਉਸਦੀ ਮੌਤ ਜਾਂ ਸ਼ੁਦਾ ਦਾ ਤਥ ਸਵੀਕਾਰਕ ਦੇ ਗਿਆਨ ਵਿੱਚ ਸਵੀਕ੍ਰਿਤੀ ਤੋਂ ਪਹਿਲਾਂ ਆ ਜਾਵੇ ;

ਪਰਤਾਈ ਜਾਂਦੀ ਹੈ ।

ਸਵੀਕ੍ਰਿਤੀ ਕਤੱਈ ਹੋਵੇ ।

7. ਤਜਵੀਜ਼ ਨੂੰ ਬਚਨ ਵਿੱਚ ਬਦਲਣ ਦੇ ਮੰਤਵ ਲਈ ਇਹ ਜ਼ਰੂਰੀ ਹੈ ਕਿ ਸਵੀਕ੍ਰਿਤੀ–

(1) ਕਤੱਈ ਅਤੇ ਅਣਵਿਸ਼ੇਸ਼ਤ ਹੋਵੇ ;

(2) ਕਿਸੇ ਆਮ ਅਤੇ ਵਾਜਬੀ ਤਰੀਕੇ ਨਾਲ ਪ੍ਰਗਟ ਕੀਤੀ ਜਾਵੇ, ਜੇਕਰ ਤਜਵੀਜ਼ ਉਹ ਤਰੀਕਾ ਮੁਕੱਰਰ ਨਹੀਂ ਕਰਦੀ ਜਿਸ ਨਾਲ ਉਹ ਸਵੀਕਾਰ ਕੀਤੀ ਜਾਣੀ ਹੈ । ਜੇ ਤਜਵੀਜ਼ ਉਹ ਤਰੀਕਾ ਮੁਕੱਰਰ ਕਰਦੀ ਹੈ, ਜਿਸ ਨਾਲ ਉਹ ਸਵੀਕਾਰ ਕੀਤੀ ਜਾਣੀ ਹੈ ਅਤੇ ਸਵੀਕ੍ਰਿਤੀ ਉਸ ਤਰੀਕੇ ਨਾਲ ਨਹੀਂ ਕੀਤੀ ਜਾਂਦੀ ਤਾਂ ਤਜਵੀਜ਼ਕਾਰ, ਉਸ ਨੂੰ ਸਵੀਕ੍ਰਿਤੀ ਸੰਸੂਚਤ ਕੀਤੇ ਜਾਣ ਪਿੱਛੋਂ ਵਾਜਬੀ ਸਮੇਂ ਦੇ ਅੰਦਰ ਇਸਰਾਰ ਕਰ ਸਕੇਗਾ ਕਿ ਉਸ ਦੀ ਤਜਵੀਜ਼ ਮੁਕੱਰਰ ਤਰੀਕੇ ਨਾਲ ਹੀ ਸਵੀਕਾਰ ਕੀਤੀ ਜਾਵੇ, ਅਤੇ ਹੋਰਵੇਂ ਨਹੀਂ ; ਪਰ ਜੇ ਉਹ ਅਜਿਹਾ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਉਹ ਉਸ ਸਵੀਕ੍ਰਿਤੀ ਨੂੰ ਸਵੀਕਾਰ ਕਰਦਾ ਹੈ ।

ਸ਼ਰਤਾਂ ਦੇ ਪਾਲਣ ਜਾਂ ਬਦਲ ਦੀ ਪ੍ਰਾਪਤੀ ਦੁਆਰਾ ਸਵੀਕ੍ਰਿਤੀ ।

8. ਤਜਵੀਜ਼ ਦੀਆਂ ਸ਼ਰਤਾਂ ਦਾ ਪਾਲਣ ਜਾਂ ਪ੍ਰਸਪਰ ਬਚਨ ਲਈ ਬਦਲ, ਜੋ ਕਿਸੇ ਤਜਵੀਜ਼ ਦੇ ਨਾਲ ਪੇਸ਼ ਕੀਤਾ ਜਾਵੇ, ਦੀ ਸਵੀਕ੍ਰਿਤੀ ਉਸ ਤਜਵੀਜ਼ ਦੀ ਸਵੀਕ੍ਰਿਤੀ ਹੈ ।

ਬਚਨ, ਸਪੱਸ਼ਟ ਅਤੇ ਅਰਥਾਵੇਂ ।

9. ਜਿੱਥੋਂ ਤੱਕ ਕਿਸੇ ਬਚਨ ਦੀ ਤਜਵੀਜ਼ ਜਾਂ ਸਵੀਕ੍ਰਿਤੀ ਸ਼ਬਦਾਂ ਵਿਚ ਕੀਤੀ ਜਾਂਦੀ ਹੈ ਉਹ ਬਚਨ ਸਪੱਸ਼ਟ ਕਹਾਉਂਦਾ ਹੈ । ਜਿੱਥੋਂ ਤੱਕ ਅਜਿਹੀ ਤਜਵੀਜ਼ ਜਾਂ ਸਵੀਕ੍ਰਿਤੀ ਸ਼ਬਦਾਂ ਤੋਂ ਬਿਨਾਂ ਹੋਰਵੇਂ ਕੀਤੀ ਜਾਂਦੀ ਹੈ ਉਹ ਬਚਨ ਅਰਥਾਵਾਂ ਕਹਾਉਂਦਾ ਹੈ ।

## ਅਧਿਆਏ II

### ਮੁਆਇਦਿਆਂ, ਸੁੰਨਕਰਣਯੋਗ ਮੁਆਇਦਿਆਂ ਅਤੇ ਸੁੰਨ ਕਰਾਰਾਂ ਦੇ ਬਾਰੇ

ਕਿਹੜੇ ਕਰਾਰ ਮੁਆਇਦੇ ਹਨ ।

10. ਸਾਰੇ ਕਰਾਰ ਮੁਆਇਦੇ ਹਨ ਜੇ ਉਹ ਮੁਆਇਦਾ ਕਰਨ ਲਈ ਸ਼ਕਤਵਾਨ ਧਿਰਾਂ ਦੀ ਸੁਤੰਤਰ ਸੰਮਤੀ ਨਾਲ, ਕਾਨੂੰਨ ਪੂਰਨ ਬਦਲ ਲਈ ਅਤੇ ਕਾਨੂੰਨ-ਪੂਰਨ ਉਦੇਸ਼ ਨਾਲ ਕੀਤੇ ਗਏ ਹਨ ਅਤੇ ਇਸ ਦੁਆਰਾ ਸਪੱਸ਼ਟ ਤੌਰ ਤੇ ਸੁੰਨ ਨਹੀਂ ਐਲਾਨੇ ਗਏ ਹਨ ।

ਇਸ ਵਿੱਚ ਦਰਜ ਕੋਈ ਗੱਲ, ਭਾਰਤ ਵਿੱਚ ਨਾਫ਼ਜ਼ ਅਤੇ ਇਸ ਦੁਆਰਾ ਸਪੱਸ਼ਟ ਤੌਰ ਤੇ ਨਿਰਸਤ ਨ ਕੀਤੇ ਗਏ ਕਿਸੇ ਕਾਨੂੰਨ ਤੇ ਪ੍ਰਭਾਵ ਨਹੀਂ ਪਾਵੇਗੀ, ਜਿਸ ਦੁਆਰਾ ਕਿਸੇ ਮੁਆਇਦੇ ਦਾ ਲਿਖਤੀ ਰੂਪ ਵਿੱਚ ਜਾਂ ਗਵਾਹਾਂ ਦੀ ਮੌਜੂਦਗੀ ਵਿੱਚ ਕੀਤਾ ਜਾਣਾ ਲੋੜੀਂਦਾ ਹੋਵੇ, ਜਾਂ ਕਿਸੇ ਕਾਨੂੰਨ ਤੇ, ਜਿਹੜਾ ਦਸਤਾਵੇਜ਼ਾਂ ਦੇ ਰਜਿਸਟਰੀਕਰਣ ਨਾਲ ਸੰਬੰਧਤ ਹੋਵੇ ।

ਮੁਆਇਦਾ ਕਰਨ ਲਈ ਕੌਣ ਸ਼ਕਤਵਾਨ ਹਨ ।

11. ਹਰਿਕ ਵਿਅਕਤੀ ਜੋ, ਉਸ ਕਾਨੂੰਨ ਅਨੁਸਾਰ ਜਿਸਦੇ ਉਹ ਤਾਬੇ ਹੈ, ਬਾਲਗ ਹੈ ਅਤੇ ਜੋ ਠੀਕ ਚਿਤ ਹੈ ਅਤੇ ਕਿਸੇ ਕਾਨੂੰਨ ਦੁਆਰਾ, ਜਿਸ ਦੇ ਉਹ ਤਾਬੇ ਹੈ, ਮੁਆਇਦਾ ਕਰਨ ਦੇ ਨਾਕਾਬਲ ਨਹੀਂ ਹੈ, ਮੁਆਇਦਾ ਕਰਨ ਲਈ ਸ਼ਕਤਵਾਨ ਹੈ ।

ਮੁਆਇਦਾ ਕਰਨ ਦੇ ਪ੍ਰਯੋਜਨਾਂ ਲਈ ਠੀਕ-ਚਿਤ ਕੀ ਹੈ।

12. ਕੋਈ ਵਿਅਕਤੀ ਮੁਆਇਦਾ ਕਰਨ ਦੇ ਪ੍ਰਯੋਜਨ ਲਈ ਠੀਕ-ਚਿੱਤ ਕਿਹਾ ਜਾਂਦਾ ਹੈ, ਜੇ ਉਹ ਉਸ ਸਮੇਂ, ਜਦ ਉਹ ਮੁਆਇਦਾ ਕਰਦਾ ਹੈ ਉਸ ਮੁਆਇਦੇ ਨੂੰ ਸਮਝਣ ਦੇ ਅਤੇ ਆਪਣੇ ਹਿੱਤਾਂ ਤੇ ਉਸ ਦੇ ਪ੍ਰਭਾਵ ਬਾਰੇ ਸੂਝਵਾਨ ਨਿਰਣਾ ਕਰਨ ਦੇ ਸਮੱਰਥ ਹੈ ।

ਜੋ ਵਿਅਕਤੀ ਆਮ ਤੌਰ ਤੇ ਵਿਗੜ-ਚਿਤ ਰਹਿੰਦਾ ਹੈ, ਪਰ ਕਦੇ ਕਦੇ ਠੀਕ-ਚਿੱਤ ਹੋ ਜਾਂਦਾ ਹੈ, ਉਹ ਜਦ ਠੀਕ-ਚਿੱਤ ਹੋਵੇ, ਮੁਆਇਦਾ ਕਰ ਸਕੇਗਾ ।

ਜੋ ਵਿਅਕਤੀ ਆਮ ਤੌਰ ਤੇ ਠੀਕ-ਚਿੱਤ ਰਹਿੰਦਾ ਹੈ, ਪਰ ਕਦੇ ਕਦੇ ਵਿਗੜ-ਚਿੱਤ ਹੋ ਜਾਂਦਾ ਹੈ, ਉਹ ਜਦ ਵਿਗੜ-ਚਿੱਤ ਹੋਵੇ, ਮੁਆਇਦਾ ਨਹੀਂ ਕਰ ਸਕੇਗਾ ।

**ਦ੍ਰਿਸ਼ਟਾਂਤ**

(ੳ) ਪਾਗਲਖ਼ਾਨੇ ਵਿਚ ਦਾ ਇੱਕ ਰੋਗੀ, ਜੋ ਵਕਫ਼ਿਆਂ ਤੇ ਠੀਕ-ਚਿੱਤ ਹੋ ਜਾਂਦਾ ਹੈ, ਉਨ੍ਹਾਂ ਵਕਫ਼ਿਆਂ ਦੇ ਦੌਰਾਨ ਮੁਆਇਦਾ ਕਰ ਸਕੇਗਾ ।

(ਅ) ਠੀਕ-ਚਿੱਤ ਵਿਅਕਤੀ ਜਿਹੜਾ ਬੁਖ਼ਾਰ ਨਾਲ ਭਕਲਾਉਂਦਾ ਹੈ ਜਾਂ ਜਿਹੜਾ ਇੰਨਾ ਸ਼ਰਾਬੀ ਹੋਇਆ ਹੈ ਕਿ ਮੁਆਇਦੇ ਦੇ ਨਿਬੰਧਨ ਨਹੀਂ ਸਮਝ ਸਕਦਾ ਜਾਂ ਆਪਣੇ ਹਿੱਤਾਂ ਤੇ ਉਸਦੇ ਪ੍ਰਭਾਵ ਬਾਰੇ ਸੂਝਵਾਨ ਨਿਰਣਾ ਨਹੀਂ ਕਰ ਸਕਦਾ ਉਹ ਤਦ ਤੱਕ ਮੁਆਇਦਾ ਨਹੀਂ ਕਰ ਸਕਦਾ ਜਦ ਤੱਕ ਕਿ ਅਜਿਹਾ ਭਖਲਾਉਣ ਜਾਂ ਸ਼ਰਾਬੀ ਹਾਲਤ ਬਣੀ ਰਹਿੰਦੀ ਹੈ ।

"ਸੰਮਤੀ" ਦੀ ਪਰਿਭਾਸ਼ਾ ।

13. ਦੋ ਜਾਂ ਵਧੇਰੇ ਵਿਅਕਤੀ ਸੰਮਤੀ ਰਖਦੇ ਆਖੇ ਜਾਂਦੇ ਹਨ ਜਦੋਂ ਉਹ ਕਿਸੇ ਇੱਕ ਗੱਲ ਤੇ ਇੱਕ ਹੀ ਭਾਵ ਵਿੱਚ ਸਹਿਮਤ ਹੁੰਦੇ ਹਨ ।

''ਸੁਤੰਤਰ ਸੰਮਤੀ'' ਦੀ ਪਰਿਭਾਸ਼ਾ ।

14. ਸੰਮਤੀ ਸੁਤੰਤਰ ਉਦੋਂ ਆਖੀ ਜਾਂਦੀ ਹੈ, ਜਦੋਂ ਉਹ–

(1) ਧਾਰਾ 15 ਵਿੱਚ ਪਰਿਭਾਸ਼ਤ ਅਨੁਸਾਰ, ਜਬਰ, ਜਾਂ

(2) ਧਾਰਾ 16 ਵਿੱਚ ਪਰਿਭਾਸ਼ਤ ਅਨੁਸਾਰ, ਨਾਜਾਇਜ਼ ਅਸਰ, ਜਾਂ

(3) ਧਾਰਾ 17 ਵਿੱਚ ਪਰਿਭਾਸ਼ਤ ਅਨੁਸਾਰ, ਕਪਟ, ਜਾਂ

(4) ਧਾਰਾ 18 ਵਿੱਚ ਪਰਿਭਾਸ਼ਤ ਅਨੁਸਾਰ, ਗ਼ਲਤ-ਦਰਸਾਵੇ, ਜਾਂ

(5) ਧਾਰਾਵਾਂ 20, 21 ਅਤੇ 22 ਦੇ ਉਪਬੰਧਾਂ ਦੇ ਤਾਬੇ, ਭੁੱਲ, ਦੁਆਰਾ ਕਾਰਤ ਨ ਹੋਈ ਹੋਵੇ।

ਸੰਮਤੀ ਇਸ ਤਰ੍ਹਾਂ ਕਾਰਤ ਹੋਈ ਆਖੀ ਜਾਂਦੀ ਹੈ , ਜਦ ਜੇ ਅਜਿਹਾ ਜਬਰ, ਨਾਜਾਇਜ਼ ਅਸਰ, ਕਪਟ, ਗ਼ਲਤ-ਦਰਸਾਵਾ ਜਾਂ ਭੁੱਲ ਨ ਹੁੰਦੀ ਤਾਂ ਉਹ ਨ ਦਿੱਤੀ ਜਾਂਦੀ ।

''ਜਬਰ'' ਦੀ ਪਰਿਭਾਸ਼ਾ ।

15. ''ਜਬਰ'' ਇਸ ਇਰਾਦੇ ਨਾਲ ਕਿ ਕਿਸੇ ਵਿਅਕਤੀ ਤੋਂ ਕੋਈ ਕਰਾਰ ਕਰਵਾਇਆ ਜਾਵੇ, ਕੋਈ ਅਜਿਹਾ ਕਾਰਜ ਕਰਨਾ ਜਾਂ ਕਰਨ ਦੀ ਧਮਕੀ ਦੇਣਾ ਹੈ, ਜੋ ਭਾਰਤੀ ਦੰਡ ਸੰਘਤਾ ਦੁਆਰਾ ਵਰਜਤ ਹੈ ਜਾਂ ਕਿਸੇ ਵਿਅਕਤੀ ਤੇ, ਭਾਵੇਂ ਉਹ ਕੋਈ ਵੀ ਹੋਵੇ, ਪ੍ਰਤੀਕੂਲ ਪ੍ਰਭਾਵ ਪਾਉਣ ਲਈ ਕਿਸੇ ਸੰਪਤੀ ਨੂੰ ਕਾਨੂੰਨ ਵਿਰੁੱਧ ਰੋਕ ਰਖਣਾ ਜਾਂ ਰੋਕ ਰਖਣ ਦੀ ਧਮਕੀ ਦੇਣਾ ਹੈ । 1860 ਦਾ 45

**ਵਿਆਖਿਆ :–** ਇਹ ਤੱਤਹੀਨ ਹੈ ਕਿ ਜਿਸ ਸਥਾਨ ਤੇ ਜਬਰ ਦੀ ਵਰਤੋਂ ਕੀਤੀ ਗਈ ਹੈ ਉਥੇ ਭਾਰਤੀ ਦੰਡ ਸੰਘਤਾ ਨਾਫ਼ਜ਼ ਹੈ ਜਾਂ ਨਹੀਂ । 1860 ਦਾ 45

**ਦ੍ਰਿਸ਼ਟਾਂਤ**

ਖੁੱਲ੍ਹੇ ਸਮੁੰਦਰ ਵਿੱਚ ਇੱਕ ਅੰਗਰੇਜ਼ੀ ਜਹਾਜ਼ ਤੇ ਸਵਾਰ, ੳ ਅਜਿਹੇ ਕਾਰਜ ਦੁਆਰਾ ਜੋ ਭਾਰਤੀ ਦੰਡ ਸੰਘਤਾ ਦੇ ਅਧੀਨ ਅਪਰਾਧਕ ਭੈਭੀਤਤਾ ਬਣਦਾ ਹੈ, ਅ ਤੋਂ ਇੱਕ ਕਰਾਰ ਕਰਵਾਉਂਦਾ ਹੈ ।

ਬਾਦ ਵਿੱਚ ੳ ਮੁਆਇਦਾ ਭੰਗ ਕਰਨ ਦਾ 'ਅ' ਤੇ ਕਲਕੱਤੇ ਵਿੱਚ ਦਾਵਾ ਕਰਦਾ ਹੈ ।

ੳ ਨੇ ਜਬਰ ਦੀ ਵਰਤੋਂ ਕੀਤੀ ਹੈ, ਭਾਵੇਂ ਉਸਦਾ ਕਾਰਜ ਇੰਗਲੈਂਡ ਦੇ ਕਾਨੂੰਨ ਅਧੀਨ ਅਪਰਾਧ ਨਹੀਂ ਹੈ, ਅਤੇ ਭਾਵੇਂ ਉਸ ਸਮੇਂ ਜਦ ਜਾਂ ਉਸ ਸਥਾਨ ਤੇ ਜਿੱਥੇ ਉਹ ਕਾਰਜ ਕੀਤਾ ਗਿਆ ਸੀ ,ਭਾਰਤੀ ਦੰਡ ਸੰਘਤਾ ਦੀ ਧਾਰਾ 506 ਨਾਫ਼ਜ਼ ਨਹੀਂ ਸੀ । 1860 ਦਾ 45

''ਨਾਜਾਇਜ਼ ਅਸਰ'' ਦੀ ਪਰਿਭਾਸ਼ਾ ।

16. (1) ਮੁਆਇਦਾ ''ਨਾਜਾਇਜ਼ ਅਸਰ'' ਦੁਆਰਾ ਪ੍ਰੇਰਤ ਕਿਹਾ ਜਾਂਦਾ ਹੈ ਜਿੱਥੇ ਕਿ ਧਿਰਾਂ ਦੇ ਵਿਚਕਾਰ ਕਾਇਮ ਸੰਬੰਧ ਅਜਿਹੇ ਹਨ ਕਿ ਉਨ੍ਹਾਂ ਵਿੱਚੋਂ ਇੱਕ ਧਿਰ ਦੂਜੀ ਧਿਰ ਦੀ ਮਰਜ਼ੀ ਤੇ ਗ਼ਾਲਬ ਹੋਣ ਦੀ ਸਥਿਤੀ ਵਿੱਚ ਹੈ ਅਤੇ ਉਸ ਸਥਿਤੀ ਦੀ ਵਰਤੋਂ, ਉਸ ਦੂਜੀ ਧਿਰ ਤੋਂ ਅਣਉਚਿਤ ਫ਼ਾਇਦਾ ਹਾਸਲ ਕਰਨ ਲਈ ਕਰਦੀ ਹੈ ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸਿਧਾਂਤ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਕੋਈ ਵਿਅਕਤੀ ਕਿਸੇ ਹੋਰ ਦੀ ਮਰਜ਼ੀ ਤੇ ਗ਼ਾਲਬ ਹੋਣ ਦੀ ਸਥਿਤੀ ਵਿੱਚ ਸਮਝਿਆ ਜਾਂਦਾ ਹੈ–

(ੳ) ਜਿੱਥੇ ਉਹ ਦੂਜੇ ਤੇ ਵਾਸਤਵਿਕ ਜਾਂ ਜ਼ਾਹਰਾ ਸੱਤਾ ਰਖਦਾ ਹੈ, ਜਾਂ ਉਸ ਦੂਜੇ ਦੇ ਨਾਲ ਉਸਦੇ ਵਿਸ਼ਵਾਸਕ ਸੰਬੰਧ ਹਨ; ਜਾਂ

(ਅ) ਜਿੱਥੇ ਉਹ ਕਿਸੇ ਅਜਿਹੇ ਵਿਅਕਤੀ ਨਾਲ ਮੁਆਇਦਾ ਕਰਦਾ ਹੈ ਜਿਸ ਦੀ ਮਾਨਸਕ ਸਮਰੱਥਾ, ਅਸਥਾਈ ਜਾਂ ਸਥਾਈ ਤੌਰ ਤੇ, ਉਮਰ, ਬੀਮਾਰੀ ਜਾਂ ਮਾਨਸਕ ਜਾਂ ਸਰੀਰਕ ਕਸ਼ਟ ਦੇ ਕਾਰਨ ਪ੍ਰਭਾਵਤ ਹੈ ।

(3) ਜਿੱਥੇ ਕੋਈ ਵਿਅਕਤੀ, ਜਿਹੜਾ ਦੂਜੇ ਦੀ ਮਰਜ਼ੀ ਉਤੇ ਗ਼ਾਲਬ ਹੋਣ ਦੀ ਸਥਿਤੀ ਵਿਚ ਹੈ, ਉਸ ਨਾਲ ਮੁਆਇਦਾ ਕਰਦਾ ਹੈ, ਅਤੇ ਵਿਹਾਰ ਵੇਖਣ ਤੇ ਹੀ ਜਾਂ ਦਿੱਤੀ ਗਈ ਸ਼ਹਾਦਤ ਤੇ ਅੰਤਹਕਰਣ ਵਿਰੁਧ ਪ੍ਰਤੀਤ ਹੁੰਦਾ ਹੈ, ਉਥੇ ਇਹ ਸਾਬਤ ਕਰਨ ਦਾ ਭਾਰ ਕਿ ਅਜਿਹਾ ਮੁਆਇਦਾ ਨਾਜਾਇਜ਼ ਅਸਰ ਦੁਆਰਾ ਪ੍ਰੇਰਤ ਨਹੀਂ ਸੀ ਉਸ ਵਿਅਕਤੀ ਤੇ ਹੋਵੇਗਾ ਜਿਹੜਾ ਦੂਜੇ ਦੀ ਮਰਜ਼ੀ ਤੇ ਗ਼ਾਲਬ ਹੋਣ ਦੀ ਸਥਿਤੀ ਵਿਚ ਸੀ ।

ਇਸ ਉਪ-ਧਾਰਾ ਦੀ ਕੋਈ ਗੱਲ ਭਾਰਤੀ ਸ਼ਹਾਦਤ ਐਕਟ, 1872 ਦਾ 1 ਦੀ ਧਾਰਾ 111 ਦੇ ਉਪਬੰਧਾਂ ਤੇ ਪ੍ਰਭਾਵ ਨਹੀਂ ਪਾਵੇਗੀ ।

**ਦ੍ਰਿਸ਼ਟਾਂਤ**

(ੳ) ੳ, ਜਿਸ ਨੇ ਆਪਣੇ ਪੁੱਤਰ ਅ ਨੂੰ ਉਸ ਦੀ ਨਾਬਾਲਗ਼ੀ ਦੇ ਦੌਰਾਨ ਧਨ ਉਧਾਰ ਦਿਤਾ ਸੀ, ਅ ਦੇ ਬਾਲਗ਼ ਹੋਣ ਤੇ ਆਪਣੇ ਪਿਤਰੀ ਅਸਰ ਦੀ ਕੁਵਰਤੋਂ ਦੁਆਰਾ, ਅ ਤੋਂ ਉਸ ਉਧਾਰ ਦੀ ਬਾਬਤ ਦੇਣਯੋਗ ਰਕਮ ਤੋਂ ਵਧੀਕ ਰਕਮ ਲਈ ਇੱਕ ਬੌਂਡ ਹਾਸਲ ਕਰਦਾ ਹੈ । ੳ ਨਾਜਾਇਜ਼ ਅਸਰ ਦੀ ਵਰਤੋਂ ਕਰਦਾ ਹੈ ।

(ਅ) ਰੋਗ ਜਾਂ ਉਮਰ ਨਾਲ ਕਮਜ਼ੋਰ ਹੋਇਆ ਇੱਕ ਵਿਅਕਤੀ ੳ ਉਸ ਤੇ ਉਸ ਦੇ ਤਮੀਰਦਾਰ 'ਅ' ਦੇ ਅਸਰ ਦੁਆਰਾ ਉਸ੍ਹ ਦੀਆਂ ਪੇਸ਼ਾਵਾਰਾਨਾ ਸੇਵਾਵਾਂ ਲਈ 'ਅ' ਨੂੰ ਇੱਕ ਨਾਵਾਜਬ ਰਕਮ ਅਦਾ ਕਰਨ ਦਾ ਕਰਾਰ ਕਰਨ ਲਈ ਪ੍ਰੇਰਤ ਕੀਤਾ ਜਾਂਦਾ ਹੈ । ਅ ਨਾਜਾਇਜ਼ ਅਸਰ ਦੀ ਵਰਤੋਂ ਕਰਦਾ ਹੈ ।

(ੲ) ੳ, ਆਪਣੇ ਪਿੰਡ ਦੇ ਸ਼ਾਹੂਕਾਰ ਅ ਦੇ ਰਿਣ ਅਧੀਨ ਹੁੰਦਿਆਂ ਹੋਇਆਂ ਮੁਆਇਦਾ ਕਰਕੇ ਅਜਿਹੇ ਨਿਬੰਧਨਾਂ ਤੇ, ਜੋ ਅੰਤਹਕਰਣ ਵਿਰੁਧ ਪ੍ਰਤੀਤ ਹੁੰਦੇ ਹਨ, ਹੋਰ ਉਧਾਰ ਲੈਂਦਾ ਹੈ । ਇਹ ਸਾਬਤ-ਕਰਨ ਦਾ ਭਾਰ 'ਅ' ਤੇ ਹੈ ਕਿ ਮੁਆਇਦਾ ਨਾਜਾਇਜ਼ ਅਸਰ ਦੁਆਰਾ ਪ੍ਰੇਰਤ ਨਹੀਂ ਸੀ।

(ਸ) ੳ, ਇੱਕ ਬੈਂਕਰ ਨੂੰ ਉਧਾਰ ਲਈ ਅਜਿਹੇ ਸਮੇਂ ਤੇ ਦਰਖ਼ਾਸਤ ਕਰਦਾ ਹੈ ਜਦ ਧਨ ਬਾਜ਼ਾਰ ਵਿਚ ਤੰਗੀ ਹੈ । ਬੈਂਕਰ ਵਿਆਜ ਦੀ ਗੈਰਮਾਮੂਲੀ ਉਚੀ ਦਰ ਤੋਂ ਸਿਵਾਏ ਉਧਾਰ ਦੇਣ ਤੋਂ ਨਾਂਹ ਕਰ ਦਿੰਦਾ ਹੈ । ੳ ਉਨ੍ਹਾਂ ਨਿਬੰਧਨਾਂ ਤੇ ਉਧਾਰ ਸਵੀਕਾਰ ਕਰਦਾ ਹੈ । ਇਹ ਕਾਰੋਬਾਰ ਦੇ ਸਾਧਾਰਨ ਅਨੁਕ੍ਰਮ ਵਿਚ ਵਿਹਾਰ ਹੈ, ਅਤੇ ਮੁਆਇਦਾ ਨਾਜਾਇਜ ਅਸਰ ਨਾਲ ਪ੍ਰੇਰਤ ਨਹੀਂ ਹੈ ।

''ਕਪਟ'' ਦੀ ਪਰਿਭਾਸ਼ਾ ।

**17.** ''ਕਪਟ'' ਦਾ ਮਤਲਬ ਹੈ ਅਤੇ ਇਸ ਵਿਚ ਸ਼ਾਮਲ ਹੈ ਹੇਠ-ਲਿਖੇ ਕਾਰਜਾਂ ਵਿਚੋਂ ਕੋਈ ਕਾਰਜ ਜੋ ਮੁਆਇਦੇ ਦੀ ਇੱਕ ਧਿਰ ਦੁਆਰਾ, ਜਾਂ ਉਸ ਦੀ ਅਨਢਿਠਤਾ ਨਾਲ ਜਾਂ ਉਸ ਦੇ ਏਜੰਟ ਦੁਆਰਾ, ਉਸਦੀ ਕਿਸੇ ਹੋਰ ਧਿਰ ਨੂੰ ਜਾਂ ਉਸ ਦੇ ਏਜੰਟ ਨੂੰ ਧੋਖਾ ਦੇਣ ਜਾਂ ਉਸ ਨੂੰ ਮੁਆਇਦਾ ਕਰਨ ਲਈ ਪ੍ਰੇਰਤ ਕਰਨ ਦੇ ਇਰਾਦੇ ਨਾਲ ਕੀਤਾ ਗਿਆ ਹੋਵੇ :–

(1) ਜੋ ਗੱਲ ਸੱਚ ਨਹੀਂ ਹੈ ਉਸਦਾ ਇੱਕ ਤੱਥ ਵਜੋਂ ਅਜਿਹੇ ਵਿਅਕਤੀ ਦੁਆਰਾ ਸੁਝਾਅ ਜੋ ਇਕ ਵਿਸ਼ਵਾਸ ਨਹੀਂ ਕਰਦਾ ਕਿ ਉਹ ਸੱਚ ਹੈ ;

(2) ਕਿਸੇ ਤੱਥ ਨੂੰ ਉਸ ਤੱਥ ਦਾ ਗਿਆਨ ਜਾਂ ਵਿਸ਼ਵਾਸ ਰਖਣ ਵਾਲੇ ਕਿਸੇ ਵਿਅਕਤੀ ਦੁਆਰਾ ਸਰਗਰਮੀ ਨਾਲ ਲੁਕਾਇਆ ਜਾਣਾ ;

(3) ਪਾਲਣਾ ਕਰਨ ਦੇ ਇਰਾਦੇ ਤੋਂ ਬਿਨਾਂ ਦਿਤਾ ਗਿਆ ਬਚਨ ;

(4) ਧੋਖਾ ਕਰਨਯੋਗ ਕੋਈ ਹੋਰ ਕਾਰਜ ;

(5) ਕੋਈ ਅਜਿਹਾ ਕਾਰਜ ਜਾਂ ਉਕਾਈ ਜਿਸਦਾ ਕਪਟ-ਪੂਰਨ ਹੋਣਾ ਕਾਨੂੰਨ ਵਿਸ਼ੇਸ਼ ਤੌਰ ਤੇ ਐਲਾਨ ਕਰੇ ।

**ਵਿਆਖਿਆ** :–ਮੁਆਇਦਾ ਕਰਨ ਲਈ ਕਿਸੇ ਵਿਅਕਤੀ ਦੀ ਰਜ਼ਾਮੰਦੀ ਤੇ ਜਿਨ੍ਹਾਂ ਤੱਥਾਂ ਦਾ ਪ੍ਰਭਾਵ ਪੈਣਾ ਸੰਭਾਵੀ ਹੋਵੇ ਉਨ੍ਹਾਂ ਬਾਰੇ ਕੇਵਲ ਚੁੱਪ ਰਹਿਣਾ ਕਪਟ ਨਹੀਂ ਹੈ, ਜੇਕਰ ਮਾਮਲੇ

ਦੇ ਹਾਲਾਤ ਅਜਿਹੇ ਨ ਹੋਣ ਜਿਨ੍ਹਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ, ਚੁੱਪ ਰਹਿਣ ਵਾਲੇ ਵਿਅਕਤੀ ਦਾ ਇਹ ਕਰਤੱਵ ਹੋਵੇ ਕਿ ਉਹ ਬੋਲੇ ਜਾਂ ਜੇਕਰ ਉਸਦੀ ਚੁੱਪ ਆਪਣੇ ਆਪ ਵਿਚ ਬੋਲਣ ਦੇ ਤੁੱਲ ਨ ਹੋਵੇ।

**ਦ੍ਰਿਸ਼ਟਾਂਤ**

(ੳ) ੳ, ਨੀਲਾਮੀ ਦੁਆਰਾ ਅ ਨੂੰ ਇੱਕ ਘੋੜਾ ਵੇਚਦਾ ਹੈ, ਜੋ ੳ ਜਾਣਦਾ ਹੈ ਕਿ ਐਬਦਾਰ ਹੈ । ੳ ਘੋੜੇ ਦੇ ਐਬ ਦੇ ਬਾਰੇ ਅ ਨੂੰ ਕੁਝ ਨਹੀਂ ਕਹਿੰਦਾ। ਇਹ ੳ ਦਾ ਕਪਟ ਨਹੀਂ ਹੈ ।

(ਅ) ੳ ਦੀ ਧੀ 'ਅ' ਹੈ, ਅਤੇ ਹੁਣੇ ਹੁਣੇ ਬਾਲਗ਼ ਹੋਈ ਹੈ । ਇਥੇ ਧਿਰਾਂ ਦੇ ਵਿਚਕਾਰ ਦੇ ਸੰਬੰਧ ਦੇ ਕਾਰਨ ੳ ਦਾ ਇਹ ਕਰਤੱਵ ਹੋ ਜਾਂਦਾ ਹੈ ਕਿ ਜੋ ਘੋੜਾ ਐਬਦਾਰ ਹੈ ਤਾਂ ਅ ਨੂੰ ਦਸ ਦੇਵੇ ।

(ੲ) ੳ ਨੂੰ ਅ ਕਹਿੰਦਾ ਹੈ, ''ਜੇ ਤੁਸੀਂ ਇਸ ਗੱਲ ਤੋਂ ਇਨਕਾਰ ਨ ਕਰੋ ਤਾਂ ਮੈਂ ਮੰਨ ਲਵਾਂਗਾ ਕਿ ਘੋੜਾ ਬੇਐਬ ਹੈ'' । ੳ ਕੁਝ ਨਹੀਂ ਕਹਿੰਦਾ ਇਥੇ ੳ ਦੀ ਚੁੱਪ ਬੋਲਣ ਦੇ ਤੁੱਲ ਹੈ ।

(ਸ) ੳ ਅਤੇ ਅ ਜੋ ਵਪਾਰੀ ਹਨ, ਇੱਕ ਮੁਆਇਦਾ ਕਰਦੇ ਹਨ । ੳ ਨੂੰ ਕੀਮਤਾਂ ਵਿਚ ਅਜਿਹੀ ਬਦਲੀ ਦੀ ਗੁਝੀ ਜਾਣਕਾਰੀ ਹੈ ਜਿਸ ਨਾਲ ਮੁਆਇਦੇ ਲਈ ਕਾਰਵਾਈ ਕਰਨ ਵਿਚ ਅ ਦੀ ਰਜ਼ਾਮੰਦੀ ਤੇ ਪ੍ਰਭਾਵ ਪਵੇਗਾ । ਅ ਨੂੰ ਸੂਚਨਾ ਦੇਣ ਦਾ 'ੳ' ਪਾਬੰਦ ਨਹੀਂ ਹੈ।

''ਗ਼ਲਤ-ਦਰਸਾਵਾ'' ਦੀ ਪਰਿਭਾਸ਼ਾ ।

**18.** ''ਗ਼ਲਤ-ਦਰਸਾਵਾ'' ਦਾ ਮਤਲਬ ਹੈ ਅਤੇ ਇਸ ਵਿਚ ਸਾਮਲ ਹੈ –

(1) ਉਸ ਗੱਲ ਦਾ, ਜੋ ਸੱਚ ਨਹੀਂ ਹੈ ਅਜਿਹੇ ਤਰੀਕੇ ਨਾਲ ਨਿਸਚੇਆਤਮਕ ਜਤਾਉਣ ਜਿਹੜਾ ਜਤਾਉਣ ਵਾਲੇ ਵਿਅਕਤੀ ਦੀ ਜਾਣਕਾਰੀ ਦੁਆਰਾ ਸਮਰੱਥਤ ਨਹੀਂ ਹੈ ਭਾਵੇਂ ਉਹ ਉਸ ਗੱਲ ਦੇ ਸੱਚ ਹੋਣ ਦਾ ਵਿਸ਼ਵਾਸ ਕਰਦਾ ਹੋਵੇ ;

(2) ਕੋਈ ਅਜਿਹਾ ਕਰੱਤਵ-ਭੰਗ ਜੋ, ਧੋਖਾ ਦੇਣ ਦੀ ਨੀਤ ਤੋਂ ਬਿਨਾਂ, ਭੰਗ ਕਰਨ ਵਾਲੇ ਵਿਅਕਤੀ ਨੂੰ, ਜਾਂ ਉਸਤੋਂ ਵਿਉਤਪੰਨ ਅਧਿਕਾਰ ਦੇ ਅਧੀਨ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਨੂੰ ਕੋਈ ਫ਼ਾਇਦਾ, ਕਿਸੇ ਹੋਰ ਨੂੰ ਇਸ ਤਰ੍ਹਾਂ ਕੁਰਾਹੇ ਪਾਕੇ ਪਹੁੰਚਾਵੇ ਜਿਸ ਨਾਲ ਉਹ ਹੋਰ ਵਿਅਕਤੀ ਤੇ ਜਾਂ ਉਸ ਤੋਂ ਵਿਉਤਪੰਨ ਅਧਿਕਾਰ ਦੇ ਅਧੀਨ ਦਾਅਵਾ ਕਰਨ ਵਾਲੇ ਵਿਅਕਤੀ ਤੇ ਪ੍ਰਤੀਕੂਲ ਪ੍ਰਭਾਵ ਪਵੇ ;

(3) ਭਾਵੇਂ ਕਿੰਨੀ ਵੀ ਮਾਸੂਮੀਅਤ ਨਾਲ ਕਿਉਂ ਨ ਹੋਵੇ, ਕਿਸੇ ਕਰਾਰ ਦੀ ਕਿਸੇ ਧਿਰ ਤੋਂ ਉਸ ਗੱਲ ਦੇ ਵਿਸ਼ੇ ਬਾਰੇ, ਜੋ ਕਰਾਰ ਦਾ ਵਿਸ਼ਾ ਹੋਵੇ, ਕੋਈ ਭੁਲ ਕਰਾਉਣਾ ।

ਸੁਤੰਤਰ ਸੰਮਤੀ ਦੇ ਬਿਨਾਂ ਕੀਤੇ ਗਏ ਕਰਾਰਾਂ ਦੀ ਸੁੰਨਕਰਣਯੋਗਤਾ।

19. ਜਦ ਕਿਸੇ ਕਰਾਰ ਲਈ ਸੰਮਤੀ ਜਬਰ, ਕਪਟ ਜਾਂ ਗ਼ਲਤ-ਦਰਸਾਵੇ ਦੁਆਰਾ ਕਾਰਤ ਹੋਵੇ ਤਦ ਉਹ ਕਰਾਰ ਇੱਕ ਅਜਿਹਾ ਮੁਆਇਦਾ ਹੈ ਜਿਹੜਾ ਉਸ ਧਿਰ ਦੀ ਮਰਜ਼ੀ ਤੇ ਸੁੰਨਕਰਣਯੋਗ ਹੈ ਜਿਸਦੀ ਸੰਮਤੀ ਇਸ ਤਰ੍ਹਾਂ ਕਾਰਤ ਹੋਈ ਸੀ ।

ਮੁਆਇਦੇ ਦੀ ਉਹ ਧਿਰ, ਜਿਸ ਦੀ ਸੰਮਤੀ ਕਪਟ ਜਾਂ ਗ਼ਲਤ-ਦਰਸਾਵੇ ਦੁਆਰਾ ਕਾਰਤ ਹੋਈ ਸੀ, ਜੇ ਉਹ ਠੀਕ ਸਮਝੇ ਤਾਂ, ਇਸਰਾਰ ਕਰ ਸਕੇਗੀ ਕਿ ਮੁਆਇਦੇ ਦਾ ਪਾਲਣ ਕੀਤਾ ਜਾਵੇ,

ਅਤੇ ਉਸ ਨੂੰ ਉਸ ਸਥਿਤੀ ਵਿਚ ਰਖਿਆ ਜਾਵੇ ਜਿਸ ਵਿਚ ਉਹ ਹੁੰਦੀ ਜੇ ਕੀਤੇ ਗਏ ਦਰਸਾਵੇ ਸੱਚ ਹੁੰਦੇ ।

**ਅਪਵਾਦ** :—ਜੇ ਅਜਿਹੀ ਸੰਮਤੀ ਗ਼ਲਤ-ਦਰਸਾਵੇ ਦੁਆਰਾ ਜਾਂ ਚੁੱਪ ਦੁਆਰਾ, ਜਿਹੜੀ ਧਾਰਾ 17 ਦੇ ਅਰਥ ਦੇ ਅੰਦਰ ਕਪਟ-ਪੂਰਨ ਹੈ, ਕਾਰਤ ਸੀ ਤਾਂ ਅਜਿਹਾ ਹੋਣ ਤੇ ਵੀ ਮੁਆਇਦਾ ਸੁੰਨਕਰਣਯੋਗ ਨਹੀਂ ਹੈ ਜੇ ਉਸ ਧਿਰ ਦੇ ਪਾਸ, ਜਿਸਦੀ ਸੰਮਤੀ ਇਸ ਤਰ੍ਹਾਂ ਕਾਰਤ ਕੀਤੀ ਗਈ ਸੀ, ਸੱਚ ਦਾ ਸਾਧਾਰਨ ਤਨ ਦਿਹੀ ਨਾਲ ਪਤਾ ਲਾ ਲੈਣ ਦੇ ਸਾਧਨ ਸਨ ।

**ਵਿਆਖਿਆ** :—ਉਹ ਕਪਟ ਜਾਂ ਗ਼ਲਤ-ਦਰਸਾਵਾ, ਜਿਸ ਨੇ ਮੁਆਇਦੇ ਦੀ ਉਸ ਧਿਰ ਦੀ ਸੰਮਤੀ ਕਾਰਤ ਨਹੀਂ ਕੀਤੀ ਜਿਸ ਨਾਲ ਅਜਿਹਾ ਕਪਟ ਕੀਤਾ ਗਿਆ ਸੀ, ਜਾਂ ਜਿਸ ਨੂੰ ਗ਼ਲਤ-ਦਰਸਾਵਾ ਕੀਤਾ ਗਿਆ ਸੀ, ਮੁਆਇਦੇ ਨੂੰ ਸੁੰਨ-ਕਰਣਯੋਗ ਨਹੀਂ ਕਰ ਦਿੰਦਾ ।

**ਦ੍ਰਿਸ਼ਟਾਂਤ**

(ੳ) ਅ ਨੂੰ ਧੋਖਾ ਦੇਣ ਦੇ ਇਰਾਦੇ ਨਾਲ ੳ ਝੂਠੇ ਤੌਰ 'ਤੇ ਦਰਸਾਉਂਦਾ ਹੈ ਕਿ ੳ ਦੇ ਕਾਰਖ਼ਾਨੇ ਵਿਚ ਪੰਜ ਸੌ ਮਣ ਨੀਲ ਸਾਲਾਨਾ ਬਣਾਇਆ ਜਾਂਦਾ ਹੈ, ਅਤੇ ਉਸ ਦੁਆਰਾ ਅ ਨੂੰ ਉਹ ਕਾਰਖ਼ਾਨਾ ਖ਼ਰੀਦਣ ਲਈ ਪ੍ਰੇਰਤ ਕਰਦਾ ਹੈ । ਮੁਆਇਦਾ ਅ ਦੀ ਮਰਜ਼ੀ ਤੇ ਸੁੰਨਕਰਣਯੋਗ ਹੈ ।

(ਅ) ੳ, ਗ਼ਲਤ-ਦਰਸਾਵੇ ਦੁਆਰਾ ਅ ਨੂੰ ਗ਼ਲਤ ਤੌਰ ਤੇ ਵਿਸ਼ਵਾਸ ਕਰਵਾ ਦਿੰਦਾ ਹੈ ਕਿ ''ੳ'' ਦੇ ਕਾਰਖ਼ਾਨੇ ਵਿਚ ਪੰਜ ਸੌ ਮਣ ਨੀਲ ਸਾਲਾਨਾ ਬਣਾਇਆ ਜਾਂਦਾ ਹੈ । ਅ, ਕਾਰਖਾਨੇ ਦੇ ਲੇਖਿਆਂ ਦੀ ਪੜਤਾਲ ਕਰਦਾ ਹੈ ਜਿਹੜੇ ਇਹ ਵਿਖਾਉਂਦੇ ਹਨ ਕਿ ਕੇਵਲ ਚਾਰ ਸੌ ਮਣ ਨੀਲ ਬਣਾਇਆ ਗਿਆ ਹੈ । ਇਸ ਤੋਂ ਪਿਛੋਂ ਅ ਕਾਰਖ਼ਾਨਾ ਖ਼ਰੀਦ ਲੈਂਦਾ ਹੈ । ਮੁਆਇਦਾ ੳ ਦੇ ਗ਼ਲਤ-ਦਰਸਾਵੇ ਦੇ ਕਾਰਨ ਸੁੰਨਕਰਣਯੋਗ ਨਹੀਂ ਹੈ ।

(ੲ) ੳ, ਕਪਟ-ਪੂਰਬਕ ਅ ਨੂੰ ਜਾਣੂ ਕਰਾਉਂਦਾ ਹੈ ਕਿ ੳ ਦੀ ਸੰਪਦਾ ਪ੍ਰਭਾਰ ਤੋਂ ਮੁਕਤ ਹੈ । ਉਸ ਤੇ ਅ ਉਹ ਸੰਪਦਾ ਖ਼ਰੀਦ ਲੈਂਦਾ ਹੈ । ਉਹ ਸੰਪਦਾ ਇੱਕ ਰਹਿਨ ਦੇ ਤਾਬੇ ਹੈ । ਅ ਜਾਂ ਤਾਂ ਮੁਆਇਦੇ ਨੂੰ ਸੁੰਨ ਕਰ ਸਕੇਗਾ ਜਾਂ ਇਸਰਾਰ ਕਰ ਸਕੇਗਾ ਕਿ ਉਹ ਸਿਰੇ ਚੜ੍ਹਾਇਆ ਜਾਵੇ ਅਤੇ ਰਹਿਨ-ਰਿਣ ਚੁਕਾਇਆ ਜਾਵੇ ।

(ਸ) ੳ ਦੀ ਸੰਪਦਾ ਵਿਚ ਅ ਕੱਚੀ ਧਾਤ ਦੀ ਇੱਕ ਖਾਣ ਦੀ ਦਰਾੜ ਦਾ ਪਤਾ ਲਾ ਕੇ ੳ ਤੋਂ ਕੱਚੀ ਧਾਤ ਦੀ ਹੋਂਦ ਨੂੰ ਲੁਕੋਣ ਦੇ ਸਾਧਨ ਅਪਨਾਉਂਦਾ ਹੈ ਅਤੇ ਲੁਕੋ ਲੈਂਦਾ ਹੈ । ੳ ਦੇ ਅਗਿਆਨ ਕਾਰਨ ਅ ਉਸ ਸੰਪਦਾ ਨੂੰ ਘੱਟ ਮੁੱਲ ਤੇ ਖ਼ਰੀਦਣ ਦੇ ਯੋਗ ਹੋ ਜਾਂਦਾ ਹੈ । ਮੁਆਇਦਾ ੳ ਦੀ ਮਰਜ਼ੀ ਤੇ ਸੁੰਨਕਰਣਯੋਗ ਹੈ ।

(ਹ) ਅ ਦੀ ਮੌਤ ਤੇ ੳ ਕਿਸੇ ਸੰਪਦਾ ਦਾ ਉੱਤਰ-ਅਧਿਕਾਰੀ ਹੋਣ ਦਾ ਹੱਕਦਾਰ ਹੈ । ਅ ਦੀ ਮੌਤ ਹੋ ਜਾਂਦੀ ਹੈ । ਅ ਦੀ ਮੌਤ ਦੀ ਖ਼ਬਰ ਮਿਲਣ ਤੇ 'ੲ' ਉਹ ਖ਼ਬਰ ੳ ਤੱਕ ਪੰਹੁਚਣ ਤੋਂ ਰੋਕਦਾ ਹੈ ਅਤੇ ਇਸ ਤਰ੍ਹਾਂ ੳ ਨੂੰ ਪ੍ਰੇਰਦਾ ਹੈ ਕਿ ਉਸ ਸੰਪਦਾ ਵਿਚ ਆਪਣਾ ਹਿਤ ਉਸ ਕੋਲ ਵੇਚ ਦੇਵੇ । ਇਹ ਵਿਕਰੀ ੳ ਦੀ ਮਰਜ਼ੀ ਤੇ ਸੁੰਨਕਰਣਯੋਗ ਹੈ ।

ਨਾਜਾਇਜ਼ ਅਸਰ ਨਾਲ ਪ੍ਰੇਰਤ ਮੁਆਇਦੇ ਨੂੰ ਰਦ ਕਰਨ ਦੀ ਸ਼ਕਤੀ।

19ੳ. ਜਦ ਕਿਸੇ ਕਰਾਰ ਦੇ ਲਈ ਸੰਮਤੀ ਨਾਜਾਇਜ਼ ਅਸਰ ਦੁਆਰਾ ਕਾਰਤ ਹੋਈ ਹੋਵੇ, ਤਦ ਉਹ ਕਰਾਰ ਉਸ ਧਿਰ ਦੀ ਮਰਜ਼ੀ ਤੇ ਸੁੰਨਕਰਣਯੋਗ ਮੁਆਇਦਾ ਹੈ ਜਿਸ ਦੀ ਸੰਮਤੀ ਇਸ ਤਰ੍ਹਾਂ ਕਾਰਤ ਹੋਈ ।

ਅਜਿਹਾ ਕੋਈ ਮੁਆਇਦਾ ਜਾਂ ਤਾਂ ਕਤੱਈ ਤੌਰ ਤੇ ਜਾਂ ਜੇ ਉਸ ਧਿਰ ਨੇ, ਜਿਹੜੀ ਉਸ ਨੂੰ ਸੁੰਨ ਕਰਾਉਣ ਦੀ ਹੱਕਦਾਰ ਹੋਵੇ, ਉਸ ਅਧੀਨ ਕੋਈ ਫ਼ਾਇਦਾ ਪ੍ਰਾਪਤ ਕੀਤਾ ਹੋਵੇ ਤਾਂ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਰੱਦ ਕੀਤਾ ਜਾ ਸਕੇਗਾ, ਜਿਹੜਾ ਅਦਾਲਤ ਨੂੰ ਨਿਆਂਪੂਰਨ ਪ੍ਰਤੀਤ ਹੋਣ।

**ਦ੍ਰਿਸ਼ਟਾਂਤ**

(ੳ) ੳ ਦੇ ਪੁੱਤਰ ਨੇ ਕਿਸੇ ਪਰੋਨੋਟ ਵਿਚ 'ਅ' ਦਾ ਨਾਂ ਜਾਲੀ ਪਾ ਦਿੱਤਾ ਹੈ। ੳ ਦੇ ਪੁੱਤਰ ਨੂੰ ਅ ਪ੍ਰਾਸੀਕਿਊਟ ਕਰਨ ਲਈ ਧਮਕੀ ਦੇ ਕੇ ੳ ਤੋਂ ਜਾਲ੍ਹੀ ਪਰੋਨੋਟ ਦੀ ਰਕਮ ਲਈ ਇੱਕ ਬੌਂਡ ਹਾਸਲ ਕਰਦਾ ਹੈ । ਜੇ ਅ ਇਸ ਬੌਂਡ ਤੇ ਦਾਵਾ ਕਰੇ ਤਾਂ ਅਦਾਲਤ ਇਸ ਬੌਂਡ ਨੂੰ ਰੱਦ ਕਰ ਸਕੇਗੀ ।

(ਅ) ੳ, ਇੱਕ ਸ਼ਾਹੂਕਾਰ, ਇੱਕ੍ਰ ਕਾਸ਼ਤਕਾਰ ਅ ਨੂੰ 100 ਰੁਪਿਆ ਉਧਾਰ ਦਿੰਦਾ ਹੈ ਅਤੇ ਨਾਜਾਇਜ਼ ਅਸਰ ਦੁਆਰਾ ਅ ਨੂੰ ਛੇ ਪ੍ਰਤੀ ਸੈਂਕੜਾ ਮਾਸਕ ਵਿਆਜ ਤੇ 200 ਰੁਪਏ ਦਾ ਇੱਕ ਬੌਂਡ ਤਕਮੀਲ ਕਰਨ ਲਈ ਪ੍ਰੇਰਦਾ ਹੈ । ਅਦਾਲਤ, ਅਜਿਹੇ ਵਿਆਜ ਸਹਿਤ ਜਿਹੜਾ ਨਿਆਂ–ਪੂਰਨ ਪ੍ਰਤੀਤ ਹੋਵੇ, 100 ਰੁਪਿਆ ਮੁੜ–ਅਦਾ ਕਰਨ ਦਾ ਅ ਨੂੰ ਹੁਕਮ ਕਰਦਿਆਂ ਹੋਇਆਂ ਬੌਂਡ ਨੂੰ ਰੱਦ ਕਰ ਸਕੇਗੀ ।

ਜਿੱਥੇ ਤੱਥ ਦੀ ਗੱਲ ਬਾਰੇ ਦੋਵੇਂ ਧਿਰਾਂ ਭੁੱਲ ਵਿਚ ਹਨ, ਕਰਾਰ ਸੁੰਨ ਹੈ ।

20. ਜਿੱਥੇ ਕਿਸੇ ਕਰਾਰ ਦੀਆਂ ਦੋਵੇਂ ਧਿਰਾਂ ਅਜਿਹੇ ਤੱਥ ਦੀ ਗੱਲ ਬਾਰੇ ਭੁੱਲ ਵਿਚ ਹਨ, ਜਿਹੜੀ ਕਰਾਰ ਦੇ ਲਈ ਅਵਸ਼ਕ ਹੈ, ਉਥੇ ਕਰਾਰ ਸੁੰਨ ਹੈ ।

**ਵਿਆਖਿਆ** - ਜੋ ਚੀਜ਼ ਕਰਾਰ ਦਾ ਵਿਸ਼ਾ-ਵਸਤੂ ਹੋਵੇ ਉਸ ਦੇ ਮੁੱਲ ਬਾਰੇ ਗ਼ਲਤ ਰਾਏ ਤੱਥ ਦੀ ਗੱਲ ਬਾਰੇ ਭੁੱਲ ਨਹੀਂ ਸਮਝੀ ਜਾਵੇਗੀ ।

**ਦ੍ਰਿਸ਼ਟਾਂਤ**

(ੳ) ੳ, ਇੱਕ ਵਿਸ਼ੇਸ਼ ਜਹਾਜ਼ੀ ਮਾਲ ਜੋ ਇੰਗਲੈਂਡ ਤੋਂ ਬੰਬਈ ਦੇ ਰਸਤੇ ਵਿਚ ਫ਼ਰਜ਼ ਕੀਤਾ ਜਾਂਦਾ ਹੈ, ਅ ਨੂੰ ਵੇਚਣ ਦਾ ਕਰਾਰ ਕਰਦਾ ਹੈ । ਪਤਾ ਲਗਦਾ ਹੈ ਕਿ ਸੌਦੇ ਦੇ ਦਿਨ ਤੋਂ ਪਹਿਲਾਂ ਮਾਲ ਪਹੁੰਚਾਉਣ ਵਾਲਾ ਜਹਾਜ਼ ਤਬਾਹ ਹੋ ਗਿਆ ਸੀ ਅਤੇ ਮਾਲ ਖੋ ਗਿਆ ਸੀ । ਕੋਈ ਵੀ ਧਿਰ ਇਨ੍ਹਾਂ ਤੱਥਾਂ ਤੋਂ ਜਾਣੂ ਨਹੀਂ ਸੀ । ਕਰਾਰ ਸੁੰਨ ਹੈ ।

(ਅ) ਅ ਤੋਂ ੳ ਇੱਕ ਘੋੜਾ ਖ਼ਰੀਦਣ ਦਾ ਕਰਾਰ ਕਰਦਾ ਹੈ । ਇਹ ਪਤਾ ਲਗਦਾ ਹੈ ਕਿ ਉਹ ਘੋੜਾ ਸੌਦੇ ਦੇ ਸਮੇਂ ਮਰ ਚੁਕਾ ਸੀ, ਭਾਵੇਂ ਕੋਈ ਵੀ ਧਿਰ ਇਸ ਤੱਥ ਤੋਂ ਜਾਣੂ ਨਹੀਂ ਸੀ। ਕਰਾਰ ਸੁੰਨ ਹੈ ।

(ੲ) ਅ ਦੇ ਜੀਵਨ ਭਰ ਲਈ ੳ ਇੱਕ ਸੰਪਦਾ ਦਾ ਹੱਕਦਾਰ ਹੁੰਦਿਆਂ ਹੋਇਆਂ, ਉਸ ਨੂੰ ੲ ਪਾਸ ਵੇਚਣ ਦਾ ਕਰਾਰ ਕਰਦਾ ਹੈ । ਅ ਕਰਾਰ ਦੇ ਸਮੇਂ ਮਰ ਚੁਕਿਆ ਸੀ, ਪਰ ਦੋਵੇਂ ਧਿਰਾਂ ਇਸ ਤੱਥ ਤੋਂ ਜਾਣੂ ਨਹੀਂ ਸਨ । ਕਰਾਰ ਸੁੰਨ ਹੈ ।

ਕਾਨੂੰਨ ਬਾਬਤ ਭੁੱਲਾਂ ਦਾ ਪ੍ਰਭਾਵ।

21. ਕੋਈ ਮੁਆਇਦਾ ਇਸ ਕਰਕੇ ਹੀ ਸੁੰਨਕਰਣਯੋਗ ਨਹੀਂ ਹੈ ਕਿ ਉਹ ਭਾਰਤ ਵਿਚ ਨਾਫ਼ਜ਼ ਕਿਸੇ ਕਾਨੂੰਨ ਬਾਬਤ ਕਿਸੇ ਭੁੱਲ ਦੇ ਕਾਰਨ ਕਾਰਤ ਹੋਇਆ ਸੀ, ਪਰ ਕਿਸੇ ਅਜਿਹੇ ਕਾਨੂੰਨ ਬਾਬਤ, ਜਿਹੜਾ ਭਾਰਤ ਵਿਚ ਨਾਫ਼ਜ਼ ਨਹੀਂ ਹੈ, ਕਿਸੇ ਭੁੱਲ ਦਾ ਉਹ ਹੀ ਪ੍ਰਭਾਵ ਹੈ ਜਿਹੜਾ ਤੱਥ ਦੀ ਭੁੱਲ ਦਾ ਹੈ ।

### ਦ੍ਰਿਸ਼ਟਾਂਤ

ਓ ਅਤੇ ਅ ਇਸ ਗ਼ਲਤ ਵਿਸ਼ਵਾਸ ਦੇ ਆਧਾਰ ਤੇ ਮੁਆਇਦਾ ਕਰਦੇ ਹਨ ਕਿ ਕੋਈ ਖ਼ਾਸ ਰਿਣ ਮਿਆਦ ਬਾਰੇ ਭਾਰਤੀ ਮਿਆਦ ਕਾਨੂੰਨ ਦੁਆਰਾ ਬਾਰਤ ਹੈ ; ਮੁਆਇਦਾ ਸੁੰਨਕਰਣਯੋਗ ਨਹੀਂ ਹੈ ।

22. ਕੋਈ ਮੁਆਇਦਾ ਕੇਵਲ ਇਸ ਕਰਕੇ ਹੀ ਸੁੰਨਕਰਣਯੋਗ ਨਹੀਂ ਹੈ ਕਿ ਉਹ ਉਸ ਦੀਆਂ ਧਿਰਾਂ ਵਿਚੋਂ ਇੱਕ ਦੇ ਤੱਥ ਦੀ ਕਿਸੇ ਗੱਲ ਬਾਬਤ ਭੁੱਲ ਵਿੱਚ ਹੁੰਦਿਆਂ ਹੋਇਆ ਕਾਰਤ ਹੋਇਆ ਸੀ। ਤੱਥ ਦੀ ਗੱਲ ਬਾਬਤ ਇੱਕ ਧਿਰ ਦੀ ਭੁੱਲ ਦੁਆਰਾ ਕਾਰਤ ਮੁਆਇਦਾ।

23. ਕਰਾਰ ਦਾ ਬਦਲ ਜਾਂ ਉਦੇਸ਼ ਕਾਨੂੰਨ-ਪੂਰਨ ਹੈ, ਸਿਵਾਇ ਤਦ ਦੇ ਜਦ— ਕਿਹੜੇ ਬਦਲ ਅਤੇ ਉਦੇਸ਼ ਕਾਨੂੰਨ-ਪੂਰਨ ਹਨ ਅਤੇ ਕਿਹੜੇ ਨਹੀਂ।

ਉਹ ਕਾਨੂੰਨ ਦੁਆਰਾ ਵਰਜਤ ਹੋਵੇ ; ਜਾਂ

ਉਹ ਅਜਿਹੀ ਪ੍ਰਕਿਰਤੀ ਦਾ ਹੋਵੇ ਕਿ, ਜੇ ਉਸ ਦੀ ਇਜਾਜ਼ਤ ਦਿਤੀ ਜਾਵੇ ਤਾਂ, ਉਹ ਕਿਸੇ ਕਾਨੂੰਨ ਦੇ ਉਪਬੰਧਾਂ

ਨੂੰ ਨਿਸਫਲ ਕਰ ਦੇਵੇਗਾ ; ਜਾਂ

ਉਹ ਕਪਟਪੂਰਨ ਹੋਵੇ ; ਜਾਂ

ਉਸ ਵਿਚ ਕਿਸੇ ਦੂਜੇ ਦੇ ਸਰੀਰ ਜਾਂ ਸੰਪਤੀ ਨੂੰ ਹਾਨੀ ਪਲਚਵੀਂ ਜਾਂ ਅਰਥਾਵੀਂ ਹੋਵੇ ; ਜਾਂ

ਉਸ ਨੂੰ ਅਦਾਲਤ ਅਨਸਦਾਚਾਰਕ ਜਾਂ ਲੋਕ-ਨੀਤੀ ਦੇ ਵਿਰੁੱਧ ਸਮਝਦੀ ਹੋਵੇ ।

ਇਨ੍ਹਾਂ ਸੂਰਤਾਂ ਵਿੱਚੋਂ ਹਰਿਕ ਵਿਚ, ਕਰਾਰ ਦਾ ਬਦਲ ਜਾਂ ਉਦੇਸ਼ ਕਾਨੂੰਨ-ਵਿਰੁੱਧ ਕਹਾਉਂਦਾ ਹੈ । ਹਰੇਕ ਉਹ ਕਰਾਰ ਸੁੰਨ ਹੈ ਜਿਸਦਾ ਉਦੇਸ਼ ਜਾਂ ਬਦਲ ਕਾਨੂੰਨ-ਵਿਰੁੱਧ ਹੋਵੇ ।

### ਦ੍ਰਿਸ਼ਟਾਂਤ

(ੳ) ਓ ਆਪਣਾ ਮਕਾਨ 10,000 ਰੁਪਏ ਵਿਚ ਅ ਨੂੰ ਵੇਚਣ ਦਾ ਕਰਾਰ ਕਰਦਾ ਹੈ । ਇਥੇ ਅ ਦਾ 10,000 ਰੁਪਏ ਦੀ ਰਕਮ ਅਦਾ ਕਰਨਾ ਦਾ ਬਚਨ, ਓ ਦੇ ਮਕਾਨ ਵੇਚਣ ਦੇ ਬਚਨ ਲਈ ਬਦਲ ਹੈ, ਅਤੇ ਮਕਾਨ ਵੇਚਣ ਦਾ ਓ ਦਾ ਬਚਨ, ਅ ਦੇ 10,000 ਰੁਪਏ ਅਦਾ ਕਰਨ ਦੇ ਬਚਨ ਲਈ ਬਦਲ ਹੈ । ਇਹ ਕਾਨੂੰਨ-ਪੂਰਨ ਬਦਲ ਹਨ ।

(ਅ) ਓ ਇਹ ਬਚਨ ਦਿੰਦਾ ਹੈ ਕਿ ਜੇ ਏ ਜਿਸ ਨੇ ਅ ਦੇ, 1,000 ਰੁਪਏ ਦੇਣੇ ਹਨ, ਉਸ ਨੂੰ ਅਦਾ ਕਰਨ ਵਿਚ ਅਸਫਲ ਰਿਹਾ ਤਾਂ ਛੇ ਮਹੀਨੇ ਦੇ ਅੰਤ ਤੇ ਉਹ ਅ ਨੂੰ ਉਹ ਰਕਮ ਅਦਾ ਕਰ ਦੇਵੇਗਾ । ਅ ਉਸਦੇ ਅਨੁਸਾਰ ਏ ਨੂੰ ਸਮਾਂ ਦੇਣ ਦਾ ਬਚਨ ਦਿੰਦਾ ਹੈ । ਇਥੇ ਹਰੇਕ ਧਿਰ ਦਾ ਬਚਨ ਦੂਜੀ ਧਿਰ ਦੇ ਬਚਨ ਲਈ ਬਦਲ ਹੈ, ਅਤੇ ਉਹ ਕਾਨੂੰਨ-ਪੂਰਨ ਬਦਲ ਹਨ ।

(ੲ) ਅ ਦੁਆਰਾ ਉਸ ਨੂੰ ਅਦਾ ਕੀਤੀ ਗਈ ਕਿਸੇ ਨਿਸਚਿਤ ਰਕਮ ਵਾਸਤੇ 'ਓ' ਇਹ ਬਚਨ ਦਿੰਦਾ ਹੈ ਕਿ ਜੇ 'ਅ' ਦਾ ਜਹਾਜ਼ ਕਿਸੇ ਨਿਸਿਚਿਤ ਸਮੁੰਦਰੀ ਸਫ਼ਰ ਵਿਚ ਤਬਾਹ ਹੋ ਗਿਆ ਤਾਂ ਉਹ ਉਸ ਦਾ ਮੁੱਲ ਪੂਰਾ ਕਰ ਦੇਵੇਗਾ। ਇਥੇ ਓ ਦਾ ਬਚਨ 'ਅ' ਦੀ ਅਦਾਇਗੀ ਨਹੀਂ ਬਦਲ

ਹੈ, ਅਤੇ 'ਅ' ਦੀ ਅਦਾਇਗੀ 'ੳ' ਦੇ ਬਚਨ ਲਈ ਬਦਲ ਹੈ, ਅਤੇ ਇਹ ਕਾਨੂੰਨ-ਪੂਰਨ ਬਦਲ ਹਨ।

(ਸ) 'ਅ' ਦੇ ਬੱਚੇ ਦਾ ਪਾਲਣ-ਪੋਸਣ ਕਰਨ ਦਾ 'ੳ' ਬਚਨ ਦਿੰਦਾ ਹੈ, ਅਤੇ 'ਅ' ਇਸ ਪ੍ਰਯੋਜਨ ਲਈ 'ੳ' ਨੂੰ 1,000 ਰੁਪਿਆ ਸਾਲਾਨਾ ਅਦਾ ਕਰਨ ਦਾ ਬਚਨ ਦਿੰਦਾ ਹੈ । ਇਥੇ ਹਰੇਕ ਧਿਰ ਦਾ ਬਚਨ ਦੂਜੀ ਧਿਰ ਦੇ ਬਚਨ ਲਈ ਬਦਲ ਹੈ । ਇਹ ਕਾਨੂੰਨ-ਪੂਰਨ ਬਦਲ ਹਨ ।

(ਹ) 'ੳ', 'ਅ' ਅਤੇ 'ੲ' ਉਨ੍ਹਾਂ ਵੱਲੋਂ ਕਪਟ ਦੁਆਰਾ ਅਰਜਤ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਲਾਭਾਂ ਦੀ ਆਪੋ ਵਿਚ ਵੰਡ ਦਾ ਕਰਾਰ ਕਰਦੇ ਹਨ। ਇਹ ਕਰਾਰ ਸੁੰਨ ਹੈ ਕਿਉਂਕਿ ਇਸ ਦਾ ਉਦੇਸ਼ ਕਾਨੂੰਨ-ਵਿਰੁਧ ਹੈ ।

(ਕ) 'ਅ' ਲਈ 'ੳ' ਲੋਕ ਸੇਵਾ ਵਿਚ ਨਿਯੋਜਨ ਹਾਸਲ ਕਰਨ ਦਾ ਬਚਨ ਦਿੰਦਾ ਹੈ, ਅਤੇ 'ੳ' ਨੂੰ 'ਅ' 1,000 ਰੁਪਏ ਅਦਾ ਕਰਨ ਦਾ ਬਚਨ ਦਿੰਦਾ ਹੈ। ਇਹ ਕਰਾਰ ਸੁੰਨ ਹੈ ਕਿਉਂਕਿ ਇਸ ਦੇ ਲਈ ਬਦਲ ਕਾਨੂੰਨ-ਵਿਰੁੱਧ ਹੈ ।

(ਖ) 'ੳ' ਜੋ ਇੱਕ ਭੋਂ ਮਾਲਕ ਦਾ ਏਜੰਟ ਹੈ, ਆਪਣੇ ਮਾਲਕ ਦੇ ਗਿਆਨ ਤੋਂ ਬਿਨਾਂ, ਧਨ ਲੈ ਕੇ, ਮਾਲਕ ਦੀ ਜਮੀਨ ਦਾ ਪੱਟਾ 'ਅ' ਲਈ ਹਾਸਲ ਕਰਨ ਦਾ ਕਰਾਰ ਕਰਦਾ ਹੈ । 'ੳ' ਅਤੇ 'ਅ' ਦੇ ਵਿਚਕਾਰ ਦਾ ਕਰਾਰ ਸੁੰਨ ਹੈ, ਕਿਉਂਕਿ ਉਸ ਵਿਚ 'ੳ' ਦੁਆਰਾ ਆਪਣੇ ਮਾਲਕ ਨਾਲ ਲੁਕੋ ਦੁਆਰਾ ਕਪਟ ਅਰਥਾਵਾਂ ਹੈ ।

(ਗ) 'ੳ' ਉਸ ਮੁਕੱਦਮੇ ਨੂੰ, ਜਿਹੜਾ ਉਸਨੇ ਲੁਟ ਦੇ ਬਾਰੇ 'ਅ' ਦੇ ਵਿਰੁੱਧ ਦਾਇਰ ਕੀਤਾ ਹੈ, ਛਡ ਦੇਣ ਦਾ 'ਅ' ਨੂੰ ਬਚਨ ਦਿੰਦਾ ਹੈ, ਅਤੇ 'ਅ' ਲਈਆਂ ਗਈਆਂ ਚੀਜ਼ਾਂ ਦਾ ਮੁੱਲ ਵਾਪਸ ਕਰਨ ਦਾ ਬਚਨ ਦਿੰਦਾ ਹੈ । ਕਰਾਰ ਸੁੰਨ ਹੈ, ਕਿਉਂਕਿ ਉਸ ਦਾ ਉਦੇਸ਼ ਕਾਨੂੰਨ-ਵਿਰੁੱਧ ਹੈ ।

(ਘ) 'ੳ' ਦੀ ਸੰਪਦਾ ਦੀ ਵਿਕਰੀ, ਮਾਲੀਏ ਦੇ ਬਕਾਏ ਦੇ ਲਈ, ਵਿਧਾਨ ਮੰਡਲ ਦੇ ਇਕ ਐਕਟ ਦੇ ਉਪਬੰਧਾਂ ਦੇ ਅਧੀਨ ਕੀਤੀ ਜਾਂਦੀ ਹੈ, ਜਿਸ ਦੁਆਰਾ ਕੋਤਾਹੀਕਾਰ ਨੂੰ ਉਹ ਸੰਪਦਾ ਖ਼ਰੀਦਣ ਤੋਂ ਮਨ੍ਹਾਂ ਕੀਤਾ ਹੋਇਆ ਹੈ । 'ੳ' ਨਾਲ ਗੱਲ ਤੈਅ ਕਰਕੇ ਅ ਖ਼ਰੀਦਾਰ ਬਣ ਜਾਂਦਾ ਹੈ, ਅਤੇ ਕਰਾਰ ਕਰਦਾ ਹੈ ਕਿ ਉਹ 'ੳ' ਤੋਂ ਉਹ ਕੀਮਤ ਪ੍ਰਾਪਤ ਹੋਣ ਤੇ, ਜਿਹੜੀ 'ਅ' ਨੇ ਦਿੱਤੀ ਹੈ, ਉਸ ਸੰਪਦਾ ਦਾ 'ੳ' ਨੂੰ ਇੰਤਕਾਲ ਕਰ ਦੇਵੇਗਾ । ਕਰਾਰ ਸੁੰਨ ਹੈ, ਕਿਉਂਕਿ ਉਸ ਦਾ ਪ੍ਰਭਾਵ ਇਹ ਹੈ ਕਿ ਵਿਹਾਰ ਕੋਤਾਹੀਕਾਰ ਦੁਆਰਾ ਖ਼ਰੀਦ ਬਣ ਜਾਂਦਾ ਹੈ ਅਤੇ ਇਸ ਤਰਾਂ ਉਸ ਨਾਲ ਕਾਨੂੰਨ ਦਾ ਉਦੇਸ਼ ਨਿਸਫਲ ਹੋ ਜਾਵੇਗਾ ।

(ਙ) 'ੳ', ਜੋ 'ਅ' ਦਾ ਮੁਖ਼ਤਾਰ ਹੈ, ਉਸ ਰੂਪ ਵਿਚ 'ਅ' ਤੇ ਆਪਣੇ ਅਸਰ ਨੂੰ 'ੲ' ਦੇ ਪੱਖ ਵਿਚ ਵਰਤਣ ਦਾ ਬਚਨ ਦਿੰਦਾ ਹੈ, ਅਤੇ 'ੲ' 1,000 ਰੁਪਿਆ 'ੳ' ਨੂੰ ਅਦਾ ਕਰਨ ਦਾ ਬਚਨ ਦਿੰਦਾ ਹੈ । ਕਰਾਰ ਸੁੰਨ ਹੈ, ਕਿਉਂਕਿ ਇਹ ਅਣਸਦਾਚਾਰਕ ਹੈ ।

(ਚ) 'ੳ' ਆਪਣੀ ਧੀ ਨੂੰ ਉਪ-ਪਤਨੀ ਦੇ ਤੌਰ ਤੇ ਰੱਖੇ ਜਾਣ ਲਈ 'ਅ' ਨੂੰ ਭਾੜੇ ਤੇ ਦੇਣ ਦਾ ਕਰਾਰ ਕਰਦਾ ਹੈ । ਕਰਾਰ ਸੁੰਨ ਹੈ, ਕਿਉਂਕਿ ਇਹ ਅਣਸਦਾਚਾਰਕ ਹੈ, ਭਾਵੇਂ ਭਾੜੇ ਤੇ ਦਿੱਤਾ ਜਾਣਾ ਭਾਰਤੀ ਦੰਡ ਸੰਘਤਾ ਦੇ ਅਧੀਨ ਸਜ਼ਾਯੋਗ ਨ ਹੋਵੇ । 1860 ਦਾ 45

**ਸੁੰਨ ਕਰਾਰ**

ਜੇ ਬਦਲ ਅਤੇ

24. ਜੇ ਇੱਕ ਜਾਂ ਵਧੇਰੇ ਉਦੇਸ਼ਾਂ ਲਈ, ਕਿਸੇ ਇਕੋ ਬਦਲ ਦਾ ਕੋਈ ਭਾਗ, ਜਾਂ ਕਿਸੇ

ਇੱਕ ਉਦੇਸ਼ ਲਈ ਕਈ ਬਦਲਾਂ ਵਿਚੋਂ ਕੋਈ ਇੱਕ ਜਾਂ ਕਿਸੇ ਇੱਕ ਦਾ ਕੋਈ ਭਾਗ ਕਾਨੂੰਨ-ਵਿਰੁੱਧ ਹੋਵੇ ਤਾਂ ਕਰਾਰ ਸੁੰਨ ਹੈ ।

ਉਦੇਸ਼ ਭਾਗ ਰੂਪ ਵਿਚ ਕਾਨੂੰਨ ਵਿਰੁੱਧ ਹੋਣ ਤਾਂ ਕਰਾਰ ਸੁੰਨ ਹੋਣਗੇ।

**ਦ੍ਰਿਸ਼ਟਾਂਤ**

'ੳ', ਨੀਲ ਦੇ ਕਾਨੂੰਨੀ ਨਿਰਮਾਣ ਦੀ, ਅਤੇ ਹੋਰ ਵਸਤੂਆਂ ਵਿਚ ਗ਼ੈਰ-ਕਾਨੂੰਨੀ ਦੁਰਵਪਾਰ ਦੀ, ਅ ਦੇ ਨਮਿਤ ਨਿਗਰਾਨੀ ਕਰਨ ਦਾ ਬਚਨ ਦਿੰਦਾ ਹੈ । 'ੳ' ਨੂੰ 'ਅ' 10,000 ਰੁਪਏ ਪ੍ਰਤੀ ਸਾਲ ਤਨਖ਼ਾਹ ਅਦਾ ਕਰਨ ਦਾ ਬਚਨ ਦਿੰਦਾ ਹੈ । ੳ ਦੇ ਬਚਨ ਦਾ ਉਦੇਸ਼ ਅਤੇ 'ਅ' ਦੇ ਬਚਨ ਲਈ ਬਦਲ ਭਾਗ ਰੂਪ ਵਿਚ ਕਾਨੂੰਨ-ਵਿਰੁੱਧ ਹੋਣ ਕਰਕੇ ਕਰਾਰ ਸੁੰਨ ਹੈ ।

25. ਬਦਲ ਦੇ ਬਿਨਾਂ ਕੀਤਾ ਗਿਆ ਕਰਾਰ ਸੁੰਨ ਹੈ, ਸਿਵਾਏ ਤਦ ਦੇ ਜਦ–

ਬਦਲ ਦੇ ਬਿਨਾਂ ਕਰਾਰ ਸੁੰਨ ਹੈ ਸਿਵਾਏ ਤਦ ਦੇ ਜਦ ਉਹ,– ਲਿਖਤ ਵਿੱਚ ਹੋਵੇ ਅਤੇ ਰਜਿਸਟਰ ਕੀਤਾ ਹੋਵੇ,

(1) ਉਹ ਲਿਖਤੀ ਰੂਪ ਵਿਚ ਪ੍ਰਗਟਾਇਆ ਅਤੇ ਦਸਤਾਵੇਜ਼ਾਂ ਦੇ ਰਜਿਸਟਰੀਕਰਣ ਲਈ ਤਤਸਮੇਂ ਨਾਫ਼ਜ਼ ਕਾਨੂੰਨ ਦੇ ਅਧੀਨ ਰਜਿਸਟਰ ਕੀਤਾ ਹੋਵੇ ਅਤੇ ਇੱਕ ਦੂਜੇ ਦੇ ਨਾਲ ਨੇੜੇ ਦੇ ਸੰਬੰਧ ਵਾਲੀਆਂ ਧਿਰਾਂ ਦੇ ਵਿਚਕਾਰ ਕੁਦਰਤੀ ਸਨੇਹ ਅਤੇ ਪਿਆਰ ਦੇ, ਕਾਰਨ ਕੀਤਾ ਗਿਆ ਹੋਵੇ ; ਜਾਂ

ਜਾਂ ਕੀਤੀ ਕਿਸੇ ਗੱਲ ਲਈ ਮੁਆਵਜ਼ਾ ਦੇਣ ਦਾ ਬਚਨ ਹੋਵੇ,

(2) ਉਹ ਕਿਸੇ ਅਜਿਹੇ ਵਿਅਕਤੀ ਨੂੰ ਪੂਰਨ ਤੌਰ ਤੇ ਜਾਂ ਭਾਗ ਰੂਪ ਵਿਚ ਮੁਆਵਜ਼ਾ ਦੇਣ ਲਈ ਬਚਨ ਹੋਵੇ, ਜਿਸ ਨੇ ਕੋਈ ਗੱਲ ਬਚਨਕਾਰ ਲਈ, ਜਾਂ ਅਜਿਹੀ ਕੋਈ ਗੱਲ ਜਿਸ ਦੇ ਕਰਨ ਲਈ ਬਚਨਕਾਰ ਕਾਨੂੰਨੀ ਤੌਰ ਤੇ ਮਜਬੂਰ ਕੀਤਾ ਜਾ ਸਕਦਾ ਸੀ, ਸਵੈ-ਇੱਛਾ ਨਾਲ ਪਹਿਲਾਂ ਹੀ ਕਰ ਦਿੱਤੀ ਹੋਵੇ ; ਜਾਂ

ਜਾਂ ਮਿਆਦ ਦੇ ਕਾਨੂੰਨ ਦੁਆਰਾ ਬਾਰਤ ਰਿਣ ਦੇ ਚੁਕਾਉਣ ਦਾ ਬਚਨ ਹੋਵੇ ।

(3) ਅਜਿਹਾ ਰਿਣ ਪੂਰਨ ਤੌਰ ਤੇ ਜਾਂ ਭਾਗ ਰੂਪ ਵਿਚ ਅਦਾ ਕਰਨ ਲਈ ਲਿਖਤੀ ਰੂਪ ਵਿਚ ਅਤੇ ਉਸ ਦੁਆਰਾ ਭਾਰਿਤ ਕੀਤੇ ਜਾਣ ਵਾਲੇ ਵਿਅਕਤੀ ਦੁਆਰਾ ਜਾਂ ਇਸ ਨਮਿਤ ਆਮ ਤੌਰ ਤੇ ਜਾਂ ਵਿਸ਼ੇਸ਼ ਤੌਰ ਤੇ ਅਖ਼ਤਿਆਰਤ ਏਜੰਟ ਦੁਆਰਾ ਦਸਖ਼ਤ ਕੀਤਾ ਬਚਨ ਹੋਵੇ, ਜਿਸ ਦੀ ਅਦਾਇਗੀ ਲੈਣਦਾਰ ਨਾਫ਼ਜ਼ ਕਰਵਾ ਲੈਂਦਾ, ਜੇ ਦਾਵਿਆਂ ਦੀ ਮਿਆਦ ਬਾਰੇ ਕਾਨੂੰਨ ਨ ਹੁੰਦਾ। ਇਨ੍ਹਾਂ ਵਿਚੋਂ ਕਿਸੇ ਵੀ ਸੂਰਤ ਵਿਚ, ਅਜਿਹਾ ਕਰਾਰ ਮੁਆਇਦਾ ਹੈ ।

**ਵਿਆਖਿਆ 1.**–ਇਸ ਧਾਰਾ ਦੀ ਕੋਈ ਵੀ ਗੱਲ ਵਾਸਤਵ ਵਿਚ ਕੀਤੇ ਗਏ ਕਿਸੇ ਹਿਬੇ ਦੀ ਜਾਇਜ਼ਤਾ ਤੇ, ਜਿੱਥੋਂ ਤੱਕ ਕਿ ਹਿਬਾਕਾਰ ਅਤੇ ਹਿਬਾ-ਪਾਤਰ ਦੇ ਵਿਚਕਾਰ ਦਾ ਸੰਬੰਧ ਹੈ, ਪ੍ਰਭਾਵ ਨਹੀਂ ਪਾਵੇਗੀ ।

**ਵਿਆਖਿਆ 2.**–ਕੋਈ ਕਰਾਰ, ਜਿਸ ਦੇ ਲਈ ਬਚਨਕਾਰ ਦੀ ਸੰਮਤੀ ਸੁਤੰਤਰ ਤੌਰ ਤੇ ਦਿੱਤੀ ਗਈ ਹੈ, ਕੇਵਲ ਇਸ ਕਾਰਨ ਸੁੰਨ ਨਹੀਂ ਹੈ ਕਿ ਬਦਲ ਚੋਖਾ ਨਹੀਂ ਹੈ, ਪਰ ਇਹ ਸਵਾਲ ਤੈਅ ਕਰਨ ਲਈ ਕਿ ਕੀ ਬਚਨਕਾਰ ਦੀ ਸੰਮਤੀ ਸੁਤੰਤਰ ਤੌਰ ਤੇ ਦਿੱਤੀ ਗਈ ਸੀ, ਬਦਲ ਦਾ ਚੋਖਾ ਨ ਹੋਣਾ ਅਦਾਲਤ ਦੁਆਰਾ ਧਿਆਨ ਵਿਚ ਰਖਿਆ ਜਾ ਸਕੇਗਾ ।

**ਦ੍ਰਿਸ਼ਟਾਂਤ**

(ੳ) 'ਅ' ਨੂੰ ਕਿਸੇ ਬਦਲ ਦੇ ਬਿਨਾਂ 'ੳ' 1,000 ਰੁਪਏ ਦੇਣ ਦਾ ਬਚਨ ਦਿੰਦਾ ਹੈ । ਇਹ ਇੱਕ ਸੁੰਨ ਕਰਾਰ ਹੈ ।

(ਅ) 'ੳ', ਕੁਦਰਤੀ ਸਨੇਹ ਅਤੇ ਪਿਆਰ ਕਰਕੇ ਆਪਣੇ ਪੁੱਤਰ 'ਅ' ਨੂੰ 1,000 ਰੁਪਏ ਦੇਣ ਦਾ ਬਚਨ ਦਿੰਦਾ ਹੈ । 'ਅ' ਨਾਲ ਆਪਣੇ ਬਚਨ ਨੂੰ ੳ ਲਿਖਤ-ਬਧ ਕਰਕੇ ਉਸ ਦੀ ਰਜਿਸਟਰੀ ਕਰਵਾ ਦਿੰਦਾ ਹੈ । ਇਹ ਇੱਕ ਮੁਆਇਦਾ ਹੈ ।

(ੲ) 'ੳ' ਨੂੰ 'ਅ' ਦਾ ਬਟੂਆ ਲੱਭਦਾ ਹੈ ਅਤੇ ਉਸ ਨੂੰ ਦੇ ਦਿੰਦਾ ਹੈ । 'ੳ' ਨੂੰ 'ਅ' 50 ਰੁਪਏ ਦੇਣ ਦਾ ਬਚਨ ਦਿੰਦਾ ਹੈ । ਇਹ ਇੱਕ ਮੁਆਇਦਾ ਹੈ ।

(ਸ) 'ਅ' ਦੇ ਨਿਆਣੇ ਪੁੱਤਰ ਦੀ 'ੳ' ਪਾਲਣਾ ਕਰਦਾ ਹੈ । 'ਅ' ਅਜਿਹਾ ਕਰਨ ਵਿਚ ਹੋਏ 'ੳ' ਦੇ ਖ਼ਰਚ ਅਦਾ ਕਰਨ ਦਾ ਬਚਨ ਦਿੰਦਾ ਹੈ । ਇਹ ਇੱਕ ਮੁਆਇਦਾ ਹੈ ।

(ਹ) 'ੳ' ਨੇ 'ਅ' ਦੇ 1,000 ਰੁਪਏ ਦੇਣੇ ਹਨ, ਪਰ ਇਹ ਰਿਣ ਮਿਆਦ ਐਕਟ ਦੁਆਰਾ ਬਾਰਤ ਹੈ । ੳ ਉਸ ਰਿਣ ਬਾਬਤ 'ਅ' ਨੂੰ 500 ਰੁਪਏ ਦੇਣ ਦੇ ਲਿਖਤੀ ਬਚਨ ਤੇ ਦਸਖ਼ਤ ਕਰਦਾ ਹੈ । ਇਹ ਇੱਕ ਮੁਆਇਦਾ ਹੈ ।

(ਕ) 'ੳ' 1,000 ਰੁਪਏ ਦੇ ਮੁੱਲ ਦਾ ਘੋੜਾ 10 ਰੁਪਏ ਵਿਚ ਵੇਚਣ ਦਾ ਕਰਾਰ ਕਰਦਾ ਹੈ । ਇਸ ਕਰਾਰ ਦੇ ਲਈ 'ੳ' ਦੀ ਸੰਮਤੀ ਸੁਤੰਤਰ ਤੌਰ ਤੇ ਦਿੱਤੀ ਗਈ ਸੀ । ਬਦਲ ਚੋਖਾ ਨ ਹੁੰਦਿਆਂ ਹੋਇਆਂ ਵੀ ਇਹ ਕਰਾਰ ਇੱਕ ਮੁਆਇਦਾ ਹੈ ।

(ਖ) 'ੳ', 1000 ਰੁਪਏ ਦੇ ਮੁੱਲ ਦਾ ਘੋੜਾ 10 ਰੁਪਏ ਵਿਚ ਵੇਚਣ ਦਾ ਕਰਾਰ ਕਰਦਾ ਹੈ । 'ੳ' ਇਸ ਤੋਂ ਇਨਕਾਰ ਕਰਦਾ ਹੈ ਕਿ ਇਸ ਕਰਾਰ ਦੇ ਲਈ ਉਸਦੀ ਸੰਮਤੀ ਸੁਤੰਤਰ ਤੌਰ ਤੇ ਦਿੱਤੀ ਗਈ ਸੀ ।

ਬਦਲ ਦਾ ਚੋਖਾ ਨ ਹੋਣਾ ਇੱਕ ਤੱਥ ਹੈ ਜਿਹੜਾ ਅਦਾਲਤ ਨੂੰ ਇਹ ਵਿਚਾਰ ਕਰਨ ਲਈ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਕੀ 'ੳ' ਦੀ ਸੰਮਤੀ ਸੁਤੰਤਰ ਤੌਰ ਤੇ ਦਿੱਤੀ ਗਈ ਹੈ।

ਵਿਆਹ ਤੇ ਰੋਕ ਵਾਲਾ ਕਰਾਰ ਸੁੰਨ।

26. ਨਾਬਾਲਗ਼ ਤੋਂ ਬਿਨਾਂ ਹੋਰ ਕਿਸੇ ਵਿਅਕਤੀ ਦੇ ਵਿਆਹ ਤੇ ਰੋਕ ਦਾ ਹਰਿਕ ਕਰਾਰ ਸੁੰਨ ਹੈ ।

ਵਪਾਰ ਤੇ ਰੋਕ ਵਾਲਾ ਕਰਾਰ ਸੁੰਨ।

27. ਹਰਿਕ ਕਰਾਰ ਜਿਸ ਦੁਆਰਾ ਕਿਸੇ ਵਿਅਕਤੀ ਤੇ ਕਿਸੇ ਤਰ੍ਹਾਂ ਦਾ ਕਾਨੂੰਨ-ਪੂਰਨ ਪੇਸ਼ਾ, ਵਪਾਰ ਜਾਂ ਕਾਰੋਬਾਰ ਕਰਨ ਤੇ ਰੋਕ ਲਾਈ ਜਾਂਦੀ ਹੈ, ਉਸ ਹੱਦ ਤੱਕ ਸੁੰਨ ਹੈ ।

ਜਿਸ ਕਾਰੋਬਾਰ ਦੀ ਗੁਡਵਿਲ ਵੇਚ ਦਿੱਤੀ ਗਈ ਹੈ, ਉਸ ਕਾਰੋਬਾਰ ਨੂੰ ਨ ਚਲਾਉਣ ਦੇ ਕਰਾਰ ਦੀ ਛੋਟ ।

**ਅਪਵਾਦ 1.**—ਉਹ ਵਿਅਕਤੀ ਜਿਹੜਾ ਕਿਸੇ ਕਾਰੋਬਾਰ ਦੀ ਗੁਡਵਿਲ ਵੇਚ ਦਿੰਦਾ ਹੈ ਖ਼ਰੀਦਾਰ ਨਾਲ ਇਹ ਕਰਾਰ ਕਰ ਸਕੇਗਾ ਕਿ ਉਹ ਉਲਿਖਤ ਸਥਾਨਕ ਸੀਮਾਵਾਂ ਦੇ ਅੰਦਰ ਉਹੋ ਜਿਹਾ ਕਾਰੋਬਾਰ ਤਦ ਤੱਕ ਕਰਨ ਤੋਂ ਗੁਰੇਜ਼ ਕਰੇਗਾ ਜਦ ਤੱਕ ਕਿ ਖ਼ਰੀਦਾਰ ਜਾਂ ਕੋਈ ਅਜਿਹਾ ਵਿਅਕਤੀ ਜਿਸ ਨੂੰ ਉਸ ਤੋਂ ਗੁਡਵਿਲ ਦਾ ਹੱਕ ਵਿਉਤਪੰਨ ਹੋਇਆ ਹੋਵੇ ਉਨ੍ਹਾਂ ਸੀਮਾਵਾਂ ਵਿਚ ਉਹੋ ਕਾਰੋਬਾਰ ਕਰਦਾ ਰਹੇ, ਪਰੰਤੂ ਕਾਰੋਬਾਰ ਦੀ ਪ੍ਰਕਿਰਤੀ ਦੀ ਪ੍ਰਕਿਰਤੀ ਨੂੰ ਧਿਆਨ ਵਿਚ ਰਖਦੇ ਹੋਏ ਅਜਿਹੀਆਂ ਸੀਮਾਵਾਂ ਅਦਾਲਤ ਨੂੰ ਵਾਜਬੀ ਪ੍ਰਤੀਤ ਹੋਣ ।

ਕਾਨੂੰਨੀ ਕਾਰਵਾਈਆਂ ਤੇ ਰੋਕ ਵਾਲੇ ਕਰਾਰ ਸੁੰਨ ਹਨ ।

28. ''ਹਰਿਕ ਕਰਾਰ,

(ੳ) ਜਿਸ ਦੁਆਰਾ ਉਸਦੀ ਕਿਸੇ ਧਿਰ ਤੇ ਕਿਸੇ ਮੁਆਇਦੇ ਅਧੀਨ ਜਾਂ ਬਾਰੇ ਵਿੱਚ ਆਪਣੇ ਅਧਿਕਾਰ ਸਾਧਾਰਨ ਟ੍ਰਿਬਿਊਨਲਾਂ ਵਿੱਚ ਆਮ ਕਾਨੂੰਨੀ ਕਾਰਵਾਈਆਂ ਦੁਆਰਾ ਨਾਫ਼ਜ਼ ਕਰਵਾਉਣ ਤੇ ਕਤੱਈ ਪਾਬੰਦੀ ਲਾ ਦਿੱਤੀ ਗਈ ਹੋਵੇ ਜਾਂ ਜੋ ਉਹ ਸਮਾਂ ਸੀਮਤ ਕਰ ਦਿੰਦਾ

ਹੋਵੇ ਜਿਸ ਦੇ ਅੰਦਰ ਉਹ ਆਪਣੇ ਅਧਿਕਾਰ ਇਸ ਤਰ੍ਹਾਂ ਨਾਫ਼ਜ਼ ਕਰਾ ਸਕਦੀ ਹੈ ; ਜਾਂ

(ਅ) ਜੋ ਕਿਸੇ ਉਲਿਖਤ ਮੁੱਦਤ ਦੇ ਗੁਜ਼ਰਨ ਤੇ ਕਿਸੇ ਮੁਆਇਦੇ ਦੇ ਅਧੀਨ ਜਾਂ ਉਸਦੇ ਬਾਰੇ ਵਿੱਚ ਉਸਦੀ ਕਿਸੇ ਧਿਰ ਦੇ ਅਧਿਕਾਰਾਂ ਨੂੰ ਖ਼ਤਮ ਕਰ ਦਿੰਦਾ ਹੈ ਜਾਂ ਉਸ ਦੀ ਕਿਸੇ ਧਿਰ ਨੂੰ ਕਿਸੇ ਦੇਣਦਾਰੀ ਤੋਂ ਮੁਕਤ ਕਰ ਦਿੰਦਾ ਹੈ, ਜਿਸ ਨਾਲ ਕਿਸੇ ਧਿਰ ਤੇ ਆਪਣੇ ਅਧਿਕਾਰਾਂ ਨੂੰ ਨਾਫ਼ਜ਼ ਕਰਾਉਣ ਤੇ ਪਾਬੰਦੀ ਲਗਾ ਦਿੱਤੀ ਜਾਵੇ,

ਉਹ ਹੱਦ ਤੱਕ ਸੁੰਨ੍ਹ ਹੈ ''।

ਪੈਦਾ ਹੋਣ ਵਾਲੇ ਝਗੜਿਆਂ ਨੂੰ ਸਾਲਸੀ ਲਈ ਸੌਂਪਣ ਦੇ ਮੁਆਇਦੇ ਦਾ ਬਚਾਉ ।

**ਅਪਵਾਦ 1.**— ਇਹ ਧਾਰਾ ਉਸ ਮਆਇਦੇ ਨੂੰ ਗ਼ੈਰ-ਕਾਨੂੰਨੀ ਨਹੀਂ ਕਰ ਦੇਵੇਗੀ, ਜਿਸ ਦੁਆਰਾ ਦੋ ਜਾਂ ਵਧ ਵਿਅਕਤੀ ਕਰਾਰ ਕਰਨ ਕਿ ਕਿਸੇ ਵਿਸ਼ੇ ਜਾਂ ਵਿਸ਼ਿਆਂ ਦੇ ਵਰਗ ਦੇ ਬਾਰੇ, ਉਨ੍ਹਾਂ ਵਿਚਕਾਰ ਪੈਦਾ ਹੋਣ ਵਾਲਾ ਕੋਈ ਝਗੜਾ ਸਾਲਸੀ ਲਈ ਸੌਂਪਿਆ ਜਾਵੇਗਾ, ਅਤੇ ਇਹ ਕਿ ਇਸ ਤਰ੍ਹਾਂ ਸੌਂਪੇ ਗਏ ਝਗੜੇ ਦੇ ਬਾਰੇ ਕੇਵਲ ਉਹ ਰਕਮ ਵਸੂਲੀਯੋਗ ਹੋਵੇਗੀ ਜਿਹੜੀ ਅਜਿਹੇ ਸਾਲਸੀ ਫ਼ੈਸਲੇ ਵਿਚ ਦਿੱਤੀ ਜਾਵੇ ।

ਜੋ ਸਵਾਲ ਪਹਿਲਾਂ ਹੀ ਪੈਦਾ ਹੋ ਚੁੱਕੇ ਹਨ ਉਨ੍ਹਾਂ ਨੂੰ ਸੌਂਪਣ ਦੇ ਮੁਆਇਦੇ ਦਾ ਬਚਾਉ ।

**ਅਪਵਾਦ 2.**—ਨ ਹੀ ਇਹ ਧਾਰਾ ਕਿਸੇ ਅਜਿਹੇ ਲਿਖਤੀ ਮੁਆਇਦੇ ਨੂੰ ਗ਼ੈਰ-ਕਾਨੂੰਨੀ ਕਰੇਗੀ ਜਿਸ ਦੁਆਰਾ ਦੋ ਜਾਂ ਵਧੇਰੇ ਵਿਅਕਤੀ ਕਿਸੇ ਸਵਾਲ ਨੂੰ, ਜਿਹੜਾ ਉਨ੍ਹਾਂ ਦੇ ਵਿਚਕਾਰ ਪਹਿਲਾਂ ਹੀ ਪੈਦਾ ਹੋ ਚੁੱਕਾ ਹੈ, ਸਾਲਸੀ ਲਈ ਸੌਂਪਣ ਦਾ ਕਰਾਰ ਕਰਨ ਅਤੇ ਨ ਹੀ ਸਾਲਸੀ ਲਈ ਹਵਾਲਿਆਂ ਬਾਰੇ ਕਿਸੇ ਤਤਸਮੇਂ ਨਾਫ਼ਜ਼ ਕਾਨੂੰਨ ਦੇ ਉਪਬੰਧਾਂ ਤੇ ਹੀ ਪ੍ਰਭਾਵ ਪਾਵੇਗੀ ।

ਕਿਸੇ ਬੈਂਕ ਜਾਂ ਵਿੱਤੀ ਸੰਸਥਾ ਦੇ ਗਰੰਟੀ ਕਰਾਰ ਦਾ ਬਚਾਉ।

**ਅਪਵਾਦ 3.**— ਇਹ ਧਾਰਾ ਅਜਿਹੇ ਕਿਸੇ ਲਿਖਤੀ ਮੁਆਇਦੇ ਲਈ ਗ਼ੈਰ-ਕਾਨੂੰਨੀ ਨਹੀਂ ਹੋਵੇਗੀ ਜਿਸ ਦੁਆਰਾ ਕਿਸੇ ਬੈਂਕ ਜਾਂ ਵਿੱਤੀ ਸੰਸਥਾ ਦੁਆਰਾ ਕਿਸੇ ਗਰੰਟੀ ਜਾਂ ਗਰੰਟੀ ਦਾ ਉਪਬੰਧ ਕਰਨ ਵਾਲੇ ਕਿਸੇ ਕਰਾਰ ਵਿੱਚ, ਉਸ ਉਲਿਖਤ ਮਿਆਦ ਦੇ ਗੁਜ਼ਰਨ ਤੇ, ਜੋ ਅਜਿਹੀ ਧਿਰ ਦੀ ਉਕਤ ਉੱਤਰਦਾਇਤਾ ਨੂੰ ਖਤਮ ਕਰਨ ਜਾਂ ਮੁਕਤ ਕਰਨ ਸੰਬੰਧੀ ਉਲਿੱਖਤ ਹੋਣ ਜਾਂ ਨਾ ਹੋਣ ਦੀ ਤਰੀਕ ਤੋਂ ਇਕ ਸਾਲ ਤੋਂ ਘੱਟ ਦੀ ਨਹੀਂ ਹੈ, ਅਜਿਹੀ ਗਰੰਟੀ ਜਾਂ ਕਰਾਰ ਦੇ ਅਧੀਨ ਜਾਂ ਉਸ ਬਾਰੇ ਉਸ ਦੀ ਕਿਸੇ ਧਿਰ ਦੇ ਅਧਿਕਾਰਾਂ ਨੂੰ ਖਤਮ ਕਰਨ ਜਾਂ ਮੁਕਤ ਕਰਨ ਸਬੰਧੀ ਮੁਦੱਤ ਨਿਯਤ ਕੀਤੀ ਗਈ ਹੋਵੇ।

ਵਿਆਖਿਆ.—

(i) ਅਪਵਾਦ 3 ਵਿਚ, ਪਦ ''ਬੈਂਕ'' ਦਾ ਮਤਲਬ ਹੈ-

1949 ਦਾ 10

(ੳ) ਕੋਈ ''ਬੈਂਕਕਾਰੀ ਕੰਪਨੀ'' ਜਿਵੇਂ ਬੈਂਕਕਾਰੀ ਵਿਨਯਮਨ ਐਕਟ, 1949 ਦੀ ਧਾਰਾ 5 ਦੇ ਖੰਡ(ੲ) ਵਿੱਚ ਯਥਾ-ਪਰਿਭਾਸ਼ਤ ਹੈ;

1949 ਦਾ 10

(ਅ) ''ਕੋਈ ਤੱਤਸਥਾਨੀ ਨਵਾਂ ਬੈਂਕ'', ਜਿਵੇਂ ਬੈਂਕਕਾਰੀ ਵਿਨਯਮਨ ਐਕਟ, 1949 ਦੀ ਧਾਰਾ 5 ਦੇ ਖੰਡ (ਸ ੳ) ਵਿੱਚ ਯਥਾ ਪਰਿਭਾਸ਼ਤ ਹੈ;

1955 ਦਾ 23

(ੲ) ਭਾਰਤੀ ਸਟੇਟ ਬੈਂਕ ਐਕਟ, 1955 ਦੀ ਧਾਰਾ 3 ਦੇ ਅਧੀਨ ਗਠਤ ''ਭਾਰਤੀ ਸਟੇਟ ਬੈਂਕ'';

1959 ਦਾ 38

(ਸ) ਕੋਈ ''ਸਹਾਇਕ ਬੈਂਕ'' ਜੋ ਭਾਰਤੀ ਸਟੇਟ ਬੈਂਕ (ਸਹਾਇਕ ਬੈਂਕ) ਅਧੀਨ, 1959 ਦੀ ਧਾਰਾ 2 ਦੇ ਖੰਡ (ਚ) ਵਿੱਚ ਯਥਾ ਪਰਿਭਾਸ਼ਤ ਹੈ;

1976 ਦਾ 21

(ਹ) ਪ੍ਰਦੇਸ਼ਕ ਦਿਹਾਤੀ ਬੈਂਕ ਐਕਟ, 1976 ਦੀ ਧਾਰਾ 3 ਅਧੀਨ ਸਥਾਪਨਾ ਪ੍ਰਦੇਸ਼ਕ ਦਿਹਾਤੀ ਬੈਂਕ;

1949 ਦਾ 10 (ਕ) ਕੋਈ ''ਸਹਿਕਾਰੀ ਬੈਂਕ'' ਜੋ ਬੈਂਕਕਾਰੀ ਵਿਨਯਮਨ ਐਕਟ, 1949 ਦੀ ਧਾਰਾ 5 ਦੇ ਖੰਡ (ਇਙ-i) ਵਿੱਚ ਯਥਾ ਪਰਿਭਾਸ਼ਤ ਹੈ;

1949 ਦਾ 10 (ਖ) ਕੋਈ ''ਬਹੁ-ਰਾਜੀ ਸਹਿਕਾਰੀ ਬੈਂਕ'', ਜੋ ਬੈਂਕਕਾਰੀ ਵਿਨਯਮਨ ਐਕਟ, 1949 ਦੀ ਧਾਰਾ 5 ਦੇ ਖੰਡ (ਇਙ-iiiੳ) ਵਿੱਚ ਯਥਾ ਪਰਿਭਾਸ਼ਤ ਹੈ; ਅਤੇ

1956 ਦਾ 1 (ii) ਅਪਵਾਦ 3 ਵਿੱਚ ਪਦ ''ਵਿੱਤੀ ਸੰਸਥਾ'', ਦਾ ਮਤਲਬ ਹੈ ਕੰਪਨੀ ਐਕਟ, 1956 ਦੀ ਧਾਰਾ 4ੳ ਦੇ ਅਰਥਾਂ ਅੰਦਰ ਕੋਈ ਲੋਕ ਵਿੱਤੀ ਸੰਸਥਾ।

ਕਰਾਰਾਂ ਦਾ ਅਨਿਸਚਿਤਤਾ ਦੇ ਕਾਰਨ ਸੁੰਨ ਹੋਣਾ।

29. ਉਹ ਕਰਾਰ ਜਿਨ੍ਹਾਂ ਦਾ ਅਰਥ ਨਿਸਚਿਤ ਨਹੀਂ ਹੈ, ਜਾਂ ਨਿਸਚਿਤ ਕੀਤੇ ਜਾਣ ਯੋਗ ਨਹੀਂ ਹੈ, ਸੁੰਨ ਹਨ ।

ਦ੍ਰਿਸ਼ਟਾਂਤ

(ੳ) ਅ ਨੂੰ ੳ ''ਇੱਕ ਸੌ ਟਨ ਤੇਲ'' ਵੇਚਣ ਦਾ ਕਰਾਰ ਕਰਦਾ ਹੈ । ਅਜਿਹੀ ਕੋਈ ਗੱਲ ਨਹੀਂ ਹੈ ਜੋ ਇਹ ਵਿਖਾਵੇ ਕਿ ਕਿਸ ਕਿਸਮ ਦਾ ਤੇਲ ਚਿਤਵਿਆ ਗਿਆ ਸੀ । ਇਹ ਕਕਾਰ ਅਨਿਸਚਿਤਤਾ ਕਾਰਨ ਸੁੰਨ ਹੈ ।

(ਅ) ਅ ਨੂੰ ੳ ਇੱਕ ਵਣਜ ਦੀ ਵਸਤੂ ਦੇ ਤੌਰ ਤੇ ਗਿਆਤ ਇੱਕ ਉਲਿਖਤ ਵਰਣਨ ਦਾ ਇੱਕ ਸੌ ਟਨ ਤੇਲ ਵੇਚਣ ਦਾ ਕਰਾਰ ਕਰਦਾ ਹੈ । ਇਥੇ ਕੋਈ ਅਨਿਸਚਿਤਤਾ ਨਹੀਂ ਹੈ ਜਿਸ ਨਾਲ ਕਰਾਰ ਸੁੰਨ ਹੋ ਜਾਵੇ ।

(ੲ) ੳ ਜੋ ਕੇਵਲ ਖੋਪੇ ਦੇ ਤੇਲ ਦਾ ਵਪਾਰੀ ਹੈ, ਅ ਨੂੰ ''ਇੱਕ ਸੌ ਟਨ ਤੇਲ'' ਵੇਚਣ ਦਾ ਕਰਾਰ ਕਰਦਾ ਹੈ, ੳ ਦੇ ਵਪਾਰ ਦੀ ਪ੍ਰਕ੍ਰਿਤੀ ਸ਼ਬਦਾਂ ਦੇ ਅਰਥ ਦਸਦੀ ਹੈ, ਅਤੇ ੳ ਨੇ ਇੱਕ ਸੌ ਟਨ ਖੋਪੇ ਦਾ ਤੇਲ ਵੇਚਣ ਦਾ ਮੁਆਇਦਾ ਕੀਤਾ ਹੈ ।

(ਸ) ਅ ਨੂੰ ੳ ''ਰਾਮਨਗਰ ਵਿਚ ਮੇਰੇ ਅਨਾਜ ਭੰਡਾਰ ਦਾ ਸਾਰਾ ਅਨਾਜ'' ਵੇਚਣ ਦਾ ਕਰਾਰ ਕਰਦਾ ਹੈ । ਇਥੇ ਕੋਈ ਅਨਿਸਚਿਤਤਾ ਨਹੀਂ ਹੈ ਜਿਸ ਨਾਲ ਕਰਾਰ ਸੁੰਨ ਹੋ ਜਾਵੇ ।

(ਹ) 'ੳ' ''ੲ ਦੁਆਰਾ ਨਿਯਤ ਕੀਤੀ ਜਾਣ ਵਾਲੀ ਕੀਮਤ ਤੇ'' ''ਇੱਕ ਹਜ਼ਾਰ ਮਣ ਚਾਉਲ'' 'ਅ' ਨੂੰ ਵੇਚਣ ਦਾ ਕਰਾਰ ਕਰਦਾ ਹੈ । ਕਿਉਂਕਿ ਕੀਮਤ ਨਿਸਚਿਤ ਕੀਤੇ ਜਾਣ ਯੋਗ ਹੈ, ਇਸ ਲਈ ਇਥੇ ਕੋਈ ਅਨਿਸਚਿਤਤਾ ਨਹੀਂ ਹੈ ਜਿਸ ਨਾਲ ਕਰਾਰ ਸੁੰਨ ਹੋ ਜਾਵੇ ।

(ਕ) ਅ ਨੂੰ ੳ ''ਮੇਰਾ ਸਫ਼ੈਦ ਘੋੜਾ ਪੰਜ ਸੌ ਰੁਪਏ ਜਾਂ ਇੱਕ ਹਜ਼ਾਰ ਰੁਪਏ ਵਿਚ'' ਵੇਚਣ ਦਾ ਕਰਾਰ ਕਰਦਾ ਹੈ । ਇਹ ਵਿਖਾਉਣ ਲਈ ਕੁਝ ਵੀ ਨਹੀਂ ਕਿ ਇਨ੍ਹਾਂ ਦੋ ਕੀਮਤਾਂ ਵਿਚੋਂ ਕਿਹੜੀ ਦਿੱਤੀ ਜਾਣੀ ਹੈ । ਕਰਾਰ ਸੁੰਨ ਹੈ ।

ਸ਼ਰਤ ਬਿਦਣ ਦੇ ਤੌਰ ਤੇ ਕਰਾਰ ਸੁੰਨ ।

30. ਸ਼ਰਤ-ਬਿਦਣ ਦੇ ਤੌਰ ਤੇ ਕਰਾਰ ਸੁੰਨ ਹਨ ; ਅਤੇ ਕਿਸੇ ਅਜਿਹੀ ਚੀਜ਼ ਦੀ ਵਸੂਲੀ ਲਈ ਕੋਈ ਦਾਵਾ ਨਹੀਂ ਕੀਤਾ ਜਾਵੇਗਾ ਜੋ ਸ਼ਰਤ ਬਿਦ ਕੇ ਜਿੱਤੀ ਗਈ ਕਥਿਤ ਹੋਵੇ, ਜਾਂ ਜੋ ਕਿਸੇ ਵਿਅਕਤੀ ਨੂੰ ਕਿਸੇ ਅਜਿਹੀ ਖੇਡ ਜਾਂ ਹੋਰ ਅਨਿਸਚਿਤ ਘਟਨਾ ਦੇ, ਜਿਸ ਦੇ ਬਾਰੇ ਕੋਈ ਸ਼ਰਤ ਬਿਦੀ ਗਈ ਹੈ, ਨਤੀਜੇ ਅਨੁਸਾਰ ਨਿਪਟਾਰਾ ਕਰਨ ਲਈ ਸੌਂਪੀ ਗਈ ਹੋਵੇ ।

ਘੋੜ-ਦੌੜ ਲਈ ਕੁਝ ਇਨਾਮਾਂ ਦੇ ਪੱਖ ਵਿੱਚ ਅਪਵਾਦ ।

ਇਹ ਧਾਰਾ ਅਜਿਹੇ ਚੰਦੇ ਜਾਂ ਅੰਸ਼ਦਾਨ ਜਾਂ ਚੰਦਾ ਦੇਣ ਜਾਂ ਅੰਸ਼ਦਾਨ ਕਰਨ ਦੇ ਅਜਿਹੇ ਕਰਾਰ ਨੂੰ ਕਾਨੂੰਨ-ਵਿਰੁਧ ਬਣਾ ਦੇਣ ਵਾਲੀ ਨਹੀਂ ਸਮਝੀ ਜਾਵੇਗੀ ਜੋ ਕਿਸੇ ਘੋੜ-ਦੌੜ ਦੇ ਜੇਤੂਆਂ ਨੂੰ ਦਿੱਤੀ ਜਾਣ ਵਾਲੀ ਕਿਸੇ ਪਲੇਟ, ਇਨਾਮ ਜਾਂ ਧਨ ਰਕਮ ਲਈ ਜਾਂ ਵਲ ਦਿੱਤਾ ਜਾਂ ਕੀਤਾ ਜਾਵੇ ਜਿਸ ਦਾ ਮੁੱਲ ਜਾਂ ਰਕਮ 500 ਰੁਪਏ ਜਾਂ ਉਸ ਤੋਂ ਵਧ ਹੋਵੇ ।

ਭਾਰਤੀ ਦੰਡ ਸੰਘਤਾ ਦੀ ਧਾਰਾ 294ੳ ਪ੍ਰਭਾਵਤ ਨਹੀਂ ਹੋਵੇਗੀ ।

ਇਸ ਧਾਰਾਂ ਦੀ ਕੋਈ ਗੱਲ ਘੋੜ-ਦੌੜ ਨਾਲ ਸੰਬੰਧਤ ਕਿਸੇ ਅਜਿਹੇ ਵਿਹਾਰ ਨੂੰ ਕਾਨੂੰਨ-ਪੂਰਨ ਬਣਾ ਦੇਣ ਵਾਲੀ ਨਹੀਂ ਸਮਝੀ ਜਾਵੇਗੀ, ਜਿਸ ਨੂੰ ਭਾਰਤੀ ਦੰਡ ਸੰਘਤਾ ਦੀ ਧਾਰਾ 294ੳ ਦੇ ਉਪਬੰਧ ਲਾਗੂ ਹੁੰਦੇ ਹਨ । 1860 ਦਾ 45

## ਅਧਿਆਏ III

## ਆਸਰਿਤ ਮੁਆਇਦਿਆਂ ਦੇ ਬਾਰੇ

''ਅਸਰਿਤ ਮੁਆਇਦੇ'' ਦੀ ਪਰਿਭਾਸ਼ਾ ।

31. ''ਆਸਰਿਤ ਮੁਆਇਦਾ'' ਉਹ ਮੁਆਇਦਾ ਹੈ ਜੋ ਇੱਕ ਅਜਿਹੇ ਮੁਆਇਦੇ ਦੀ ਪ੍ਰਸੰਗਕ ਘਟਨਾ ਦੇ ਵਾਪਰਨ ਜਾਂ ਨ ਵਾਪਰਨ ਤੇ ਕਿਸੇ ਗੱਲ ਨੂੰ ਕਰਨ ਜਾਂ ਨ ਕਰਨ ਲਈ ਹੋਵੇ ।

### ਦ੍ਰਿਸ਼ਟਾਂਤ

ਅ ਨਾਲ ੳ ਮੁਆਇਦਾ ਕਰਦਾ ਹੈ, ਕਿ ਜੇ ਅ ਦਾ ਘਰ ਸੜ ਜਾਵੇ ਤਾਂ ਉਹ ਅ ਨੂੰ 10,000 ਰੁਪਏ ਅਦਾ ਕਰੇਗਾ । ਇੱਹ ਇੱਕ ਆਸਰਿਤ ਮੁਆਇਦਾ ਹੈ ।

ਅਜਿਹੇ ਮੁਆਇਦਿਆਂ ਨੂੰ ਨਾਫ਼ਜ਼ ਕਰਨਾ ਜੋ ਕਿਸੇ ਘਟਨਾ ਦੇ ਵਾਪਰਨ ਤੇ ਆਸਰਿਤ ਹੋਣ ।

32. ਉਹ ਆਸਰਿਤ ਮੁਆਇਦੇ, ਜੋ ਕਿਸੇ ਅਨਿਸਚਿਤ ਭਵਿਖਤ ਘਟਨਾ ਦੇ ਵਾਪਰਨ ਤੇ ਕੋਈ ਗੱਲ ਕਰਨ ਜਾਂ ਨ ਕਰਨ ਲਈ ਹੋਣ, ਕਾਨੂੰਨ ਦੁਆਰਾ ਨਾਫ਼ਜ਼ ਨਹੀਂ ਕੀਤੇ ਜਾ ਸਕਦੇ, ਜੇਕਰ ਅਤੇ ਜਦ ਤੱਕ ਉਹ ਘਟਨਾ ਵਾਪਰ ਨ ਗਈ ਹੋਵੇ ।

ਜੇ ਉਹ ਘਟਨਾ ਅਸੰਭਵ ਹੋ ਜਾਵੇ ਤਾਂ ਅਜਿਹੇ ਮੁਆਇਦੇ ਸੁੰਨ ਹੋ ਜਾਂਦੇ ਹਨ ।

### ਦ੍ਰਿਸ਼ਟਾਂਤ

(ੳ) ਅ ਨਾਲ ੳ ਮੁਆਇਦਾ ਕਰਦਾ ਹੈ ਕਿ ਜੇ ਏ ਦੇ ਮਰਨ ਤੋਂ ਪਿੱਛੋਂ ੳ ਜਿਊਂਦਾ ਰਿਹਾ ਤਾਂ ਉਹ ਅ ਦਾ ਘੋੜਾ ਖ਼ਰੀਦ ਲਵੇਗਾ । ਇਹ ਮੁਆਇਦਾ ਕਾਨੂੰਨ ਦੁਆਰਾ ਨਾਫ਼ਜ਼ ਨਹੀਂ ਕੀਤਾ ਜਾ ਸਕਦਾ, ਜੇਕਰ ਅਤੇ ਜਦ ਤੱਕ ੳ ਦੇ ਜੀਵਨ-ਕਾਲ ਵਿਚ ੲ ਮਰ ਨ ਜਾਵੇ ।

(ਅ) ਅ ਨਾਲ ੳ ਮੁਆਇਦਾ ਕਰਦਾ ਹੈ ਕਿ ਜੇਂ ੲ ਨੇ, ਜਿਸ ਨੂੰ ਘੋੜਾ ਵੇਚਣ ਦੀ ਪੇਸ਼ਕਸ਼ ਕੀਤੀ ਗਈ ਹੈ, ਉਸ ਨੂੰ ਖ਼ਰੀਦਣ ਤੋਂ ਇਨਕਾਰ ਕਰ ਦਿੱਤਾ ਤਾਂ ਉਹ ਘੋੜਾ 'ਅ' ਨੂੰ ਉਲਿਖਤ ਕੀਮਤ ਤੇ ਵੇਚ ਦੇਵੇਗਾ । ਇਹ ਮੁਆਇਦਾ ਕਾਨੂੰਨ ਦੁਆਰਾ ਨਾਫ਼ਜ਼ ਨਹੀਂ ਕੀਤਾ ਜਾ ਸਕਦਾ, ਜੇਕਰ ਅਤੇ ਜਦ ਤੱਕ ੲ ਘੋੜੇ ਨੂੰ ਖ਼ਰੀਦਣ ਤੋਂ ਇਨਕਾਰ ਨ ਕਰ ਦੇਵੇ ।

(ੲ) ੳ ਇਹ ਮੁਆਇਦਾ ਕਰਦਾ ਹੈ ਕਿ ਜਦ ੲ ਨਾਲ ਅ ਵਿਆਹ ਕਰ ਲਵੇਗਾ ਤਾਂ ਉਹ ਅ ਨੂੰ ਧਨ ਦੀ ਇੱਕ ਰਕਮ ਦੇਵੇਗਾ । ਅ ਨਾਲ ਵਿਆਹ ਹੋਣ ਤੋਂ ਬਿਨਾਂ ੲ ਮਰ ਜਾਂਦੀ ਹੈ । ਮੁਆਇਦਾ ਸੁੰਨ ਹੋ ਜਾਂਦਾ ਹੈ ।

ਕਿਸੇ ਘਟਨਾ ਦੇ ਨ ਵਾਪਰਨ ਤੇ ਆਸਰਿਤ ਮੁਆਇਦਿਆਂ ਦਾ ਨਾਫ਼ਜ਼ ਕਰਨਾ ।

33. ਉਹ ਆਸਰਿਤ ਮੁਆਇਦੇ ਜੋ ਕਿਸੇ ਅਨਿਸਚਤਿ ਭਵਿਖਤ ਘਟਨਾ ਦੇ ਨ ਵਾਪਰਨ ਤੇ ਕੋਈ ਗੱਲ ਕਰਨ ਜਾਂ ਨ ਕਰਨ ਲਈ ਹੋਣ ਤਦ ਨਾਫ਼ਜ਼ ਕੀਤੇ ਜਾ ਸਕਦੇ ਹਨ ਜਦ ਉਸ ਘਟਨਾ ਦਾ ਵਾਪਰਨਾ ਅਸੰਭਵ ਹੋ ਜਾਵੇ, ਅਤੇ ਉਸ ਤੋਂ ਪਹਿਲਾਂ ਨਹੀਂ ।

### ਦ੍ਰਿਸ਼ਟਾਂਤ

ੳ, ਕਰਾਰ ਕਰਦਾ ਹੈ ਕਿ ਜੇ ਇੱਕ ਨਿਸਚਿਤ ਜਹਾਜ਼ ਵਾਪਸ ਨ ਆਵੇ ਤਾਂ ਉਹ ਅ ਨੂੰ

ਧਨ ਦੀ ਇੱਕ ਰਕਮ ਅਦਾ ਕਰੇਗਾ । ਉਹ ਜਹਾਜ਼ ਡੁੱਬ ਜਾਂਦਾ ਹੈ। ਜਦ, ਜਹਾਜ਼ ਡੁੱਬ ਜਾਂਦਾ ਹੈ ਤਦ ਉਹ ਮੁਆਇਦਾ ਨਾਫ਼ਜ਼ ਕੀਤਾ ਜਾ ਸਕਦਾ ਹੈ ।

ਜੇ ਉਹ ਘਟਨਾ ਜਿਸ ਤੇ ਮੁਆਇਦਾ ਆਸਰਿਤ ਹੈ ਕਿਸੇ ਜਿਉਂਦੇ ਵਿਅਕਤੀ ਦਾ ਭਵਿੱਖਤ ਆਚਰਨ ਹੋਵੇ ਤਾਂ ਉਹ ਘਟਨਾ ਕਦ ਅਸੰਭਵ ਸਮਝੀ ਜਾਵੇਗੀ ।

34. ਜੇ ਉਹ ਭਵਿਖਤ ਘਟਨਾ, ਜਿਸ ਤੇ ਕੋਈ ਮੁਆਇਦਾ ਆਸਰਿਤ ਹੈ, ਉਹ ਤਰੀਕਾ ਹੋਵੇ ਜਿਸ ਤਰੀਕੇ ਨਾਲ ਕੋਈ ਵਿਅਕਤੀ ਅਣ-ਉਲਿਖਤ ਸਮੇਂ ਤੇ ਕਾਰਜ ਕਰੇਗਾ ਤਾਂ ਉਹ ਘਟਨਾ ਅਸੰਭਵ ਹੋਈ ਤਦ ਸਮਝੀ ਜਾਵੇਗੀ ਜਦ ਅਜਿਹਾ ਵਿਅਕਤੀ ਕੋਈ ਅਜਿਹੀ ਗੱਲ ਕਰੇ, ਜੋ ਕਿਸੇ ਵੀ ਨਿਸਚਿਤ ਸਮੇਂ ਦੇ ਅੰਦਰ ਜਾਂ ਅਗਾਹਾਂ ਦੀਆਂ ਇਤਫ਼ਾਕੀਆਂ ਘਟਨਾਵਾਂ ਤੋਂ ਬਿਨਾਂ ਉਸ ਵਿਅਕਤੀ ਦੁਆਰਾ ਉਸ ਤਰ੍ਹਾਂ ਕੀਤਾ ਜਾਣਾ ਅਸੰਭਵ ਕਰ ਦੇਵੇ ।

### ਦ੍ਰਿਸ਼ਟਾਂਤ

ਓ ਕਰਾਰ ਕਰਦਾ ਹੈ ਕਿ ਜੇ ੲ ਨਾਲ ਅ ਵਿਆਹ ਕਰੇ ਤਾਂ ਉਹ ਅ ਨੂੰ ਧਨ ਦੀ ਇੱਕ ਰਕਮ ਅਦਾ ਕਰੇਗਾ ।

ੲ ਸ ਨਾਲ ਵਿਆਹ ਕਰ ਲੈਂਦੀ ਹੈ । ਹੁਣ ੲ ਨਾਲ ਅ ਦਾ ਵਿਆਹ ਅਸੰਭਵ ਸਮਝਿਆ ਜਾਣਾ ਚਾਹੀਦਾ ਹੈ, ਭਾਵੇਂ ਇਹ ਸੰਭਵ ਹੈ ਕਿ ਸ ਦੀ ਮੌਤ ਹੋ ਜਾਵੇ, ਅਤੇ ਬਾਦ ਵਿਚ ਅ ਨਾਲ ੲ ਵਿਆਹ ਕਰ ਲਵੇ ।

ਨਿਯਤ ਸਮੇਂ ਦੇ ਅੰਦਰ ਉਲਿਖਤ ਘਟਨਾ ਦੇ ਵਾਪਰਨ ਤੇ ਆਸਰਿਤ ਮੁਆਇਦੇ ਕਦ ਸੁੰਨ ਹੋ ਜਾਂਦੇ ਹਨ।

35. ਉਹ ਆਸਰਿਤ ਮੁਆਇਦੇ ਜੋ ਕਿਸੇ ਉਲਿਖਤ ਅਨਿਸਚਿਤ ਘਟਨਾ ਦੇ ਕਿਸੇ ਨਿਯਤ ਸਮੇਂ ਦੇ ਅੰਦਰ ਵਾਪਰਨ ਤੇ ਕੋਈ ਗੱਲ ਕਰਨ ਜਾਂ ਨ ਕਰਨ ਲਈ ਹੋਣ, ਸੁੰਨ ਹੋ ਜਾਂਦੇ ਹਨ, ਜੋ ਨਿਯਤ ਸਮੇਂ ਦੇ ਗੁਜ਼ਰਨ ਤੇ ਅਜਿਹੀ ਘਟਨਾ ਵਾਪਰ ਨ ਗਈ ਹੋਵੇ, ਜਾਂ ਜੇ ਨਿਯਤ ਸਮੇਂ ਤੋਂ ਪਹਿਲਾਂ ਅਜਿਹੀ ਘਟਨਾ ਅਸੰਭਵ ਹੋ ਜਾਵੇ ।

ਉਲਿਖਤ ਘਟਨਾ ਦੇ ਨਿਯਤ ਸਮੇਂ ਦੇ ਅੰਦਰ ਨ ਵਾਪਰਨ ਤੇ ਆਸਰਿਤ ਮੁਆਇਦੇ ਕਦ ਨਾਫ਼ਜ਼ ਕੀਤੇ ਜਾ ਸਕਣਗੇ ।

ਉਹ ਆਸਰਿਤ ਮੁਆਇਦੇ, ਜੋ ਕਿਸੇ ਉਲਿਖਤ ਅਨਿਸਚਿਤ ਘਟਨਾ ਦੇ ਕਿਸੇ ਨਿਯਤ ਸਮੇਂ ਦੇ ਅੰਦਰ ਨ ਵਾਪਰਨ ਤੇ ਕੋਈ ਗੱਲ ਨੂੰ ਕਰਨ ਜਾਂ ਨ ਕਰਨ ਲਈ ਹੋਣ, ਕਾਨੂੰਨ ਦੁਆਰਾ ਤਦ ਨਾਫ਼ਜ਼ ਕੀਤੇ ਜਾ ਸਕਣਗੇ ਜਦ ਨਿਯਤ ਸਮਾਂ ਗੁਜ਼ਰ ਗਿਆ ਹੋਵੇ ਅਤੇ ਅਜਿਹੀ ਘਟਨਾ ਨ ਵਾਪਰੀ ਹੋਵੇ, ਜਾਂ ਜੇ ਨਿਯਤ ਸਮੇਂ ਦੇ ਗੁਜ਼ਰ ਜਾਣ ਤੋਂ ਪਹਿਲਾਂ, ਇਹ ਨਿਸਚਿਤ ਹੋ ਜਾਵੇ ਕਿ ਅਜਿਹੀ ਘਟਨਾ ਨਹੀਂ ਵਾਪਰੇਗੀ ।

### ਦ੍ਰਿਸ਼ਟਾਂਤ

(ੳ) ਓ ਬਚਨ ਦਿੰਦਾ ਹੈ ਕਿ ਜੇ ਇੱਕ ਨਿਸਚਿਤ ਜਹਾਜ਼ ਇੱਕ ਸਾਲ ਦੇ ਅੰਦਰ ਵਾਪਸ ਆ ਜਾਵੇ ਤਾਂ ਉਹ ਅ ਨੂੰ ਧਨ ਦੀ ਇੱਕ ਰਕਮ ਅਦਾ ਕਰੇਗਾ । ਜੇ ਜਹਾਜ ਉਸ ਸਾਲ ਦੇ ਅੰਦਰ ਵਾਪਸ ਆ ਜਾਵੇ, ਤਾਂ ਮੁਆਇਦਾ ਨਾਫ਼ਜ਼ ਕੀਤਾ ਜਾ ਸਕੇਗਾ ਅਤੇ ਤੇ ਜਹਾਜ਼ ਉਸ ਸਾਲ ਦੇ ਅੰਦਰ ਸੜ ਜਾਵੇ ਤਾਂ ਮੁਆਇਦਾ ਸੁੰਨ ਹੋ ਜਾਵੇਗਾ ।

(ਅ) ਓ ਬਚਨ ਦਿੰਦਾ ਹੈ ਕਿ ਜੇ ਇੱਕ ਨਿਸਚਿਤ ਜਹਾਜ਼ ਇੱਕ ਸਾਲ ਦੇ ਅੰਦਰ ਵਾਪਸ ਨ ਆਵੇ ਤਾਂ ਉਹ ਅ ਨੂੰ ਧਨ ਦੀ ਇੱਕ ਰਕਮ ਅਦਾ ਕਰੇਗਾ । ਜੇ ਜਹਾਜ਼ ਉਸ ਸਾਲ ਦੇ ਅੰਦਰ ਵਾਪਸ ਨ ਆਵੇ, ਜਾਂ ਉਸ ਸਾਲ ਦੇ ਅੰਦਰ ਸੜ ਜਾਵੇ ਤਾਂ ਮੁਆਇਦਾ ਨਾਫ਼ਜ਼ ਕੀਤਾ ਜਾ ਸਕੇਗਾ ।

ਅਸੰਭਵ ਘਟਨਾਵਾਂ ਤੇ ਆਸਰਿਤ ਕਰਾਰ ਸੁੰਨ ਹਨ।

36. ਆਸਰਿਤ ਕਰਾਰ, ਜੋ ਕਿਸੇ ਅਸੰਭਵ ਘਟਨਾ ਦੇ ਵਾਪਰਨ ਤੇ ਕੋਈ ਗੱਲ ਕਰਨ ਜਾਂ ਨ ਕਰਨ ਲਈ ਹੋਣ, ਸੁੰਨ ਹਨ, ਭਾਵੇਂ ਕਰਾਰ ਦੀਆਂ ਧਿਰਾਂ ਉਸ ਸਮੇਂ ਜਦ ਕਰਾਰ ਕੀਤਾ ਗਿਆ ਹੈ, ਘਟਨਾ ਦੀ ਅਸੰਭਵਤਾ ਤੋਂ ਜਾਣੂ ਹਨ ਜਾਂ ਨਹੀਂ ।

### ਦ੍ਰਿਸ਼ਟਾਂਤ

(ੳ) ੳ ਕਰਾਰ ਕਰਦਾ ਹੈ ਕਿ ਜੇ ਦੋ ਸਿੱਧੀਆਂ ਲਕੀਰਾਂ ਕਿਸੇ ਸਥਾਨ ਨੂੰ ਘੇਰ ਲੈਣ, ਤਾਂ ਉਸ ਅ ਨੂੰ 1,000 ਰੁਪਏ ਅਦਾ ਕਰੇਗਾ । ਕਰਾਰ ਸੁੰਨ ਹੈ।

(ਅ) ੳ ਕਰਾਰ ਕਰਦਾ ਹੈ ਕਿ ਜੇ ਅ, ੳ ਦੀ ਧੀ ੲ ਨਾਲ ਵਿਆਹ ਕਰ ਲਵੇ ਤਾਂ ਉਹ ਅ ਨੂੰ 1,000 ਰੁਪਏ ਅਦਾ ਕਰੇਗਾ । ਕਰਾਰ ਦੇ ਸਮੇਂ ੲ ਮਰ ਚੁੱਕੀ ਸੀ । ਕਰਾਰ ਸੁੰਨ ਹੈ ।

## ਅਧਿਆਏ IV

## ਮੁਆਇਦਿਆਂ ਦੇ ਪਾਲਣ ਦੇ ਬਾਰੇ

### ਉਹ ਮੁਆਇਦੇ ਜਿਨ੍ਹਾਂ ਦਾ ਪਾਲਣ ਕੀਤਾ ਜਾਣਾ ਜ਼ਰੂਰੀ ਹੈ

ਮੁਆਇਦਿਆਂ ਦੀਆਂ ਧਿਰਾਂ ਦੀ ਬਾਧ ।

37. ਕਿਸੇ ਮੁਆਇਦੇ ਦੀਆਂ ਧਿਰਾਂ ਲਈ ਜ਼ਰੂਰੀ ਹੈ ਕਿ ਜਾਂ ਤਾਂ ਆਪਣੇ ਆਪਣੇ ਬਚਨਾਂ ਦਾ ਪਾਲਣ ਕਰਨ ਜਾਂ ਪਾਲਣ ਕਰਨ ਦੀ ਪੇਸ਼ਕਸ਼ ਕਰਨ, ਜੇਕਰ ਅਜਿਹੇ ਪਾਲਣ ਦੀ ਇਸ ਐਕਟ ਜਾਂ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਅਧੀਨ ਛੋਟ ਜਾਂ ਮਾਫ਼ੀ ਨ ਦੇ ਦਿੱਤੀ ਗਈ ਹੋਵੇ ।

ਪਾਲਣ ਤੋਂ ਪਹਿਲਾਂ ਬਚਨਕਾਰਾਂ ਦੀ ਮੌਤ ਹੋ ਜਾਣ ਦੀ ਸੂਰਤ ਵਿਚ ਬਚਨ ਅਜਿਹੇ ਬਚਨਕਾਰਾਂ ਦੇ ਪ੍ਰਤੀਨਿਧਾਂ ਨੂੰ ਪਾਬੰਦ ਕਰਦੇ ਹਨ, ਜੇਕਰ ਮੁਆਇਦੇ ਤੋਂ ਇਸ ਦੇ ਉਲਟ ਇਰਾਦਾ ਪ੍ਰਤੀਤ ਨ ਹੋਵੇ।

### ਦ੍ਰਿਸ਼ਟਾਂਤ

(ੳ) ੳ, 1.000 ਰੁਪਏ ਦੀ ਅਦਾਇਗੀ ਕੀਤੇ ਜਾਣ ਤੇ ਇੱਕ ਨਿਸਚਿਤ ਦਿਨ ਨੂੰ ਅ ਨੂੰ ਮਾਲ ਹਵਾਲੇ ਕਰਨ ਦਾ ਬਚਨ ਦਿੰਦਾ ਹੈ । ੳ ਉਸ ਦਿਨ ਤੋਂ ਪਹਿਲਾਂ ਹੀ ਮਰ ਜਾਂਦਾ ਹੈ । ੳ ਦੇ ਪ੍ਰਤੀਨਿਧ ਅ ਨੂੰ ਮਾਲ ਹਵਾਲੇ ਕਰਨ ਲਈ ਪਾਬੰਦ ਹਨ ਅਤੇ 'ੳ' ਦੇ ਪ੍ਰਤੀਨਿਧਾਂ ਨੂੰ ਅ 1,000 ਰੁਪਿਆ ਅਦਾ ਕਰਨ ਲਈ ਪਾਬੰਦ ਹੈ ।

(ਅ) ੳ ਨਿਸਚਿਤ ਕੀਮਤ ਤੇ, ਇੱਕ ਨਿਸਚਿਤ ਦਿਨ ਤੱਕ, ਅ ਲਈ ਇੱਕ ਤਸਵੀਰ ਚਿਤਰਨ ਦਾ ਬਚਨ ਦਿੰਦਾ ਹੈ । ੳ ਉਸ ਦਿਨ ਤੋਂ ਪਹਿਲਾਂ ਮਰ ਜਾਂਦਾ ਹੈ । ਇਹ ਮੁਆਇਦਾ ੳ ਦੇ ਪ੍ਰਤੀਨਿਧਾਂ ਦੁਆਰਾ ਜਾਂ 'ਅ' ਦੁਆਰਾ ਨਾਫ਼ਜ਼ ਨਹੀਂ ਕਰਵਾਇਆ ਜਾ ਸਕਦਾ ।

ਪਾਲਣ ਦੀ ਪੇਸ਼ਕਸ਼ ਸਵੀਕਾਰ ਕਰਨ ਤੋਂ ਇਨਕਾਰ ਕਰਨ ਦਾ ਪ੍ਰਭਾਵ ।

38. ਜਿਥੇ ਕਿਸੇ ਬਚਨਕਾਰ ਨੇ ਪਾਲਣਾ ਕਰਨ ਦੀ ਬਚਨਦਾਰ ਨੂੰ ਪੇਸ਼ਕਸ਼ ਕੀਤੀ ਹੋਵੇ ਅਤੇ ਉਹ ਪੇਸ਼ਕਸ਼ ਸਵੀਕਾਰ ਨ ਕੀਤੀ ਗਈ ਹੋਵੇ, ਬਚਨਕਾਰ ਅਪਾਲਣ ਲਈ ਜ਼ਿਮੇਵਾਰ ਨਹੀਂ ਹੈ, ਨ ਹੀ ਉਹ ਉਸ ਦੁਆਰਾ ਮੁਆਇਦੇ ਦੇ ਅਧੀਨ ਆਪਣੇ ਅਧਿਕਾਰਾਂ ਨੂੰ ਗੁਆ ਲੈਂਦਾ ਹੈ ।

ਅਜਿਹੀ ਹਰਿਕ ਪੇਸ਼ਕਸ਼ ਲਈ ਹੇਠ-ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ :–

(1) ਉਸਦਾ ਅਸ਼ਰਤੀ ਹੋਣਾ ਜ਼ਰੂਰੀ ਹੈ ;

(2) ਉਸ ਉਚਿਤ ਸਮੇਂ ਅਤੇ ਸਥਾਨ ਤੇ ਅਤੇ ਅਜਿਹੇ ਹਾਲਾਤ ਦੇ ਅਧੀਨ ਕੀਤੀ

ਜਾਣੀ ਜ਼ਰੂਰੀ ਹੈ ਕਿ ਉਸ ਵਿਅਕਤੀ ਨੂੰ, ਜਿਸ ਨੂੰ ਉਹ ਕੀਤੀ ਜਾਵੇ, ਇਹ ਨਿਸਚੇ ਕਰਨ ਦਾ ਵਾਜਬੀ ਅਵਸਰ ਮਿਲ ਸਕੇ ਕਿ ਉਹ ਵਿਅਕਤੀ ਜਿਸ ਦੁਆਰਾ ਉਹ ਕੀਤੀ ਗਈ ਹੈ, ਉਥੇ ਹੀ ਅਤੇ ਉਸੇ ਸਮੇਂ ਉਸ ਸਾਰੀ ਦੀ ਸਾਰੀ ਗੱਲ ਨੂੰ, ਜਿਸ ਨੂੰ ਕਰਨ ਦੇ ਲਈ ਉਹ ਆਪਣੇ ਬਚਨ ਦੁਆਰਾ ਪਾਬੰਦ ਹੈ, ਕਰਨ ਵਾਸਤੇ ਯੋਗ ਅਤੇ ਰਜ਼ਾਮੰਦ ਹੈ ;

(3) ਜੇ ਉਹ ਪੇਸ਼ਕਸ਼ ਕੋਈ ਚੀਜ਼ ਬਚਨਦਾਰ ਦੇ ਹਵਾਲੇ ਕਰਨ ਲਈ ਹੋਵੇ, ਤਾਂ ਇਹ ਜ਼ਰੂਰੀ ਹੈ ਕਿ ਬਚਨਦਾਰ ਨੂੰ ਇਹ ਵੇਖਣ ਦਾਂ ਵਾਜਬੀ ਅਵਸਰ ਮਿਲੇ ਕਿ ਪੇਸ਼ ਕੀਤੀ ਗਈ ਚੀਜ਼ ਉਹ ਹੀ ਚੀਜ਼ ਹੈ ਜੋ ਹਵਾਲੇ ਕਰਨ ਲਈ ਬਚਨਕਾਰ ਆਪਣੇ ਬਚਨ ਦੁਆਰਾ ਪਾਬੰਦ ਹੈ ।

ਕਈ ਸੰਯੁਕਤ ਬਚਨਦਾਰਾਂ ਵਿਚੋਂ ਇੱਕ ਨੂੰ ਕੀਤੀ ਗਈ ਪੇਸ਼ਕਸ਼ ਦੇ ਕਾਨੂੰਨੀ ਪਰਿਣਾਮ ਉਹੀ ਹੀ ਹਨ ਜੋ ਕਿ ਉਨ੍ਹਾਂ ਸਭ ਨੂੰ ਕੀਤੀ ਗਈ ਪੇਸ਼ਕਸ਼ ਦੇ ਹਨ ।

### ਦ੍ਰਿਸ਼ਟਾਂਤ

ਅ ਨੂੰ ਉਸਦੇ ਮਾਲਗੁਦਾਮ ਵਿਚ ਇੱਕ ਖ਼ਾਸ ਕੁਆਲਿਟੀ ਦੀ ਰੂੰ ਦੀਆਂ 100 ਗਠਾਂ ਪਹਿਲੀ ਮਾਰਚ, 1873 ਨੂੰ ਹਵਾਲੇ ਕਰਨ ਦਾ 'ੳ' ਮੁਆਇਦਾ ਕਰਦਾ ਹੈ । ਇਸ ਧਾਰਾ ਵਿਚ ਬਿਆਨ ਕੀਤੇ ਪ੍ਰਭਾਵ ਵਾਲੀ ਪਾਲਣ ਦੀ ਪੇਸ਼ਕਸ਼ ਕਰਨ ਦੇ ਮੰਤਵ ਲਈ, ੳ ਲਈ ਜ਼ਰੂਰੀ ਹੈ ਕਿ ਉਹ ਨਿਯਤ ਦਿਨ ਨੂੰ ਅ ਦੇ ਮਾਲ ਗੁਦਾਮ ਵਿਚ ਅਜਿਹੇ ਹਾਲਾਤ ਦੇ ਅਧੀਨ ਰੂੰ ਲਿਆਵੇ ਕਿ ਅ ਨੂੰ ਇਹ ਤਸੱਲੀ ਕਰ ਲੈਣ ਦਾ ਵਾਜਬੀ ਅਵਸਰ ਮਿਲ ਸਕੇ ਕਿ ਪੇਸ਼ ਕੀਤੀ ਗਈ ਚੀਜ਼ ਮੁਆਇਦਾ ਕੀਤੀ ਗਈ ਕੁਆਲਿਟੀ ਦੀ ਰੂੰ ਹੈ ਅਤੇ ਉਸਦੀਆਂ 100 ਗਠਾਂ ਹਨ ।

ਸਾਰੇ ਦਾ ਸਾਰਾ ਬਚਨ ਪਾਲਣ ਤੋਂ ਧਿਰ ਦੁਆਰਾ ਇਨਕਾਰ ਕਰਨ ਦਾ ਪ੍ਰਭਾਵ ।

39. ਜਦ ਕਿਸੇ ਮੁਆਇਦੇ ਦੀ ਇੱਕ ਧਿਰ ਨੇ ਆਪਣੇ ਬਚਨ ਦਾ ਪੂਰੇ ਤੌਰ ਤੇ ਪਾਲਣ ਕਰਨ ਤੋਂ ਇਨਕਾਰ ਕਰ ਦਿੱਤਾ ਹੋਵੇ, ਜਾਂ ਅਜਿਹਾ ਪਾਲਣ ਕਰਨ ਲਈ ਆਪਣੇ ਆਪ ਨੂੰ ਨਿਰਯੋਗ ਬਣਾ ਲਿਆ ਹੋਵੇ, ਤਾਂ ਬਚਨਦਾਰ ਮੁਆਇਦੇ ਦਾ ਅੰਤ ਕਰ ਸਕੇਗਾ, ਪਰ ਇਹ ਤਦ ਜੇਕਰ ਉਸ ਨੇ ਉਸਨੂੰ ਬਣਾਈ ਰਖਣ ਦੀ ਮੋਨ-ਸੰਮਤੀ ਸ਼ਬਦਾ ਦੁਆਰਾ ਜਾਂ ਆਚਰਨ ਦੁਆਰਾ, ਜ਼ਾਹਰ ਨ ਕਰ ਦਿੱਤੀ ਹੋਵੇ।

### ਦ੍ਰਿਸਟਾਂਤ

(ੳ) ੳ, ਇੱਕ ਗਾਇਕਾ ਇੱਕ ਥੀਏਟਰ ਦੇ ਪ੍ਰਬੰਧਕ ਅ ਨਾਲ ਅਗਲੇ ਦੋ ਮਹੀਨਿਆਂ ਦੇ ਦੌਰਾਨ ਵਿਚ ਹਰਿਕ ਹਫ਼ਤੇ ਵਿਚ ਦੋ ਰਾਤਾਂ ਉਸਦੇ ਥੀਏਟਰ ਵਿਚ ਗਾਉਣ ਦਾ ਮੁਆਇਦਾ ਕਰਦੀ ਹੈ, ਅਤੇ ਅ ਉਸਨੂੰ ਹਰੇਕ ਰਾਤ ਦੇ ਗਾਉਣ ਲਈ 100 ਰੁਪਏ ਅਦਾ ਕਰਨ ਲਈ ਬਚਨਬੱਧ ਹੁੰਦਾ ਹੈ । ਛੇਵੀਂ ਰਾਤ ਨੂੰ ੳ ਥੀਏਟਰ ਤੋਂ ਜਾਣ-ਬੁਝ ਕੇ ਗ਼ੈਰ-ਹਾਜ਼ਰ ਹੋ ਜਾਂਦੀ ਹੈ । ਅ ਮੁਆਇਦੇ ਦਾ ਅੰਤ ਕਰਨ ਲਈ ਸੁਤੰਤਰ ਹੈ ।

(ਅ) ੳ, ਇੱਕ ਗਾਇਕਾ, ਇੱਕ ਥੀਏਟਰ ਦੇ ਪ੍ਰਬੰਧਕ ਅ ਨਾਲ ਅਗਲੇ ਦੋ ਮਹੀਨਿਆਂ ਦੇ ਦੌਰਾਨ ਹਰਿਕ ਹਫ਼ਤੇ ਵਿਚ ਦੋ ਰਾਤਾਂ ਉਸਦੇ ਥੀਏਟਰ ਵਿਚ ਗਾਉਣ ਦਾ ਮੁਆਇਦਾ ਕਰਦੀ ਹੈ ਅਤੇ ਅ ਉਸਨੂੰ ਹਰੇਕ ਰਾਤ ਲਈ 100 ਰੁਪਏ ਦੀ ਦਰ ਨਾਲ ਅਦਾਇਗੀ ਕਰਨ ਲਈ ਬਚਨ-ਬੱਧ ਹੁੰਦਾ ਹੈ । ਛੇਵੀਂ ਰਾਤ ਨੂੰ, ੳ ਜਾਣ-ਬੁਝ ਕੇ ਗ਼ੈਰ-ਹਾਜ਼ਰ ਹੋ ਜਾਂਦੀ ਹੈ । ਅ ਦੀ ਅਨੁਮਤੀ ਨਾਲ, ੳ ਸਤਵੀਂ ਰਾਤ ਨੂੰ ਗਾਉਂਦੀ ਹੈ । ਅ ਨੇ ਮੁਆਇਦਾ ਚਾਲੂ ਰਖਣ ਲਈ ਆਪਣੀ ਮੌਨ-ਸੰਮਤੀ ਜ਼ਾਹਰ ਕਰ ਦਿਤੀ ਹੈ, ਅਤੇ ਹੁਣ ਉਹ ਉਸਦਾ ਅੰਤ ਨਹੀਂ ਕਰ ਸਕਦਾ, ਪਰ ਉਹ ਛੇਵੀਂ ਰਾਤ ਨੂੰ ੳ ਦੇ ਨ ਗਾਉਣ ਕਾਰਨ ਉਠਾਏ ਗਏ ਨੁਕਸਾਨ ਲਈ ਮੁਆਵਜ਼ੇ ਦਾ ਹੱਕਦਾਰ ਹੈ ।

## ਮੁਆਇਦਿਆਂ ਦਾ ਪਾਲਣ ਕਿਸ ਦੁਆਰਾ ਕੀਤਾ ਜਾਣਾ ਜ਼ਰੂਰੀ ਹੈ ।

*ਉਹ ਵਿਅਕਤੀ ਜਿਸ ਦੁਆਰਾ ਬਚਨ ਦਾ ਪਾਲਣ ਕੀਤਾ ਜਾਣਾ ਹੈ ।*

40. ਜੇ ਮਾਮਲੇ ਦੀ ਪ੍ਰਕਿਰਤੀ ਤੋਂ ਇਹ ਪ੍ਰਤੀਤ ਹੋਵੇ ਕਿ ਕਿਸੇ ਮੁਆਇਦੇ ਦੀਆਂ ਧਿਰਾਂ ਦਾ ਇਹ ਇਰਾਦਾ ਸੀ ਕਿ ਉਸ ਵਿਚ ਦਰਜ ਕਿਸੇ ਬਚਨ ਦਾ ਪਾਲਣ ਬਚਨਕਾਰ ਦੁਆਰਾ ਖ਼ੁਦ ਕੀਤਾ ਜਾਣਾ ਚਾਹੀਦਾ ਹੈ ਤਾਂ ਅਜਿਹੇ ਬਚਨ ਦਾ ਪਾਲਣ ਬਚਨਕਾਰ ਨੂੰ ਹੀ ਕਰਨਾ ਜ਼ਰੂਰੀ ਹੋਵੇਗਾ । ਹੋਰ ਮਾਮਲਿਆਂ ਵਿਚ, ਬਚਨਕਾਰ ਜਾਂ ਉਸਦੇ ਪ੍ਰਤੀਨਿਧ ਉਸਦਾ ਪਾਲਣ ਕਰਨ ਲਈ ਕਿਸੇ ਸੁਯੋਗ ਵਿਅਕਤੀ ਨੂੰ ਨਿਯੋਜਤ ਕਰ ਸਕਣਗੇ ।

### ਦ੍ਰਿਸ਼ਟਾਂਤ

(ੳ) ਅ ਨੂੰ ੳ ਧਨ ਦੀ ਇੱਕ ਰਕਮ ਅਦਾ ਕਰਨ ਦਾ ਬਚਨ ਦਿੰਦਾ ਹੈ । ੳ ਇਸ ਬਚਨ ਦਾ ਪਾਲਣ, ਜਾਂ ਤਾਂ ਅ ਨੂੰ ਉਹ ਧਨ ਖ਼ੁਦ ਅਦਾ ਕਰਕੇ ਜਾਂ ਕਿਸੇ ਦੂਜੇ ਦੁਆਰਾ ਅ ਨੂੰ ਅਦਾਇਗੀ ਕਰਵਾ ਕੇ ਕਰ ਸਕੇਗਾ ; ਅਤੇ, ਜੇ ਅਦਾਇਗੀ ਲਈ ਨਿਯਤ ਸਮੇਂ ਤੋਂ ਪਹਿਲਾਂ ੳ ਮਰ ਜਾਵੇ, ਤਾਂ ਉਸਦੇ ਪ੍ਰਤੀਨਿਧਾਂ ਲਈ ਜ਼ਰੂਰੀ ਹੈ ਕਿ ਬਚਨ ਦਾ ਪਾਲਣ ਕਰਨ ਜਾਂ ਅਜਿਹਾ ਕਰਨ ਲਈ ਕਿਸੇ ਉਚਿਤ ਵਿਅਕਤੀ ਨੂੰ ਨਿਯੋਜਤ ਕਰਨ ।

(ਅ) ਅ ਲਈ ਇੱਕ ਤਸਵੀਰ ਚਿਤਰਨ ਦਾ ੳ ਬਚਨ ਦਿੰਦਾ ਹੈ । ੳ ਲਈ ਜ਼ਰੂਰੀ ਹੈ ਕਿ ਉਹ ਇਸ ਬਚਨ ਦਾ ਪਾਲਣ ਖ਼ੁਦ ਕਰੇ ।

*ਅਨਯ ਵਿਅਕਤੀ ਤੋਂ ਪਾਲਣ ਸਵੀਕਾਰ ਕਰਨ ਦਾ ਪ੍ਰਭਾਵ।*

41. ਜਦ ਕੋਈ ਬਚਨਦਾਰ ਕਿਸੇ ਅਨਯ ਵਿਅਕਤੀ ਤੋਂ ਬਚਨ ਦਾ ਪਾਲਣ ਸਵੀਕਾਰ ਕਰ ਲੈਂਦਾ ਹੈ ਤਦ ਉਹ ਬਾਦ ਵਿਚ ਉਸਨੂੰ ਬਚਨਦਾਰ ਦੇ ਵਿਰੁੱਧ ਨਾਫ਼ਜ਼ ਨਹੀਂ ਕਰਵਾ ਸਕਦਾ ।

*ਸੰਯੁਕਤ ਦੇਣਦਾਰੀਆਂ ਦਾ ਉਤਰਣ ।*

42. ਜਦ ਦੋ ਜਾਂ ਵਧੇਰੇ ਵਿਅਕਤੀਆਂ ਨੇ ਕੋਈ ਸੰਯੁਕਤ ਬਚਨ ਦਿਤਾ ਹੋਵੇ, ਤਦ, ਜੇਕਰ ਮੁਆਇਦੇ ਤੋਂ ਇਸਦੇ ਉਲਟ ਇਰਾਦਾ ਪ੍ਰਤੀਤ ਨ ਹੋਵੇ, ਅਜਿਹੇ ਸਭ ਵਿਅਕਤੀਆਂ ਲਈ, ਆਪਣੇ ਸੰਯੁਕਤ ਜੀਵਨਾਂ ਦੇ ਦੌਰਾਨ, ਅਤੇ, ਉਨ੍ਹਾਂ ਵਿਚੋਂ ਕਿਸੇ ਦੀ ਮੌਤ ਤੋਂ ਪਿਛੋਂ, ਉਸਦੇ ਪ੍ਰਤੀਨਿਧਤਾਂ ਲਈ ਉੱਤਰਜੀਵੀ ਜਾਂ ਉੱਤਰਜੀਵੀਆਂ ਦੇ ਨਾਲ ਸੰਯੁਕਤ ਤੌਰ ਤੇ, ਅਤੇ, ਅੰਤਮ ਉੱਤਰਜੀਵੀ ਦੀ ਮੌਤ ਤੋਂ ਪਿਛੋਂ ਸਭ ਦੇ ਪ੍ਰਤੀਨਿਧਾਂ ਲਈ ਸੰਯੁਕਤ ਤੌਰ ਤੇ, ਜ਼ਰੂਰੀ ਹੈ ਕਿ ਉਹ ਬਚਨ ਪੂਰਾ ਕਰਨ।

*ਸੰਯੁਕਤ ਬਚਨਕਾਰਾਂ ਵਿਚੋਂ ਕੋਈ ਵੀ ਪਾਲਣ ਲਈ ਮਜਬੂਰ ਕੀਤਾ ਜਾ ਸਕੇਗਾ ।*

43. ਜਦ ਦੋ ਜਾਂ ਵਧੇਰੇ ਵਿਅਕਤੀ ਕੋਈ ਸੰਯੁਕਤ ਬਚਨ ਦੇਣ ਤਦ ਇਸਦੇ ਉਲਟ ਸਪੱਸ਼ਟ ਕਰਾਰ ਨ ਹੋਣ ਦੀ ਸੂਰਤ ਵਿਚ ਬਚਨਦਾਰ, ਅਜਿਹੇ ਸੰਯੁਕਤ ਬਚਨਕਾਰਾਂ ਵਿਚੋਂ ਕਿਸੇ ਇੱਕ ਜਾਂ ਵਧੇਰੇ ਨੂੰ, ਪੂਰੇ ਬਚਨ ਦੇ ਪਾਲਣ ਲਈ ਮਜਬੂਰ ਕਰ ਸਕੇਗਾ ।

*ਹਰੇਕ ਬਚਨਕਾਰ ਹਿੱਸਾ ਪਾਉਣ ਲਈ ਮਜਬੂਰ ਕਰ ਸਕੇਗਾ ।*

ਜੇਕਰ ਮੁਆਇਦੇ ਤੋਂ ਇਸ ਦੇ ਉਲਟ ਇਰਾਦਾ ਪ੍ਰਤੀਤ ਨ ਹੋਵੇ, ਤਾਂ ਦੋ ਜਾਂ ਵਧੇਰੇ ਸੰਯੁਕਤ ਬਚਨਕਾਰਾਂ ਵਿਚੋਂ ਹਰੇਕ ਬਚਨ ਦੇ ਪਾਲਣ ਵਿਚ ਹੋਰ ਹਰੇਕ ਸੰਯੁਕਤ ਬਚਨਕਾਰਾ ਵਿਚੋਂ ਕਿਸੇ ਇੱਕ ਜਾਂ ਵਧੇਰੇ ਨੂੰ, ਪੂਰੇ ਬਚਨ ਦੇ ਪਾਲਣ ਲਈ ਮਜਬੂਰ ਕਰ ਸਕੇਗਾ ।

*ਹਿੱਸਾ ਪਾਉਣ ਵਿਚ ਕੋਤਾਹੀ ਦੁਆਰਾ ਹੋਏ ਹਾਨ ਵਿੱਚ ਹਿੱਸਾ ਵੰਡਾਉਣਾ ।*

ਜੇ ਦੋ ਜਾਂ ਵਧੇਰੇ ਸੰਯੁਕਤ ਬਚਨਕਾਰਾਂ ਵਿਚੋਂ ਕੋਈ ਇੱਕ ਅਜਿਹਾ ਹਿੱਸਾ ਪਾਉਣ ਵਿਚ ਕੋਤਾਹੀ ਕਰੇ, ਤਾਂ ਜ਼ਰੂਰੀ ਹੈ ਕਿ ਅਜਿਹੀ ਕੋਤਾਹੀ ਤੋਂ ਪੈਦਾ ਹੋਇਆ ਹਾਨ ਬਾਕੀ ਸੰਯੁਕਤ ਬਚਨਕਾਰ ਬਰਾਬਰ ਹਿੱਸਿਆਂ ਵਿਚ ਉਠਾਉਣ ।

**ਵਿਆਖਿਆ** :—ਇਸ ਧਾਰਾਂ ਦੀ ਕੋਈ ਗੱਲ ਕਿਸੇ ਜ਼ਾਮਨ ਦੁਆਰਾ ਮੂਲ ਰਿਣੀ ਦੇ ਨਮਿਤ ਕੀਤੀਆਂ ਗਈਆਂ ਅਦਾਇਗੀਆਂ ਜ਼ਾਮਨ ਨੂੰ ਮੂਲ ਰਿਣੀ ਤੋਂ ਵਸੂਲ ਕਰਨੋਂ ਨਹੀਂ ਰੋਕੇਗੀ, ਨ ਹੀ ਮੂਲ ਰਿਣੀ ਦੁਆਰਾ ਕੀਤੀਆਂ ਗਈਆਂ ਅਦਾਇਗੀਆਂ ਦੀ ਬਾਬਤ ਮੂਲ ਰਿਣੀ ਨੂੰ ਉਸ ਜ਼ਾਮਨ ਤੋਂ

ਕੁਝ ਵਸੂਲ ਕਰਨ ਦਾ ਹੱਕਦਾਰ ਬਣਾਵੇਗੀ ।

### ਦ੍ਰਿਸ਼ਟਾਂਤ

(ੳ) ੳ, ਅ ਅਤੇ ੲ ਸੰਯੁਕਤ ਤੌਰ ਤੇ ਸ ਨੂੰ 3,000 ਰੁਪਏ ਅਦਾ ਕਰਨ ਦਾ ਬਚਨ ਦਿੰਦੇ ਹਨ । ੳ ਜਾਂ ਅ ਜਾਂ ੲ ਨੂੰ 'ਸ' 3,000 ਰੁਪਏ ਅਦਾ ਕਰਨ ਲਈ ਮਜਬੂਰ ਕਰ ਸਕੇਗਾ ।

(ਅ) ੳ, ਅ ਅਤੇ ੲ ਸੰਯੁਕਤ ਤੌਰ ਤੇ ਸ ਨੂੰ 3,000 ਰੁਪਏ ਅਦਾ ਕਰਨ ਦਾ ਬਚਨ ਦਿੰਦੇ ਹਨ ੲ ਸਾਰੀ ਰਕਮ ਅਦਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ । ੳ ਦਿਵਾਲੀਆ ਹੈ, ਪਰ ਉਸ ਦੇ ਧਨਧਾਮ ਉਸਦੇ ਰਿਣਾਂ ਦਾ ਅੱਧ ਅਦਾ ਕਰਨ ਲਈ ਕਾਫ਼ੀ ਹਨ । ੳ ਦੀ ਸੰਪਦਾ ਤੋਂ 500 ਰੁਪਏ ਅਤੇ ਅ ਤੋਂ 1,250 ਰੁਪਏ ਪ੍ਰਾਪਤ ਕਰਨ ਦਾ ੲ ਹੱਕਦਾਰ ਹੈ ।

(ੲ) ਸ ਨੂੰ 3,000 ਰੁਪਏ ਅਦਾ ਕਰਨ ਲਈ ੳ, ਅ ਅਤੇ ੲ ਸੰਯੁਕਤ ਬਚਨ ਦੇ ਅਧੀਨ ਹਨ । ੲ ਕੁਝ ਵੀ ਅਦਾ ਕਰਨ ਤੋਂ ਅੱਸਮਰਥ ਹੈ, ਅਤੇ ੳ ਸਾਰੀ ਰਕਮ ਅਦਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ । ਅ ਤੋਂ ੳ 1,500 ਰੁਪਏ ਪ੍ਰਾਪਤ ਕਰਨ ਦਾ ਹੱਕਦਾਰ ਹੈ ।

(ਸ) ਸ ਨੂੰ 3,000 ਰੁਪਏ ਅਦਾ ਕਰਨ ਲਈ ੳ, ਅ ਅਤੇ ੲ ਇੱਕ ਸੰਯੁਕਤ ਬਚਨ ਅਧੀਨ ਹਨ, ੲ ਲਈ ੳ ਅਤੇ ਅ ਕੇਵਲ ਜ਼ਾਮਨ ਹਨ । ੲ ਰੁਪਿਆ ਅਦਾ ਕਰਨ ਵਿਚ ਅਸਫ਼ਲ ਰਹਿੰਦਾ ਹੈ । ੳ ਅਤੇ ਅ ਸਾਰੀ ਰਕਮ ਅਦਾ ਕਰਨ ਲਈ ਮਜਬੂਰ ਕੀਤੇ ਜਾਂਦੇ ਹਨ । ਉਹ ਇਸ ਨੂੰ ੲ ਤੋਂ ਵਸੂਲ ਕਰਨ ਦੇ ਹੱਕਦਾਰ ਹਨ ।

ਸੰਯੁਕਤ ਬਚਨਕਾਰਾਂ ਵਿੱਚੋਂ ਇੱਕ ਨੂੰ ਛੁਟਕਾਰਾ ਦੇਣ ਦਾ ਪ੍ਰਭਾਵ ।

44. ਜਿੱਥੇ ਦੋ ਜਾਂ ਵਧੇਰੇ ਵਿਅਕਤੀਆਂ ਨੇ ਇੱਕ ਸੰਯੁਕਤ ਬਚਨ ਦਿੱਤਾ ਹੋਵੇ, ਉਥੇ ਬਚਨਕਾਰ ਦੁਆਰਾ ਅਜਿਹੇ ਸੰਯੁਕਤ ਬਚਨਕਾਰਾਂ ਵਿਚੋਂ ਇੱਕ ਨੂੰ ਛੁਟਕਾਰਾ ਦੇਣਾ ਹੋਰ ਸੰਯੁਕਤ ਬਚਨਕਾਰ ਜਾਂ ਸੰਯੁਕਤ ਬਚਨਕਾਰਾਂ ਨੂੰ ਮੁਕਤ ਨਹੀਂ ਕਰਦਾ, ਨ ਹੀ ਉਹ ਇਸ ਤਰ੍ਹਾਂ ਛੁਟਕਾਰਾ ਦਿਤੇ ਸੰਯੁਕਤ ਬਚਨਕਾਰ ਨੂੰ ਹੋਰ ਸੰਯੁਕਤ ਬਚਨਕਾਰ ਜਾਂ ਬਚਨਕਾਰਾਂ ਦੇ ਪ੍ਰਤਿ ਜ਼ਿੰਮੇਵਾਰੀ ਤੋਂ ਸੁਤੰਤਰ ਕਰਦਾ ਹੈ ।

ਸੰਯੁਕਤ ਅਧਿਕਾਰਾਂ ਦਾ ਉਤਰਣ ।

45. ਜਦ ਕਿਸੇ ਵਿਅਕਤੀ ਨੇ ਦੋ ਜਾਂ ਵੱਧ ਵਿਅਕਤੀਆਂ ਨੂੰ ਸੰਯੁਕਤ ਬਚਨ ਦਿੱਤਾ ਹੋਵੇ, ਤਦ, ਜੇਕਰ ਮੁਆਇਦੇ ਤੋਂ ਇਸਦੇ ਉਲਟ ਇਰਾਦਾ ਪ੍ਰਤੀਤ ਨ ਹੋਵੇ, ਉਸਦੇ ਪਾਲਣ ਲਈ ਦਾਅਵਾ ਕਰਨ ਦਾ ਅਧਿਕਾਰ, ਜਿੱਥੋਂ ਤੱਕ ਕਿ ਉਸਦੇ ਅਤੇ ਉਨ੍ਹਾਂ ਦੇ ਵਿਚਕਾਰ ਦਾ ਸੰਬੰਧ ਹੈ, ਉਨ੍ਹਾਂ ਦੇ ਸੰਯੁਕਤ ਜੀਵਨਾਂ ਦੇ ਦੌਰਾਨ ਉਨ੍ਹਾਂ ਨੂੰ, ਅਤੇ, ਉਨ੍ਹਾਂ ਵਿਚੋਂ ਕਿਸੇ ਦੀ ਮੌਤ ਦੇ ਪਿਛੋਂ ਅਜਿਹੇ ਮਿਰਤ ਵਿਅਕਤੀ ਦੇ ਪ੍ਰਤੀਨਿਧ ਨੂੰ ਉੱਤਰਜੀਵੀ ਜਾਂ ਉੱਤਰਜੀਵੀਆਂ ਦੇ ਨਾਲ ਸੰਯੁਕਤ ਤੌਰ ਤੇ, ਅਤੇ, ਅੰਤਮ ਉੱਤਰਜੀਵੀ ਦੀ ਮੌਤ ਦੇ ਪਿਛੋਂ, ਉਨ੍ਹਾਂ ਸਾਰਿਆਂ ਦੇ ਪ੍ਰਤੀਨਿਧਾਂ ਨੂੰ ਸੰਯੁਕਤ ਤੌਰ ਤੇ ਹੁੰਦਾ ਹੈ ।

### ਦ੍ਰਿਸ਼ਟਾਂਤ

ੳ, ਉਸ ਨੂੰ ਅ ਅਤੇ ੲ ਦੁਆਰਾ ਉਧਾਰ ਦਿਤੇ ਗਏ 500 ਰੁਪਏ ਦੇ ਬਦਲ ਵਿਚ ਸੰਯੁਕਤ ਤੌਰ ਤੇ ਅ ਅਤੇ ੲ ਨੂੰ ਉਹ ਰਕਮ ਵਿਆਜ ਸਹਿਤ ਉਲਿਖਤ ਦਿਨ ਨੂੰ ਮੁੜ-ਅਦਾ ਕਰਨ ਦਾ ਬਚਨ ਦਿੰਦਾ ਹੈ । ਅ ਮਰ ਜਾਂਦਾ ਹੈ । ਪਾਲਣ ਦਾ ਦਾਅਵਾ ਕਰਨ ਦਾ ਅਧਿਕਾਰ ੲ ਦੇ ਜੀਵਨ ਦੇ ਦੌਰਾਨ ਅ ਦੇ ਪ੍ਰਤੀਨਿਧ ਨੂੰ ੲ ਦੇ ਨਾਲ ਸੰਯੁਕਤ ਤੌਰ ਤੇ, ਅਤੇ, ੲ ਦੀ ਮੌਤ ਦੀ ਪਿਛੋਂ ਅ ਅਤੇ ੲ ਦੇ ਪ੍ਰਤੀਨਿਧਾਂ ਨੂੰ ਸੰਯੁਕਤ ਤੌਰ ਤੇ ਹੈ ।

### ਪਾਲਣ ਲਈ ਸਮਾਂ ਅਤੇ ਸਥਾਨ

ਬਚਨ ਪਾਲਣ ਲਈ ਸਮਾਂ ਅਤੇ ਸਥਾਨ ਜਿੱਥੇ ਪਾਲਣ ਦੀ ਦਰਖ਼ਾਸਤ ਨ ਕੀਤੀ ਜਾਣੀ ਹੋਵੇ ਅਤੇ ਕੋਈ ਸਮਾਂ ਉਲਿਖਤ ਨ ਹੋਵੇ।

46. ਜਿੱਥੇ, ਮੁਆਇਦੇ ਦੁਆਰਾ, ਬਚਨਕਾਰ ਨੇ ਆਪਣੇ ਬਚਨ ਦਾ ਪਾਲਣ ਬਚਨਦਾਰ ਦੁਆਰਾ ਦਰਖ਼ਾਸਤ ਤੋਂ ਬਿਨਾਂ, ਕਰਨਾ ਹੈ, ਅਤੇ ਪਾਲਣ ਲਈ ਕੋਈ ਉਲਿਖਤ ਸਮਾਂ ਨਹੀ ਹੈ, ਉਥੇ ਜ਼ਰੂਰੀ ਹੈ ਕਿ ਬਚਨ-ਬੰਧਨ ਦਾ ਪਾਲਣ ਵਾਜਬੀ ਸਮੇਂ ਦੇ ਅੰਦਰ ਕੀਤਾ ਜਾਵੇ ।

**ਵਿਆਖਿਆ** :—ਇਹ ਸਵਾਲ ਕਿ ''ਵਾਜਬੀ ਸਮਾਂ ਕੀ ਹੈ'' ਹਰੇਕ ਖ਼ਾਸ ਮਾਮਲੇ ਵਿਚ ਤੱਥ ਦਾ ਸਵਾਲ ਹੈ ।

ਬਚਨ ਪਾਲਣ ਲਈ ਸਮਾਂ ਅਤੇ ਸਥਾਨ ਜਿੱਥੇ ਸਮਾਂ ਉਲਿਖਤ ਹੋਵੇ ਅਤੇ ਦਰਖਾਸਤ ਨ ਕੀਤੀ ਜਾਣੀ ਹੋਵੇ।

47. ਜਦ ਕਿਸੇ ਬਚਨ ਦਾ ਪਾਲਣ ਨਿਸਚਿਤ ਦਿਨ ਕੀਤਾ ਜਾਣਾ ਹੋਵੇ, ਅਤੇ ਬਚਨਕਾਰ ਨੇ ਬਚਨਦਾਰ ਦੁਆਰਾ ਦਰਖ਼ਾਸਤ ਬਿਨਾਂ ਉਸਦੇ ਪਾਲਣ ਕਰਨ ਦਾ ਜ਼ਿੰਮਾ ਲਿਆ ਹੋਵੇ, ਤਦ ਕਾਰੋਬਾਰ ਦੇ ਸਾਧਾਰਨ ਸਮੇਂ ਦੇ ਦੌਰਾਨ ਕਿਸੇ ਵੀ ਸਮੇਂ ਅਜਿਹੇ ਦਿਨ ਅਤੇ ਉਸ ਸਥਾਨ ਵਿੱਚ, ਜਿੱਥੇ ਉਸ ਬਚਨ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ, ਬਚਨਕਾਰ ਉਸਦਾ ਪਾਲਣ ਕਰ ਸਕੇਗਾ ।

**ਦ੍ਰਿਸ਼ਟਾਂਤ**

ੳ ਬਚਨ ਦਿੰਦਾ ਹੈ ਕਿ ਉਹ ਪਹਿਲੀ ਜਨਵਰੀ ਨੂੰ ਅ ਦੇ ਮਾਲਗੁਦਾਮ ਵਿੱਚ ਮਾਲ ਹਵਾਲੇ ਕਰੇਗਾ । ਉਸ ਦਿਨ ੳ ਮਾਲ ਅ ਦੇ ਮਾਲਗੁਦਾਮ ਵਿੱਚ ਲਿਆਉਂਦਾ ਹੈ, ਪਰ ਉਸਦੇ ਬੰਦ ਹੋਣ ਦੇ ਸਾਧਾਰਨ ਸਮੇਂ ਪਿਛੋਂ ਅਤੇ ਉਹ ਮਾਲ ਨਹੀਂ ਲਿਆ ਜਾਂਦਾ । ੳ ਨੇ ਆਪਣੇ ਬਚਨ ਦਾ ਪਾਲਣ ਨਹੀਂ ਕੀਤਾ ।

ਨਿਸਚਿਤ ਦਿਨ ਤੇ ਪਾਲਣ ਦੇ ਲਈ ਦਰਖ਼ਾਸਤ ਉਚਿਤ ਸਮੇਂ ਅਤੇ ਸਥਾਨ ਤੇ ਕੀਤੀ ਜਾਵੇ ।

48. ਜਦ ਕਿਸੇ ਬਚਨ ਦਾ ਪਾਲਣ ਨਿਸਚਿਤ ਦਿਨ ਕੀਤਾ ਜਾਣਾ ਹੋਵੇ, ਅਤੇ ਬਚਨਕਾਰ ਨੇ ਬਚਨਦਾਰ ਦੁਆਰਾ ਦਰਖ਼ਾਸਤ ਤੋਂ ਬਿਨਾਂ ਉਸ ਦੇ ਪਾਲਣ ਦਾ ਜ਼ਿੰਮਾ ਨ ਲਿਆ ਹੋਵੇ, ਤਦ ਬਚਨਦਾਰ ਦਾ ਇਹ ਕਰਤੱਵ ਹੈ ਕਿ ਉਸ ਪਾਲਣ ਦੇ ਲਈ ਦਰਖ਼ਾਸਤ ਉਚਿਤ ਸਥਾਨ ਤੇ ਅਤੇ ਕਾਰੋਬਾਰ ਦੇ ਸਾਧਾਰਨ ਸਮੇਂ ਦੇ ਅੰਦਰ ਕਰੇ ।

**ਵਿਆਖਿਆ** :—ਇਹ ਸਵਾਲ ਕਿ ''ਉਚਿਤ ਸਮਾਂ ਅਤੇ ਸਥਾਨ ਕੀ ਹੈ,'' ਹਰ ਇੱਕ ਖ਼ਾਸ ਮਾਮਲੇ ਵਿਚ ਤੱਥ ਦਾ ਸਵਾਲ ਹੈ ।

ਬਚਨ ਦੇ ਪਾਲਣ ਲਈ ਸਥਾਨ ਜਿਥੇ ਪਾਲਣ ਦੇ ਲਈ ਦਰਖ਼ਾਸਤ ਨ ਕੀਤੀ ਜਾਣੀ ਹੋਵੇ ਅਤੇ ਕੋਈ ਸਥਾਨ ਨਿਯਤ ਨ ਹੋਵੇ ।

49. ਜਦ ਕਿਸੇ ਬਚਨ ਦਾ ਪਾਲਣ ਬਚਨਦਾਰ ਦੀ ਦਰਖ਼ਾਸਤ ਤੋਂ ਬਿਨਾਂ ਕੀਤਾ ਜਾਣਾ ਹੋਵੇ, ਅਤੇ ਉਸਦੇ ਪਾਲਣ ਲਈ ਕੋਈ ਸਥਾਨ ਨਿਯਤ ਨ ਹੋਵੇ, ਤਦ ਬਚਨਕਾਰ ਦਾ ਇਹ ਕਰਤੱਵ ਹੈ ਕਿ ਉਸ ਬਚਨ ਦੇ ਪਾਲਣ ਲਈ ਵਾਜਬੀ ਸਥਾਨ ਨਿਯਤ ਕਰਨ ਲਈ ਬਚਨਦਾਰ ਨੂੰ ਦਰਖ਼ਾਸਤ ਕਰੇ ਅਤੇ ਅਜਿਹੇ ਸਥਾਨ ਵਿਖੇ ਉਸਦਾ ਪਾਲਣ ਕਰੇ ।

**ਦ੍ਰਿਸ਼ਟਾਂਤ**

ੳ ਇੱਕ ਨਿਯਤ ਦਿਨ ਨੂੰ ਇੱਕ ਹਜ਼ਾਰ ਮਣ ਪਟਸਨ ਅ ਦੇ ਹਵਾਲੇ ਕਰਨ ਦਾ ਜ਼ਿੰਮਾ ਲੈਂਦਾ ਹੈ । ੳ ਲਈ ਜ਼ਰੂਰੀ ਹੈ ਕਿ ਪਟਸਨ ਲੈਣ ਦੇ ਪ੍ਰਯੋਜਨ ਲਈ ਵਾਜਬੀ ਸਥਾਨ ਨਿਯਤ ਕਰਨ ਵਾਸਤੇ ਅ ਪਾਸ ਦਰਖ਼ਾਸਤ ਕਰੇ ਅਤੇ ਅਜਿਹੇ ਸਥਾਨ ਵਿਖੇ ਪਟਸਨ ਹਵਾਲੇ ਕਰੇ ।

50. ਕਿਸੇ ਬਚਨ ਦਾ ਪਾਲਣ ਕਿਸੇ ਵੀ ਤਰੀਕੇ ਨਾਲ ਅਤੇ ਕਿਸੇ ਵੀ ਸਮੇਂ, ਜੋ ਬਚਨਦਾਰ ਮੁਕੱਰਰ ਜਾਂ ਮਨਜ਼ੂਰ ਕਰੇ, ਕੀਤਾ ਜਾ ਸਕੇਗਾ ।

### ਦ੍ਰਿਸ਼ਟਾਤ

(ੳ) ਅ ਨੇ ੳ ਦੇ 2,000 ਰੁਪਏ ਦੇਣੇ ਹਨ । ੳ ਚਾਹੁੰਦਾ ਹੈ ਕਿ ਅ ਉਸ ਰਕਮ ਨੂੰ ਬੈਂਕਰ ੲ ਦੇ ਪਾਸ ੳ ਦੇ ਲੇਖੇ ਵਿਚ ਅਦਾ ਕਰ ਦੇਵੇ । ਅ ਨੇ ਵੀ ੲ ਕੋਲ ਖਾਤਾ ਖੋਲ੍ਹਿਆ ਹੋਇਆ ਹੈ ਅਤੇ ਉਹ ਹੁਕਮ ਕਰਦਾ ਹੈ ਕਿ ਉਹ ਰਕਮ ਉਸ ਦੇ ਖਾਤੇ ਵਿਚੋਂ ਬਦਲੀ ਕਰਕੇ ੳ ਦੇ ਖਾਤੇ ਜਮ੍ਹਾਂ ਕਰ ਦਿੱਤੀ ਜਾਵੇ ਅਤੇ ੲ ਅਜਿਹਾ ਕਰ ਦਿੰਦਾ ਹੈ । ਉਸਦੇ ਪਿੱਛੋਂ ਅਤੇ ਉਸ ਬਦਲੀ ਦਾ ਗਿਆਨ ੳ ਨੂੰ ਹੋਣ ਤੋਂ ਪਹਿਲਾਂ ੲ ਫ਼ੇਲ੍ਹ ਹੋ ਜਾਂਦਾ ਹੈ । ਇਥੇ ਅ ਦੁਆਰਾ ਠੀਕ ਅਦਾਇਗੀ ਹੋ ਚੁੱਕੀ ਹੈ ।

ਬਚਨਦਾਰ ਦੁਆਰਾ ਮੁੱਕਰਰ ਜਾਂ ਮਨਜ਼ੂਰ ਕੀਤੇ ਗਏ ਤਰੀਕੇ ਨਾਲ ਜਾਂ ਸਮੇਂ ਤੇ ਪਾਲਣ ।

(ਅ) ੳ ਅਤੇ ਅ ਪ੍ਰਸਪਰ ਰਿਣੀ ਹਨ । ੳ ਅਤੇ ਅ ਇੱਕ ਮੱਦ ਨੂੰ ਦੂਜੀ ਵਿਚੋਂ ਮੁਜਰਾਈ ਕਰਕੇ ਲੇਖਾ ਨਿਬੇੜ ਲੈਂਦੇ ਹਨ, ਅਤੇ ਅਜਿਹੇ ਨਿਬੇੜੇ ਤੇ ਜੋ ਦੇਣਯੋਗ ਬਾਕੀ ਨਿਕਲਦੀ ਹੈ ਅ ਉਹ ੳ ਨੂੰ ਅਦਾ ਕਰ ਦਿੰਦਾ ਹੈ । ਇਹ ਕ੍ਰਮਵਾਰ ੳ ਅਤੇ ਅ ਦੁਆਰਾ, ਉਨ੍ਹਾਂ ਰਕਮਾਂ ਦੀ ਅਦਾਇਗੀ ਦੇ ਤੁਲ ਹੈ ਜਿਹੜੀਆਂ ਉਨ੍ਹਾਂ ਨੇ ਇੱਕ ਦੂਜੇ ਨੂੰ ਦੇਣੀਆਂ ਸਨ ।

(ੲ) ੳ ਨੇ ਅ ਦੇ 2,000 ਰੁਪਏ ਦੇਣੇ ਹਨ । ਅ, ਉਸ ਰਿਣ ਨੂੰ ਘੱਟ ਕਰਨ ਲਈ ੳ ਦਾ ਕੁਝ ਮਾਲ ਸਵੀਕਾਰ ਕਰਦਾ ਹੈ । ਮਾਲ ਦੀ ਹਵਾਲਗੀ ਨਾਲ ਭਾਗ ਅਦਾਇਗੀ ਹੋ ਜਾਂਦੀ ਹੈ ।

(ਸ) ੳ ਇਹ ਚਾਹੁੰਦਾ ਹੈ ਕਿ ਅ, ਜਿਸ ਨੇ ਉਸ ਦੇ 100 ਰੁਪਏ ਦੇਣੇ ਹਨ, ਉਸ ਨੂੰ ਡਾਕ ਦੁਆਰਾ 100 ਰੁਪਏ ਦਾ ਨੋਟ ਭੇਜੇ । ਜਿਉਂ ਹੀ ਅ, ਨੋਟ ਸਹਿਤ ਪੱਤਰ ਨੂੰ, ਜਿਸ ਤੇ ੳ ਦਾ ਪਤਾ ਠੀਕ ਤੌਰ ਤੇ ਲਿਖਿਆ ਹੈ, ਡਾਕ ਵਿਚ ਪਾਉਂਦਾ ਹੈ ਰਿਣ ਦਾ ਨਿਸਤਾਰਾ ਹੋ ਜਾਂਦਾ ਹੈ ।

### ਪ੍ਰਸਪਰ ਬਚਨਾਂ ਦਾ ਪਾਲਣ

51. ਜਦ ਕੋਈ ਮੁਆਇਦਾ ਨਾਲੋ ਨਾਲ ਪਾਲਣ ਕੀਤੇ ਜਾਣ ਵਾਲੇ ਪ੍ਰਸਪਰਕ ਬਚਨਾਂ ਤੋਂ ਮਿਲ ਕੇ ਬਣਿਆ ਹੋਵੇ, ਤਦ ਕਿਸੇ ਬਚਨਕਾਰ ਨੂੰ ਆਪਣਾ ਬਚਨ ਪਾਲਣ ਦੀ ਲੋੜ ਨਹੀਂ, ਜੇਕਰ ਬਚਨਦਾਰ ਆਪਣੇ ਪ੍ਰਸਪਰਕ ਬਚਨ ਦਾ ਪਾਲਣ ਕਰਨ ਲਈ ਤਿਆਰ ਅਤੇ ਰਜ਼ਾਮੰਦ ਨ ਹੋਵੇ ।

ਬਚਨਕਾਰ ਪਾਲਣ ਕਰਨ ਲਈ ਪਾਬੰਦ ਨਹੀਂ, ਜੇਕਰ ਪ੍ਰਸਪਰਕ ਬਚਨਦਾਰ ਪਾਲਣ ਦੇ ਲਈ ਤਿਆਰ ਅਤੇ ਰਜ਼ਾਮੰਦ ਨ ਹੋਵੇ।

### ਦ੍ਰਿਸ਼ਟਾਂਤ

(ੳ) ੳ ਅਤੇ ਅ ਮੁਆਇਦਾ ਕਰਦੇ ਹਨ ਕਿ ੳ ਮਾਲ 'ਅ' ਦੇ ਹਵਾਲੇ ਕਰੇਗਾ ਜਿਸਦੇ ਲਈ ਅਦਾਇਗੀ ਮਾਲ ਦੀ ਹਵਾਲਗੀ ਤੇ ਅ ਦੁਆਰਾ ਕੀਤੀ ਜਾਵੇਗੀ ।

ੳ ਨੂੰ ਮਾਲ ਹਵਾਲੇ ਕਰਨ ਦੀ ਲੋੜ ਨਹੀਂ, ਜੇਕਰ ਅ ਹਵਾਲਗੀ ਤੇ ਮਾਲ ਦੇ ਲਈ ਅਦਾਇਗੀ ਕਰਨ ਲਈ ਤਿਆਰ ਅਤੇ ਰਜ਼ਾਮੰਦ ਨਹੀਂ ਹੈ । ਅ ਨੂੰ ਮਾਲ ਦੀ ਅਦਾਇਗੀ ਕਰਨ ਦੀ ਲੋੜ ਨਹੀਂ ਜੇਕਰ ੳ ਅਦਾਇਗੀ ਤੇ ਮਾਲ ਹਵਾਲੇ ਕਰਨ ਲਈ ਤਿਆਰ ਅਤੇ ਰਜ਼ਾਮੰਦ ਨਹੀਂ ਹੈ ।

(ਅ) ੳ ਅਤੇ ਅ ਮੁਆਇਦਾ ਕਰਦੇ ਹਨ ਕਿ ੳ ਕਿਸ਼ਤਾਂ ਵਿਚ ਅਦਾ ਕੀਤੀ ਜਾਣ ਵਾਲੀ ਕੀਮਤ ਤੇ ਮਾਲ ਅ ਦੇ ਹਵਾਲੇ ਕਰੇਗਾ, ਅਤੇ ਪਹਿਲੀ ਕਿਸ਼ਤ ਹਵਾਲਗੀ ਤੇ ਅਦਾ ਕੀਤੀ ਜਾਣੀ ਹੈ ।

ੳ ਨੂੰ ਮਾਲ ਹਵਾਲੇ ਕਰਨ ਦੀ ਲੋੜ ਨਹੀਂ, ਜੇਕਰ ਅ ਹਵਾਲਗੀ ਤੇ ਪਹਿਲੀ ਕਿਸ਼ਤ ਅਦਾ ਕਰਨ ਲਈ ਤਿਆਰ ਅਤੇ ਰਜਾਮੰਦ ਨਹੀਂ ਹੈ ।

ਅ ਨੂੰ ਪਹਿਲੀ ਕਿਸ਼ਤ ਅਦਾ ਕਰਨ ਦੀ ਲੋੜ ਨਹੀਂ ਜੇਕਰ ੳ ਪਹਿਲੀ ਕਿਸ਼ਤ ਦੀ ਅਦਾਇਗੀ ਤੇ ਮਾਲ ਹਵਾਲੇ ਕਰਨ ਲਈ ਤਿਆਰ ਅਤੇ ਰਜ਼ਾਮੰਦ ਨਹੀਂ ਹੈ ।

52. ਜਿੱਥੇ ਉਹ ਕ੍ਰਮ, ਜਿਸ ਵਿਚ ਪ੍ਰਸਪਰਕ ਬਚਨ ਪਾਲਣ ਕੀਤੇ ਜਾਣੇ ਹਨ, ਮੁਆਇਦੇ ਦੁਆਰਾ ਸਪੱਸ਼ਟ ਤੌਰ ਤੇ ਨਿਯਤ ਹੋਵੇ, ਉਥੇ ਉਨ੍ਹਾਂ ਦਾ ਪਾਲਣ ਉਸੇ ਕ੍ਰਮ ਵਿਚ ਕੀਤਾ ਜਾਵੇਗਾ ; ਅਤੇ ਜਿੱਥੇ ਕ੍ਰਮ ਮੁਆਇਦੇ ਦੁਆਰਾ ਸਪੱਸ਼ਟ ਤੌਰ ਤੇ ਨਿਯਤ ਨ ਹੋਵੇ, ਉਥੇ ਉਨ੍ਹਾਂ ਦਾ ਪਾਲਣ ਉਸ ਕ੍ਰਮ ਵਿਚ ਕੀਤਾ ਜਾਵੇਗਾ, ਜੋ ਉਸ ਵਿਹਾਰ ਦੀ ਪ੍ਰਕਿਰਤੀ ਲੋੜਦੀ ਹੈ ।

ਪ੍ਰਸਪਰਕ ਬਚਨਾਂ ਦੇ ਪਾਲਣ ਦਾ ਕ੍ਰਮ।

**ਦ੍ਰਿਸ਼ਟਾਂਤ**

(ੳ) ੳ ਅਤੇ ਅ ਮੁਆਇਦਾ ਕਰਦੇ ਹਨ ਕਿ ੳ ਨਿਯਤ ਕੀਮਤ ਤੇ ਅ ਲਈ ਮਕਾਨ ਬਣਾਵੇਗਾ। ੳ ਨੂੰ ਮਕਾਨ ਬਣਾਉਣ ਦੇ ਬਚਨ ਦਾ ਪਾਲਣ ਅ ਵਲੋਂ ਉਸਦੇ ਲਈ ਅਦਾਇਗੀ ਕਰਨ ਦੇ ਬਚਨ ਦੇ ਪਾਲਣ ਤੋਂ ਪਹਿਲਾਂ ਕਰਨਾ ਜ਼ਰੂਰੀ ਹੈ ।

(ਅ) ੳ ਅਤੇ ਅ ਮੁਆਇਦਾ ਕਰਦੇ ਹਨ ਕਿ ੳ ਆਪਣਾ ਵਪਾਰ-ਸਟੌਕ ਨਿਯਤ ਕੀਮਤ ਤੇ ਅ ਨੂੰ ਦੇਵੇਗਾ ਅਤੇ ਅ ਧਨ ਦੀ ਅਦਾਇਗੀ ਲਈ ਸੀਕਿਉਰਿਟੀ ਦੇਣ ਦਾ ਬਚਨ ਦਿੰਦਾ ਹੈ । ੳ ਦਾ ਬਚਨ ਤਦ ਤੱਕ ਪਾਲਣ ਕੀਤੇ ਜਾਣ ਦੀ ਲੋੜ ਨਹੀਂ ਜਦ ਤੱਕ ਸੀਕਿਉਰਿਟੀ ਨ ਦੇ ਦਿੱਤੀ ਜਾਵੇ, ਕਿਉਂਕਿ ਇਸ ਵਿਹਾਰ ਦੀ ਪ੍ਰਕਿਰਤੀ ਇਹ ਲੋੜਦੀ ਹੈ ਕਿ ਆਪਣਾ ਵਪਾਰ-ਸਟੌਕ ਹਵਾਲੇ ਕਰਨ ਤੋਂ ਪਹਿਲਾਂ ੳ ਨੂੰ ਸੀਕਿਉਰਿਟੀ ਮਿਲਣੀ ਚਾਹੀਦੀ ਹੈ ।

53. ਜਦ ਕਿਸੇ ਮੁਆਇਦੇ ਵਿਚ ਪ੍ਰਸਪਰ ਬਚਨ ਹੋਣ, ਅਤੇ ਮੁਆਇਦੇ ਦੀ ਇੱਕ ਧਿਰ ਦੂਜੀ ਨੂੰ ਉਸ ਦੇ ਬਚਨ ਦਾ ਪਾਲਣ ਕਰਨ ਤੋਂ ਰੋਕੇ ਤਦ ਉਹ ਮੁਆਇਦਾ ਇਸ ਤਰ੍ਹਾਂ ਰੋਕੀ ਗਈ ਧਿਰ ਦੀ ਮਰਜ਼ੀ ਤੇ ਸੁੰਨਕਰਣ ਯੋਗ ਹੋ ਜਾਂਦਾ ਹੈ, ਅਤੇ ਉਹ ਕਿਸੇ ਵੀ ਹਾਨ ਲਈ, ਜਿਹੜਾ ਮੁਆਇਦੇ ਦੇ ਅਪਾਲਣ ਦੇ ਪਰਿਣਾਮ ਵਜੋਂ ਉਸਨੂੰ ਸਹਿਣਾ ਪਵੇ, ਦੂਜੀ ਧਿਰ ਤੋਂ ਮੁਆਵਜ਼ਾ ਲੈਣ ਦਾ ਹੱਕਦਾਰ ਹੈ।

ਜਿਹੜੀ ਘਟਨਾ ਵਾਪਰਨ ਤੇ ਮੁਆਇਦਾ ਪ੍ਰਭਾਵੀ ਹੋਣਾ ਹੈ ਉਸ ਨੂੰ ਰੋਕਣ ਵਾਲੀ ਧਿਰ ਦੀ ਦੇਣਦਾਰੀ ।

**ਦ੍ਰਿਸ਼ਟਾਂਤ**

ੳ ਅਤੇ ਅ ਮੁਆਇਦਾ ਕਰਦੇ ਹਨ ਕਿ ਅ ਇੱਕ ਹਜ਼ਾਰ ਰੁਪਏ ਲਈ ੳ ਲਈ ਨਿਸਚਿਤ ਕੰਮ ਦੀ ਤਕਮੀਲ ਕਰੇਗਾ । ਅ ਉਸ ਕੰਮ ਦੀ ਉਸਦੇ ਅਨੁਸਾਰ ਤਕਮੀਲ ਕਰਨ ਲਈ ਤਿਆਰ ਅਤੇ ਰਜ਼ਾਮੰਦ ਹੈ, ਪਰ ੳ ਉਸਨੂੰ ਅਜਿਹਾ ਕਰਨ ਤੋਂ ਰੋਕਦਾ ਹੈ । ਮੁਆਇਦਾ ਅ ਦੀ ਮਰਜ਼ੀ ਤੇ ਸੁੰਨਕਰਣਯੋਗ ਹੈ ; ਅਤੇ ਜੇ ਉਹ ਉਸਨੂੰ ਵਿਖੰਡਤ ਕਰਨ ਲਈ ਚੋਣ ਕਰਦਾ ਹੈ, ਤਾਂ ਉਹ ਕਿਸੇ ਹਾਨ ਲਈ, ਜਿਹੜਾ ਉਸਨੇ ਉਸਦੇ ਅਪਾਲਣ ਕਾਰਨ ਉਠਾਇਆ ਹੈ, ੳ ਤੋਂ ਮੁਆਵਜ਼ਾ ਵਸੂਲ ਕਰਨ ਦਾ ਹੱਕਦਾਰ ਹੈ ।

54. ਜਦ ਕੋਈ ਮੁਆਇਦਾ ਅਜਿਹੇ ਪ੍ਰਸਪਰਕ ਬਚਨਾਂ ਤੋਂ ਮਿਲਕੇ ਬਣਿਆ ਹੈ ਜਿਨ੍ਹਾਂ ਵਿਚੋਂ ਇੱਕ ਦਾ ਪਾਲਣ ਨਹੀਂ ਕੀਤਾ ਜਾ ਸਕਦਾ, ਜਾਂ ਉਸਦੇ ਪਾਲਣ ਦਾ ਦਾਅਵਾ ਤਦ ਤੱਕ ਨਹੀਂ ਕੀਤਾ ਜਾ ਸਕਦਾ ਜਦ ਤੱਕ ਦੂਜੇ ਦਾ ਪਾਲਣ ਨ ਕਰ ਦਿੱਤਾ ਗਿਆ ਹੋਵੇ, ਅਤੇ ਅੰਤਮ ਜ਼ਿਕਰ ਕੀਤੇ ਬਚਨ ਦਾ ਬਚਨਕਾਰ ਉਸਦੇ ਪਾਲਣ ਵਿੱਚ ਅਸਫਲ ਰਹਿੰਦਾ ਹੈ, ਤਦ ਅਜਿਹਾ ਬਚਨਕਾਰ ਪ੍ਰਸਪਰਕ ਬਚਨ ਦੇ ਪਾਲਣ ਦਾ ਦਾਅਵਾ ਨਹੀਂ ਕਰ ਸਕਦਾ, ਅਤੇ ਉਸ ਲਈ ਜ਼ਰੂਰੀ ਹੈ ਕਿ ਉਹ ਮੁਆਇਦੇ ਦੀ ਦੂਜੀ ਧਿਰ ਨੂੰ ਕਿਸੇ ਵੀ ਹਾਨ ਦੇ ਲਈ ਮੁਆਵਜ਼ਾ ਦੇਵੇ, ਜੋ ਅਜਿਹੀ ਦੂਜੀ ਧਿਰ ਮੁਆਇਦੇ ਦੇ ਅਪਾਲਣ ਤੋਂ ਉਠਾਵੇ ।

ਪ੍ਰਸਪਰਕ ਬਚਨਾਂ ਤੋਂ ਮਿਲਕੇ ਬਣੇ ਮੁਆਇਦੇ ਵਿੱਚ, ਉਸ ਬਚਨ ਬਾਰੇ ਕੋਤਾਹੀ ਦਾ ਪ੍ਰਭਾਵ ਜਿਸ ਦਾ ਪਾਲਣ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ ।

**ਦ੍ਰਿਸ਼ਟਾਂਤ**

(ੳ) ਅ ਦਾ ਜਹਾਜ਼, ੳ ਦੁਆਰਾ ਮੁਹੱਈਆ ਕੀਤਾ ਜਾਣ ਵਾਲਾ ਜਹਾਜ਼ੀ ਮਾਲ ਭਰਨ ਅਤੇ

ਕਲਕੱਤੇ ਤੋਂ ਮੌਰੇਸ਼ੀਅਸ ਤੱਕ ਢੋਣ ਲਈ 'ੳ' ਭਾੜੇ ਤੇ ਲੈਂਦਾ ਹੈ । ਉਸਦੀ ਢੁਆਈ ਲਈ ਅ ਨੂੰ ਨਿਸਚਿਤ ਮਾਲ-ਭਾੜਾ ਮਿਲਣਾ ਹੈ । ੳ ਜਹਾਜ਼ ਲਈ ਕੋਈ ਮਾਲ ਮੁਹੱਈਆ ਨਹੀਂ ਕਰਦਾ । ਅ ਦੇ ਬਚਨ ਦੇ ਪਾਲਣ ਦਾ ੳ ਦਾਅਵਾ ਨਹੀਂ ਕਰ ਸਕਦਾ, ਅਤੇ ਉਸ ਲਈ ਜ਼ਰੂਰੀ ਹੈ ਕਿ ਅ ਨੂੰ, ਉਸ ਹਾਨ ਲਈ ਮੁਆਵਜ਼ਾ ਦੇਵੇ, ਜਿਹੜਾ ਅ ਮੁਆਇਦੇ ਦੇ ਅਪਾਲਣ ਤੋਂ ਉਠਾਏ ।

(ਅ) ਅ ਨਾਲ ੳ ਇੱਕ ਨਿਯਤ ਕੀਮਤ ਤੇ ਉਸਾਰੀ ਦਾ ਕੋਈ ਕੰਮ ਕਰਨ ਲਈ ਮੁਆਇਦਾ ਕਰਦਾ ਹੈ, ਉਸ ਕੰਮ ਲਈ ਪੈੜਾਂ ਅਤੇ ਜ਼ਰੂਰੀ ਇਮਾਰਤੀ ਲਕੜੀ ਅ ਵਲੋਂ ਸਪਲਾਈ ਕੀਤੀ ਜਾਣੀ ਹੈ । ਅ ਪੈੜ ਜਾਂ ਇਮਾਰਤੀ ਲਕੜੀ ਦੇਣ ਤੋਂ ਇਨਕਾਰ ਕਰਦਾ ਹੈ, ਅਤੇ ਕੰਮ ਤਕਮੀਲ ਨਹੀਂ ਕੀਤਾ ਜਾ ਸਕਦਾ । ੳ ਨੂੰ ਕੰਮ ਦੇ ਪੂਰਾ ਕਰਨ ਦੀ ਲੋੜ ਨਹੀਂ, ਅਤੇ ੳ ਨੂੰ ਉਸ ਹਾਨ ਲਈ, ਜਿਹੜਾ ਉਸ ਨੂੰ ਮੁਆਇਦੇ ਦੇ ਅਪਾਲਣ ਦੁਆਰਾ ਕਾਰਤ ਹੋਵੇ, ਮੁਆਵਜ਼ਾ ਦੇਣ ਲਈ 'ਅ' ਪਾਬੰਦ ਹੈ ।

(ੲ) ਅ ਨਾਲ ੳ ਮੁਆਇਦਾ-ਕਰਦਾ ਹੈ ਕਿ ਉਹ ਉਸ ਵੱਖਰ ਨੂੰ ਜੋ ਇੱਕ ਅਜਿਹੇ ਜਹਾਜ਼ ਤੇ ਹੈ, ਜਿਹੜਾ ਇੱਕ ਮਹੀਨੇ ਤੱਕ ਨਹੀਂ ਪਹੁੰਚ ਸਕਦਾ, ਉਲਿਖਤ ਕੀਮਤ ਤੇ ਉਸਦੇ ਹਵਾਲੇ ਕਰੇਗਾ ਅਤੇ ਅ ਮੁਆਇਦੇ ਦੀ ਤਰੀਕ ਤੋਂ ਇੱਕ ਹਫ਼ਤੇ ਦੇ ਅੰਦਰ ਉਸ ਵੱਖਰ ਲਈ ਅਦਾਇਗੀ ਕਰਨ ਲਈ ਬਚਨਬੱਧ ਹੁੰਦਾ ਹੈ । ਅ ਉਸ ਹਫਤੇ ਦੇ ਅੰਦਰ ਅਦਾਇਗੀ ਨਹੀਂ ਕਰਦਾ । ਹਵਾਲੇ ਕਰਨ ਦੇ ੳ ਦੇ ਬਚਨ ਦੀ ਪਾਲਣਾ ਦੀ ਲੋੜ ਨਹੀਂ ਅਤੇ ਅ ਲਈ ਜ਼ਰੂਰੀ ਹੈ ਕਿ ਉਹ ਮੁਆਵਜ਼ਾ ਦੇਵੇ ।

(ਸ) ਅ ਨੂੰ 'ੳ' ਵੱਖਰ ਦੀਆਂ ਇੱਕ ਸੌ ਗਠਾਂ ਵੇਚਣ ਦਾ ਬਚਨ ਦਿੰਦਾ ਹੈ, ਜਿਨ੍ਹਾਂ ਦੀ ਹਵਾਲਗੀ ਅਗਲੇ ਦਿਨ ਕੀਤੀ ਜਾਣੀ ਹੈ, ਅਤੇ ਅ ਉਨ੍ਹਾਂ ਲਈ ਇੱਕ ਮਹੀਨੇ ਦੇ ਅੰਦਰ ਅਦਾਇਗੀ ਕਰਨ ਦਾ ਬਚਨ ੳ ਨੂੰ ਦਿੰਦਾ ਹੈ । ੳ ਆਪਣੇ ਬਚਨ ਦੇ ਅਨੁਸਾਰ ਹਵਾਲਗੀ ਨਹੀਂ ਕਰਦਾ । ਅਦਾਇਗੀ ਕਰਨ ਦੇ ਅ ਦੇ ਬਚਨ ਦੀ ਪਾਲਣਾ ਦੀ ਲੋੜ ਨਹੀਂ ਹੈ, ਅਤੇ ੳ ਲਈ ਜ਼ਰੂਰੀ ਹੈ ਕਿ ਉਹ ਮੁਆਵਜ਼ਾ ਦੇਵੇ ।

ਉਸ ਮੁਆਇਦੇ ਵਿੱਚ ਜਿਸ ਵਿੱਚ ਸਮਾਂ ਸਾਰਭੂਤ ਹੈ ਨਿਯਤ ਸਮੇਂ ਤੇ ਪਾਲਣ ਕਰਨ ਦੀ ਅਸਫਲਤਾ ਦਾ ਪ੍ਰਭਾਵ ।

55. ਜਦ ਕਿਸੇ ਮੁਆਇਦੇ ਦੀ ਇੱਕ ਧਿਰ ਕਿਸੇ ਗੱਲ ਨੂੰ ਉਲਿਖਤ ਸਮੇਂ ਤੇ ਜਾਂ ਉਸ ਤੋਂ ਪਹਿਲਾਂ, ਜਾਂ ਨਿਸਚਿਤ ਗੱਲਾਂ ਨੂੰ ਉਲਿਖਤ ਸਮਿਆਂ ਤੇ ਜਾਂ ਉਨ੍ਹਾਂ ਤੋਂ ਪਹਿਲਾਂ ਕਰਨ ਦਾ ਬਚਨ ਦਿੰਦੀ ਹੈ ਅਤੇ ਕਿਸੇ ਅਜਿਹੀ ਗੱਲ ਨੂੰ ਉਹ ਉਲਿਖਤ ਸਮੇਂ ਤੇ ਜਾਂ ਉਸ ਤੋਂ ਪਹਿਲਾਂ ਕਰਨ ਵਿੱਚ ਅਸਫਲ ਰਹਿੰਦੀ ਹੈ, ਉਹ ਮੁਆਇਦਾ ਜਾਂ ਉਸ ਵਿਚੋਂ ਉਨ੍ਹਾਂ ਜਿੰਨੇ ਦਾ ਪਾਲਣ ਨ ਕੀਤਾ ਗਿਆ ਹੋਵੇ, ਬਚਨਦਾਰ ਦੀ ਮਰਜ਼ੀ ਤੇ ਸੁੰਨਕਰਨਯੋਗ ਹੋ ਜਾਂਦਾ ਹੈ, ਜੇ ਧਿਰਾਂ ਦਾ ਇਰਾਦਾ ਇਹ ਸੀ ਕਿ ਸਮਾਂ ਮੁਆਇਦੇ ਦਾ ਤਤਸਾਰ ਹੋਣਾ ਚਾਹੀਦਾ ਹੈ ।

ਅਜਿਹੀ ਅਸਫਲਤਾ ਦਾ ਪ੍ਰਭਾਵ ਸਮਾਂ ਜਦ ਸਾਰਭੂਤ ਨਹੀਂ ਹੈ ।

ਜੇ ਧਿਰਾਂ ਦਾ ਇਹ ਇਰਾਦਾ ਨਹੀਂ ਸੀ ਕਿ ਸਮਾਂ ਮੁਆਇਦੇ ਦਾ ਤਤਸਾਰ ਹੋਣਾ ਚਾਹੀਦਾ ਹੈ, ਤਾਂ ਮੁਆਇਦਾ ਅਜਿਹੀ ਗੱਲ ਨੂੰ ਉਲਿਖਤ ਸਮੇਂ ਤੇ ਜਾਂ ਉਸਤੋਂ ਪਹਿਲਾਂ ਕਰਨ ਵਿੱਚ ਅਸਫਲ ਰਹਿਮ ਦੁਆਰਾ ਸੁੰਨਕਰਣਯੋਗ ਨਹੀਂ ਹੋ ਜਾਂਦਾ ; ਪਰ ਬਚਨਦਾਰ ਅਜਿਹੀ ਅਸਫਲਤਾ ਦੁਆਰਾ ਹੋਏ ਕਿਸੇ ਹਾਨ ਲਈ ਬਚਨਕਾਰ ਤੋਂ ਮੁਆਵਜ਼ਾ ਲੈਣ ਦਾ ਹੱਕਦਾਰ ਹੈ ।

ਕਰਾਰ ਕੀਤੇ ਸਮੇਂ ਤੋਂ ਹੋਰ ਕਿਸੇ ਸਮੇਂ ਤੇ ਪਾਲਣ ਦੀ ਸਵੀਕ੍ਰਿਤੀ ਦਾ ਪ੍ਰਭਾਵ ।

ਜੇ, ਅਜਿਹੇ ਮੁਆਇਦੇ ਦੀ ਸੂਰਤ ਵਿਚ ਜਿਹੜਾ ਕਰਾਰ ਕੀਤੇ ਸਮੇਂ ਤੇ ਬਚਨ ਦੇ ਪਾਲਣ ਵਿਚ ਬਚਨਕਾਰ ਦੀ ਅਸਫਲਤਾ ਦੇ ਕਾਰਨ ਸੁੰਨਕਰਣਯੋਗ ਹੋਵੇ, ਬਨਚਦਾਰ ਅਜਿਹੇ ਬਚਨ ਦਾ ਕਰਾਰ ਕੀਤੇ ਸਮੇਂ ਤੋਂ ਹੋਰ ਕਿਸੇ ਸਮੇਂ ਤੇ ਕੀਤਾ ਗਿਆ ਪਾਲਣ ਸਵੀਕਾਰ ਕਰ ਲਵੇ ਤਾਂ ਬਚਨਦਾਰ ਕਰਾਰ ਕੀਤੇ ਸਮੇਂ ਤੇ ਬਚਨ ਦੇ ਅਪਾਲਣ ਨਾਲ ਹੋਏ ਕਿਸੇ ਹਾਨ ਦੇ ਲਈ ਮੁਆਵਜ਼ੇ ਦਾ ਦਾਅਵਾ ਨਹੀਂ ਕਰ ਸਕਦਾ ਜੇਕਰ ਉਸਨੇ ਅਜਿਹੀ ਸਵੀਕ੍ਰਿਤੀ ਸਮੇਂ ਅਜਿਹਾ ਕਰਨ ਦੇ ਆਪਣੇ ਇਰਾਦੇ ਦੀ ਸੂਚਨਾ ਬਚਨਕਾਰ ਨੂੰ ਨ ਦੇ ਦਿੱਤੀ ਹੋਵੇ ।

56. ਉਹ ਕਰਾਰ ਸੁੰਨ ਹੈ ਜੋ ਅਜਿਹਾ ਕਾਰਜ ਕਰਨ ਲਈ ਹੈ ਜੋ ਆਪਣੇ ਆਪ ਵਿਚ ਅਸੰਭਵ ਹੈ ।

ਅਸੰਭਵ ਕਾਰਜ ਕਰਨ ਦਾ ਕਰਾਰ।

ਅਜਿਹਾ ਕਾਰਜ ਕਰਨ ਦਾ ਮੁਆਇਦਾ, ਜਿਹੜਾ ਮੁਆਇਦਾ ਕਰਨ ਦੇ ਪਿੱਛੋਂ, ਅਸੰਭਵ, ਜਾਂ, ਕਿਸੇ ਅਜਿਹੀ ਘਟਨਾ ਦੇ ਕਾਰਨ, ਜੋ ਬਚਨਕਾਰ ਨਹੀਂ ਸੀ ਰੋਕ ਸਕਦਾ, ਕਾਨੂੰਨ-ਵਿਰੁੱਧ ਹੋ ਜਾਂਦਾ ਹੈ, ਤਦ ਸੁੰਨ ਹੋ ਜਾਂਦਾ ਹੈ ਜਦ ਉਹ ਕਾਰਜ ਅਸੰਭਵ ਜਾਂ ਕਾਨੂੰਨ-ਵਿਰੁੱਧ ਹੋ ਜਾਂਦਾ ਹੈ ।

ਬਾਦ ਵਿੱਚ ਅਸੰਭਵ ਜਾਂ ਕਾਨੂੰਨ ਵਿਰੁੱਧ ਹੋ ਜਾਣ ਵਾਲੇ ਕਾਰਜ ਦੇ ਕਰਨ ਦਾ ਮੁਆਇਦਾ ।

ਜਿੱਥੇ ਇੱਕ ਵਿਅਕਤੀ ਨੇ ਅਜਿਹੀ ਗੱਲ ਕਰਨ ਦਾ ਬਚਨ ਦਿੱਤਾ ਹੈ ਜਿਸਦਾ ਅੰਸਭਵ ਜਾਂ ਕਾਨੂੰਨ-ਵਿਰੁੱਧ ਹੋਣਾ ਉਹ ਜਾਣਦਾ ਸੀ, ਜਾਂ ਵਾਜਬ ਤਨਦਿਹੀ ਨਾਲ ਜਾਣ ਸਕਦਾ ਸੀ, ਅਤੇ ਜੋ ਬਚਨਦਾਰ ਨਹੀਂ ਜਾਣਦਾ ਸੀ, ਉਥੇ ਅਜਿਹੇ ਬਚਨਕਾਰ ਲਈ ਜ਼ਰੂਰੀ ਹੈ ਕਿ ਅਜਿਹੇ ਬਚਨਦਾਰ ਨੂੰ ਕਿਸੇ ਅਜਿਹੇ ਹਾਨ ਲਈ ਮੁਆਵਜ਼ਾ ਦੇਵੇ ਜੋ ਬਚਨਦਾਰ ਨੇ ਉਸ ਬਚਨ ਦੇ ਅਪਾਲਣ ਨਾਲ ਉਠਾਇਆ ਹੋਵੇ।

ਅਜਿਹੇ ਕਾਰਜ ਦੇ ਅਪਾਲਣ ਨਾਲ ਹੋਏ ਹਾਨ ਦੇ ਲਈ ਮੁਆਵਜ਼ਾ ਜਿਸਦਾ ਅਸੰਭਵ ਜਾਂ ਕਾਨੂੰਨ-ਵਿਰੁੱਧ ਹੋਣਾ ਗਿਆਤ ਹੋਵੇ।

**ਦ੍ਰਿਸ਼ਟਾਂਤ**

(ੳ) ੳ, ਜਾਦੂ ਨਾਲ ਗੁਪਤ ਖ਼ਜਾਨੇ ਦਾ ਪਤਾ ਲਾਉਣ ਦ ਅ ਨਾਲ ਕਰਾਰ ਕਰਦਾ ਹੈ। ਇਹ ਕਰਾਰ ਸੁੰਨ ਹੈ।

(ਅ) ੳ ਅਤੇ ਅ ਇੱਕ ਦੂਜੇ ਨਾਲ ਵਿਆਹ ਕਰਨ ਦਾ ਮੁਆਇਦਾ ਕਰਦੇ ਹਨ। ਵਿਆਹ ਦੇ ਲਈ ਨਿਯਤ ਸਮੇਂ ਤੋਂ ਪਹਿਲਾਂ ੳ ਝੱਲਾ ਹੋ ਜਾਂਦਾ ਹੈ। ਮੁਆਇਦਾ ਸੁੰਨ ਹੋ ਜਾਂਦਾ ਹੈ।

(ੲ) ੳ, ਜਿਹੜਾ ਪਹਿਲਾ ਹੀ ੲ ਨਾਲ ਵਿਆਹਿਆ ਹੋਇਆ ਹੈ, ਅਤੇ ਉਸ ਕਾਨੂੰਨ ਦੁਆਰਾ, ਜਿਸ ਦੇ ਉਹ ਤਾਬੇ ਹੈ, ਬਹੁ-ਵਿਆਹ ਤੋਂ ਵਰਜਤ ਹੁੰਦਿਆ ਹੋਇਆ ਅ ਨਾਲ ਵਿਆਹ ਕਰਨ ਦਾ ਮੁਆਇਦਾ ਕਰਦਾ ਹੈ। ੳ ਲਈ ਜ਼ਰੂਰੀ ਹੈ ਕਿ ਉਸਦੇ ਬਚਨ ਦੇ ਅਪਾਲਣ ਦੁਆਰਾ ਅ ਨੂੰ ਹੋਏ ਹਾਨ ਲਈ ਉਸ ਨੂੰ ਮੁਆਵਜਾ ਦੇਵੇ।

(ਸ) ੳ ਮੁਆਇਦਾ ਕਰਦਾ ਹੈ ਕਿ ਉਹ ਇੱਕ ਬਦੇਸ਼ੀ ਬੰਦਰਗਾਹ ਵਿਖੇ ਅ ਲਈ ਜਹਾਜ਼ੀ ਮਾਲ ਭਰੇਗਾ ਉਸਦੇ ਪਿਛੋਂ ੳ ਦੀ ਸਰਕਾਰ ਉਸ ਦੇਸ ਵਿਰੁਧ, ਜਿਸ ਵਿੱਚ ਉਹ ਬੰਦਰਗਾਹ ਸਥਿਤ ਹੈ, ਯੁੱਧ ਦਾ ਐਲਾਨ ਕਰ ਦਿੰਦੀ ਹੈ। ਮੁਆਇਦਾ ਤਦ ਸੁੰਨ ਹੋ ਜਾਂਦਾ ਹੈ ਜਦ ਯੁੱਧ ਦਾ ਐਲਾਨ ਕੀਤਾ ਜਾਂਦਾ ਹੈ।

(ਹ) ਅ ਦੁਆਰਾ ਪੇਸਗੀ ਦਿੱਤੀ ਗਈ ਰਕਮ ਦੇ ਬਦਲ ਵਿੱਚ , ੳ ਛੇ ਮਹੀਨੇ ਲਈ ਇੱਕ ਥੀਏਟਰ ਵਿੱਚ ਐਕਟ ਕਰਨ ਦਾ ਮੁਆਇਦਾ ਕਰਦਾ ਹੈ। ਕਈ ਮੌਕਿਆਂ ਤੇ ੳ ਇੰਨਾ ਬੀਮਾਰ ਹੋ ਜਾਂਦਾ ਹੈ ਕਿ ਐਕਟ ਨਹੀਂ ਕਰ ਸਕਦਾ। ਉਨ੍ਹਾਂ ਮੌਕਿਆਂ ਤੇ ਐਕਟ ਕਰਨ ਦਾ ਮੁਆਇਦਾ ਸੁੰਨ ਹੋ ਜਾਂਦਾ ਹੈ।

57. ਜਿੱਥੇ ਕੋਈ ਵਿਅਕਤੀ ਇੱਕ ਤਾਂ ਕੁਝ ਅਜਿਹੀਆਂ ਗੱਲਾ ਕਰਨ ਦਾ ਜੋ ਕਾਨੂੰਨੀ ਹਨ, ਅਤੇ, ਦੂਜੇ, ਉਲਿਖਤ ਹਾਲਾਤ ਅਧੀਨ, ਕੁਝ ਹੋਰ ਗੱਲਾਂ ਕਰਨ ਦਾ, ਜੋ ਗ਼ੈਰ-ਕਾਨੂੰਨੀ ਹਨ, ਪ੍ਰਸਪਰਕ ਤੌਰ ਤੇ ਬਚਨ ਦਿੰਦੇ ਹਨ, ਉਥੇ ਬਚਨਾਂ ਦਾ ਪਹਿਲਾ ਸੈੱਟ ਮੁਆਇਦਾ ਹੈ, ਪਰ ਦੂਜਾ ਸੁੰਨ ਕਰਾਰ ਹੈ।

ਕਾਨੂੰਨੀ ਗੱਲਾਂ, ਅਤੇ ਅਜਿਹੀਆਂ ਹੋਰ ਗੱਲਾਂ, ਜੋ ਗੈਰ-ਕਾਨੂੰਨੀ ਹਨ, ਕਰਨ ਦਾ ਪ੍ਰਸਪਰਕ ਬਚਨ ।

**ਦ੍ਰਿਸ਼ਟਾਂਤ**

ੳ ਅਤੇ ਅ ਕਰਾਰ ਕਰਦੇ ਹਨ ਕਿ ਅ ਨੂੰ ੳ ਇੱਕ ਮਕਾਨ 10,000 ਰੁਪਏ ਵਿੱਚ ਵੇਚੇਗਾ, ਪਰ ਜੇ ਅ ਉਸ ਦੀ ਜੂਆ-ਘਰ ਦੇ ਤੌਰ ਤੇ ਵਰਤੋਂ ਕਰੇ ਤਾਂ ਉਹ ੳ ਨੂੰ ਉਸਦੇ ਲਈ 50,000 ਰੁਪਏ ਦੇਵੇਗਾ।

ਪ੍ਰਸਪਰ ਬਚਨਾਂ ਦਾ ਪਹਿਲਾ ਸੈੱਟ, ਅਰਥਾਤ, ਮਕਾਨ ਨੂੰ ਵੇਚਣ ਅਤੇ ਉਸਦੇ ਲਈ 10,000 ਰੁਪਏ ਦੇਣ ਦਾ ਮੁਆਇਦਾ ਹੈ।

ਦੂਜਾ ਸੈੱਟ ਕਾਨੂੰਨ-ਵਿਰੁੱਧ ਉਦੇਸ਼ ਲਈ ਹੈ, ਅਰਥਾਤ, ਇਸ ਉਦੇਸ਼ ਲਈ ਹੈ ਕਿ ਅ ਉਸ ਮਕਾਨ ਨੂੰ ਜੂਆ-ਘਰ ਦੇ ਤੌਰ ਤੇ ਵਰਤੋਂ ਵਿੱਚ ਲਿਆਵੇ, ਅਤੇ ਉਹ ਸੁੰਨ ਕਰਾਰ ਹੈ।

ਬਦਲਵੇਂ ਬਚਨ ਜਿਸ ਦੀ ਇੱਕ ਸ਼ਾਖਾ ਗ਼ੈਰ-ਕਾਨੂੰਨੀ ਹੈ ।

58. ਅਜਿਹੇ ਬਦਲਵੇਂ ਬਚਨ ਦੀ ਸੂਰਤ ਵਿੱਚ, ਜਿਸਦੀ ਇੱਕ ਸ਼ਾਖਾ ਕਾਨੂੰਨੀ ਹੈ ਅਤੇ ਦੂਜੀ ਗ਼ੈਰ ਕਾਨੂੰਨੀ, ਕੇਵਲ ਕਾਨੂੰਨੀ ਸ਼ਾਖਾ ਹੀ ਨਾਫ਼ਜ ਕੀਤੀ ਜਾ ਸਕਦੀ ਹੈ।

**ਦ੍ਰਿਸ਼ਟਾਂਤ**

ੳ ਅਤੇ ਅ ਕਰਾਰ ਕਰਦੇ ਹਨ ਕਿ ਅ ਨੂੰ ੳ 1.000 ਰੁਪਏ ਦੇਵੇਗਾ ਜਿਸ ਦੇ ਲਈ ੳ ਨੂੰ ਅ ਉਸਦੇ ਪਿੱਛੋਂ ਜਾਂ ਤਾ ਚਾਉਲ ਜਾਂ ਸਮਗਲ ਕੀਤੀ ਅਫੀਮ ਹਵਾਲੇ ਕਰੇਗਾ।

ਚਾਉਲ ਹਵਾਲੇ ਕਰਨ ਲਈ ਇਹ ਜਾਇਜ਼ ਮੁਆਇਦਾ ਹੈ ਅਤੇ ਅਫ਼ੀਮ ਦੇ ਬਾਰੇ ਸੁੰਨ ਕਰਾਰ।

**ਅਦਾਇਗੀਆਂ ਦਾ ਨਿਮਿੱਤਣ**

ਜਿੱਥੇ ਨਿਸਤਾਰਾ ਕੀਤੇ ਜਾਣ ਵਾਲਾ ਰਿਣ ਦੱਸਿਆ ਗਿਆ ਹੈ, ਉਥੇ ਅਦਾਇਗੀ ਦਾ ਲਾਉਣਾ ।

59. ਜਿਥੇ ਕੋਈ ਰਿਣੀ, ਜਿਸ ਨੇ ਇੱਕ ਵਿਅਕਤੀ ਨੂੰ ਕਈ ਨਿਖੜਵੇਂ ਰਿਣ ਦੇਣੇ ਹੋਣ, ਉਸ ਵਿਅਕਤੀ ਨੂੰ ਜਾਂ ਤਾਂ ਸਪੱਸ਼ਟ ਇਤਲਾਹ ਦੁਆਰਾ ਜਾਂ ਅਰਥਾਵੇਂ ਹਾਲਾਤ ਅਧੀਨ ਅਦਾਇਗੀ ਕਰਦਾ ਹੈ ਕਿ ਉਹ ਅਦਾਇਗੀ ਕਿਸੇ ਖ਼ਾਸ ਰਿਣ ਦੇ ਨਿਸਤਾਰੇ ਲਈ ਲਾਈ ਜਾਣੀ ਹੈ, ਉਥੇ ਉਹ ਅਦਾਇਗੀ, ਜੇ ਸਵੀਕਾਰ ਕਰ ਲਈ ਜਾਵੇ, ਤਾਂ ਉਸਦੇ ਅਨੁਸਾਰ ਲਾਈ ਜਾਵੇਗੀ।

**ਦ੍ਰਿਸ਼ਟਾਂਤ**

(ੳ) ਹੋਰ ਰਿਣਾਂ ਦੇ ਨਾਲ ਨਾਲ, ਇੱਕ ਪਰੋਨੋਟ ਤੇ 'ੳ' ਨੇ ਅ ਦਾ 1,000 ਰੁਪਿਆ ਦੇਣਾ ਹੈ, ਜਿਹੜਾ ਪਹਿਲੀ ਜੂਨ ਨੂੰ ਦੇਣਯੋਗ ਹੈ, ਪਹਿਲੀ ਜੂਨ ਨੂੰ ਅ ਨੂੰ ੳ 1,000 ਰੁਪਏ ਦਿੰਦਾ ਹੈ। ਇਹ ਅਦਾਇਗੀ ਪਰੋਨੋਟ ਦਾ ਨਿਸਤਾਰਾ ਕਰਨ ਲਈ ਲਾਈ ਜਾਣੀ ਹੈ।

(ਅ) ਹੋਰ ਰਿਣਾਂ ਦੇ ਨਾਲ ਨਾਲ ਅ ਨੂੰ 'ੳ' ਨੇ 567 ਰੁਪਏ ਦੇਣੇ ਹਨ। ੳ ਨੂੰ ਅ ਲਿਖਦਾ ਹੈ ਅਤੇ ਇਸ ਰਕਮ ਦੀ ਅਦਾਇਗੀ ਦੀ ਮੰਗ ਕਰਦਾ ਹੈ। ਅ ਨੂੰ ੳ 567 ਰੁਪਏ ਭੇਜਦਾ ਹੈ। ਇਹ ਅਦਾਇਗੀ ਉਸ ਰਿਣ ਦੇ ਨਿਸਤਾਰੇ ਲਈ ਲਾਈ ਜਾਣੀ ਹੈ ਜਿਸ ਦੀ ਅਦਾਇਗੀ ਦੀ ਮੰਗ ਅ ਨੇ ਕੀਤੀ ਸੀ।

ਜਿੱਥੇ ਨਿਸਤਾਰਾ ਕੀਤੇ ਜਾਣ ਵਾਲਾ ਰਿਣ ਦੱਸਿਆ ਨ ਹੋਵੇ, ਉਥੇ ਅਦਾਇਗੀ ਦਾ ਲਾਉਣਾ ।

60. ਜਿੱਥੇ ਰਿਣੀ ਨੇ ਇਤਲਾਹ ਦੇਣ ਤੋਂ ਉਕਾਈ ਕੀਤੀ ਹੈ, ਅਤੇ ਕੋਈ ਹੋਰ ਅਜਿਹੇ ਹਾਲਾਤ ਨਹੀਂ ਹਨ ਜਿਹੜੇ ਇਹ ਦਸਦੇ ਹੋਣ ਕਿ ਉਹ ਅਦਾਇਗੀ ਕਿਸ ਰਿਣ ਵਾਸਤੇ ਲਾਈ ਜਾਣੀ ਹੈ, ਉਥੇ ਲੈਣਦਾਰ ਆਪਣੇ ਵਿਵੇਕ ਤੇ ਉਸਨੂੰ ਅਜਿਹੇ ਕਿਸੇ ਕਾਨੂੰਨ-ਪੂਰਨ ਰਿਣ ਲਈ ਲਾ ਸਕੇਗਾ, ਜਿਹੜਾ ਰਿਣੀ ਵੱਲੋਂ ਉਸਨੂੰ ਵਾਸਤਵ ਵਿੱਚ ਦੇਣਯੋਗ ਅਤੇ ਅਦਾਇਗੀਯੋਗ ਹੈ, ਭਾਵੇਂ ਉਸਦੀ ਵਸੂਲੀ ਦਾਵਿਆਂ ਦੀ ਮਿਆਦ ਸੰਬੰਧੀ ਤੱਤਸਮੇਂ ਨਾਫ਼ਜ ਕਾਨੂੰਨ ਦੁਆਰਾ ਬਾਰਤ ਹੋਵੇ ਜਾਂ ਨ।

ਜਿੱਥੇ ਕੋਈ ਵੀ ਧਿਰ ਨਿਮਿੱਤਣ ਨਹੀਂ ਕਰਦੀ, ਉਥੇ ਅਦਾਇਗੀ ਦਾ ਲਾਉਣਾ ।

61. ਜਿੱਥੇ ਦੋਹਾਂ ਵਿਚੋਂ ਕੋਈ ਧਿਰ ਨਮਿੱਤਣ ਨਹੀਂ ਕਰਦੀ, ਉਥੇ ਅਦਾਇਗੀ ਸਮੇਂ ਦੇ ਕ੍ਰਮ ਅਨੁਸਾਰ ਰਿਣਾਂ ਦੇ ਨਿਸਤਾਰੇ ਲਈ ਲਾਈ ਜਾਵੇਗੀ, ਭਾਵੇਂ ਉਹ ਦਾਵਿਆਂ ਦੀ ਮਿਆਦ ਸੰਬੰਧੀ ਤੱਤਸਮੇਂ ਨਾਫ਼ਜ ਕਾਨੂੰਨ ਦੁਆਰਾ ਬਾਰਤ ਹਨ ਜਾਂ ਨਹੀਂ। ਜੇ ਰਿਣ ਇਕੋ ਜਿੰਨੇ ਪੁਰਾਣੇ ਹੋਣ ਤਾਂ ਅਦਾਇਗੀ ਅਨੁਪਾਤ ਅਨੁਸਾਰ ਹਰਿਕ ਦੇ ਨਿਸਤਾਰੇ ਲਈ ਲਾਈ ਜਾਵੇਗੀ।

### ਉਹ ਮੁਆਇਦੇ ਜਿਨ੍ਹਾਂ ਦੇ ਪਾਲਣ ਦੀ ਲੋੜ ਨਹੀਂ ਹੈ

ਮੁਆਇਦੇ ਦੇ ਨਵਕਰਨ, ਵਿਖੰਡਨ ਅਤੇ ਬਦਲਣ ਦਾ ਪ੍ਰਭਾਵ ।

62. ਜੇ ਕਿਸੇ ਮੁਆਇਦੇ ਦੀਆਂ ਧਿਰਾਂ ਮੂਲ ਮੁਆਇਦੇ ਦੀ ਥਾਵੇਂ ਇੱਕ ਨਵਾਂ ਮੁਆਇਦਾ ਕਰਨ ਜਾਂ ਉਸਦਾ ਵਿਖੰਡਨ ਕਰਨ ਜਾਂ ਉਸ ਵਿੱਚ ਬਦਲੀ ਕਰਨ ਦਾ ਕਰਾਰ ਕਰਦੀਆਂ ਹਨ ਤਾਂ ਮੂਲ ਮੁਆਇਦੇ ਦੇ ਪਾਲਣ ਦੀ ਲੋੜ ਨਹੀਂ ਹੋਵੇਗੀ।

#### ਦ੍ਰਿਸ਼ਟਾਂਤ

(ੳ) ੳ ਨੇ ਇੱਕ ਮੁਆਇਦੇ ਦੇ ਅਧੀਨ ਅ ਦਾ ਧਨੰ ਦੇਣਾ ਹੈ। ੳ, ਅ ਅਤੇ ੲ ਦੇ ਵਿਚਕਾਰ ਇਹ ਕਰਾਰ ਹੁੰਦਾ ਹੈ, ਕਿ ਅ ਉਸ ਤੋਂ ਪਿੱਛੋਂ ੳ ਦੀ ਬਜਾਏ ੲ ਨੂੰ ਆਪਣਾ ਰਿਣੀ ਸਵੀਕਾਰ ਕਰੇਗਾ। ੳ ਤੇ ਅ ਦੇ ਪੁਰਾਣੇ ਰਿਣ ਦਾ ਅੰਤ ਹੋ ਗਿਆ ਹੈ, ਅਤੇ ੲ ਅ ਦੇ ਇਕ ਨਵੇਂ ਰਿਣ ਦਾ ਮੁਆਇਦਾ ਹੋ ਗਿਆ ਹੈ।

(ਅ) ੳ ਨੇ ਅ ਦੇ 10,000 ਰੁਪਏ ਦੇਣੇ ਹਨ। ਅ ਨਾਲ ੳ ਫ਼ੈਸਲਾ ਕਰਦਾ ਹੈ, ਅਤੇ 'ਅ' ਕੋਲ 10,000 ਰੁਪਏ ਦੇ ਰਿਣ ਦੇ ਬਦਲੇ 5,000 ਰੁਪਏ ਲਈ ਆਪਣੀ (ੳ ਦੀ) ਸੰਪਦਾ ਰਹਿਨ ਕਰਦਾ ਹੈ। ਇਹ ਨਵਾਂ ਮੁਆਇਦਾ ਹੈ ਅਤੇ ਪੁਰਾਣੇ ਨੂੰ ਖ਼ਤਮ ਕਰ ਦਿੰਦਾ ਹੈ।

(ੲ) ੳ ਨੂੰ ਇਕ ਮੁਆਇਦੇ ਅਧੀਨ ਅ ਦੇ 1,000 ਰੁਪਏ ਦੇਣੇ ਹਨ। ਅ ਨੇ ੲ ਦੇ 1,000 ਰੁਪਏ ਦੇਣੇ ਹਨ। ੳ ਨੂੰ ਅ ਹੁਕਮ ਕਰਦਾ ਹੈ ਕਿ ਉਹ ਆਪਣੀਆਂ ਕਿਤਾਬਾਂ ਵਿੱਚ ੲ ਦੇ ਨਾ 1,000 ਰੁਪਿਆ ਜਮ੍ਹਾਂ ਕਰ ਦੇਵੇ, ਪਰ ੲ ਇਸ ਫ਼ੈਸਲੇ ਦੀ ਅਨੁਮਤੀ ਨਹੀਂ ਦਿੰਦਾ। ਅ ਨੇ ਹੁਣ ਵੀ ੲ ਦਾ 1,000 ਰੁਪਿਆ ਦੇਣਾ ਹੈ, ਅਤੇ ਕੋਈ ਨਵਾਂ ਮੁਆਇਦਾ ਨਹੀਂ ਹੋਇਆ ਹੈ।

ਬਚਨਦਾਰ ਬਚਨ ਦੇ ਪਾਲਣ ਤੋਂ ਛੋਟ ਜਾਂ ਮਾਫ਼ੀ ਦੇ ਸਕੇਗਾ ।

63. ਹਰੇਕ ਬਚਨਦਾਰ ਉਸ ਨਾਲ ਕੀਤੇ ਗਏ ਕਿਸੇ ਬਚਨ ਦੇ ਪਾਲਣ ਤੋਂ, ਪੂਰਨ ਜਾਂ ਭਾਗ ਰੂਪ ਵਿਚ ਛੋਟ ਜਾਂ ਮਾਫ਼ੀ ਦੇ ਸਕੇਗਾ, ਜਾਂ ਅਜਿਹੇ ਪਾਲਣੰ ਲਈ ਸਮਾਂ ਵਧਾ ਸਕੇਗਾ, ਜਾਂ ਉਸਦੀ ਥਾਂ ਕੋਈ ਤੁਸ਼ਟੀ, ਜਿਹੜੀ ਉਹ ਉਚਿਤ ਸਮਝੇ, ਸਵੀਕਾਰ ਕਰ ਸਕੇਗਾ।

#### ਦ੍ਰਿਸ਼ਟਾਂਤ

(ੳ) ਅ ਲਈ ੳ ਇੱਕ ਤਸਵੀਰ ਚਿਤਰਨ ਦਾ ਬਚਨ ਦਿੰਦਾ ਹੈ ਉਸਦਾ ਪਿੱਛੋਂ ਅ ਉਸਨੂੰ ਇੰਜ ਕਰਨ ਤੋਂ ਵਰਜ ਦਿੰਦਾ ਹੈ। ੳ ਉਸ ਬਚਨ ਦੇ ਪਾਲਣ ਲਈ ਹੁਣ ਪਾਬੰਦ ਨਹੀਂ ਹੈ।

(ਅ) ੳ ਨੇ ਅ ਦੇ 5,000 ਰੁਪਏ ਦੇਣੇ ਹਨ। ੳ ਉਸ ਸਮੇਂ ਅਤੇ ਸਥਾਨ ਤੇ, ਜਿਸ ਤੇ 5,000 ਰੁਪਏ ਅਦਾਇਗੀਯੋਗ ਸਨ ਅ ਨੂੰ 2,000 ਰੁਪਏ ਦਿੰਦਾ ਹੈ, ਅਤੇ ਅ ਸਾਰੇ ਰਿਣ ਦੀ ਤੁਸ਼ਟੀ ਵਿੱਚ ਉਨ੍ਹਾਂ ਨੂੰ ਸਵੀਕਾਰ ਕਰ ਲੈਂਦਾ ਹੈ। ਸਾਰੇ ਰਿਣ ਦਾ ਨਿਸਤਾਰਾ ਹੋ ਜਾਂਦਾ ਹੈ।

(ੲ) ੳ ਨੇ ਅ ਦੇ 5,000 ਰੁਪਏ ਦੇਣੇ ਹਨ। ਅ ਨੂੰ ੲ 1,000 ਰੁਪਿਆ ਦਿੰਦਾ ਹੈ ਅਤੇ ਅ ਉਨ੍ਹਾਂ ਨੂੰ ੳ ਤੇ ਆਪਣੇ ਦਾਅਵੇ ਦੀ ਤੁਸ਼ਟੀ ਵਿੱਚ ਸਵੀਕਾਰ ਕਰ ਲੈਂਦਾ ਹੈ। ਇਹ ਅਦਾਇਗੀ ਸਾਰੇ ਦਾਅਵੇ ਦਾ ਨਿਸਤਾਰਾ ਹੈ।

(ਸ) ੳ ਨੇ ਇੱਕ ਮੁਆਇਦੇ ਅਧੀਨ, ਅ ਦੀ ਧਨ ਦੀ ਇੱਕ ਰਕਮ ਦੇਣੀ ਹੈ ਜਿਸ ਦੀ ਰਕਮ ਨਿਸਚੇ ਨਹੀਂ ਕੀਤੀ ਗਈ ਹੈ। ੳ ਰਕਮ ਨਿਸਚੇ ਕੀਤੇ ਬਿਨਾਂ, ਅ ਨੂੰ 2,000 ਰੁਪਏ ਦਿੰਦਾ ਹੈ, ਅਤੇ ਅ, ਉਸ ਦੀ ਤੁਸ਼ਟੀ ਵਿੱਚ 2,000 ਰੁਪਏ ਸਵੀਕਾਰ ਕਰ ਲੈਂਦਾ ਹੈ। ਇਹ ਸਾਰੇ ਰਿਣ ਦਾ ਨਿਸਤਾਰਾ ਹੈ ਭਾਵੇਂ ਉਸਦੀ ਰਕਮ ਕੁਝ ਵੀ ਹੋਵੇ।

(ਹ) ੳ ਨੇ ਅ ਦੇ 2,000 ਰੁਪਏ ਦੇਣੇ ਹਨ ਅਤੇ ਹੋਰ ਲੈਣਦਾਰਾਂ ਦਾ ਵੀ ਰਿਣੀ ਹੈ। ਅ ਸਮੇਤ ਆਪਣੇ ਲੈਣਦਾਰਾਂ ਨਾਲ 'ੳ' ਉਨ੍ਹਾਂ ਦੀਆਂ ਆਪੋ ਆਪਣੀਆਂ ਮੰਗਾ ਤੇ ਉਨ੍ਹਾਂ ਨਾਲ ਰੁਪਏ ਪਿੱਛੇ ਅੱਠ ਆਨੇ ਤਸਫੀਆਂ-ਰਕਮ ਅਦਾ ਕਰਨ ਦਾ ਫ਼ੈਸਲਾ ਕਰਦਾ ਹੈ। ਅ ਨੂੰ 1,000 ਰੁਪਏ ਦੀ ਅਦਾਇਗੀ ਅ ਦੀ ਮੰਗ ਦਾ ਨਿਸਤਾਰਾ ਹੈ।

ਸੁੰਨਕਰਨਯੋਗ ਮੁਆਇਦੇ ਦੇ ਵਿਖੰਡਨ ਦੇ ਪਰਿਣਾਮ ।

64. ਜਦ ਕੋਈ ਵਿਅਕਤੀ, ਜਿਸਦੀ ਮਰਜ਼ੀ ਤੇ ਕੋਈ ਮੁਆਇਦਾ ਸੁੰਨਕਰਨਯੋਗ ਹੈ, ਉਸਨੂੰ ਵਿਖੰਡਤ ਕਰ ਦਿੰਦਾ ਹੈ, ਤਦ ਉਸਦੀ ਦੂਜੀ ਧਿਰ ਨੂੰ ਉਸ ਵਿੱਚ ਦੇ ਕਿਸੇ ਬਚਨ ਦਾ, ਜਿਸ ਵਿਚ ਉਹ ਬਚਨਕਾਰ ਹੈ, ਪਾਲਣ ਕਰਨ ਦੀ ਲੋੜ ਨਹੀ ਹੈ। ਸੁੰਨਕਰਨਯੋਗ ਮੁਆਇਦੇ ਨੂੰ ਵਿਖੰਡਤ ਕਰਨ ਵਾਲੀ ਧਿਰ ਨੇ, ਜੇ ਅਜਿਹੇ ਮੁਆਇਦੇ ਦੀ ਕਿਸੇ ਦੂਜੀ ਧਿਰ ਤੋਂ ਉਸਦੇ ਅਧੀਨ ਕੋਈ ਫ਼ਾਇਦਾ ਪ੍ਰਾਪਤ ਕੀਤਾ ਹੋਵੇ, ਤਾਂ ਜਿਥੋਂ ਤੱਕ ਹੋ ਸਕੇ, ਉਹ ਅਜਿਹਾ ਫ਼ਾਇਦਾ ਉਸ ਵਿਅਕਤੀ ਨੂੰ ਮੋੜ ਦੇਵੇਗੀ, ਜਿਸ ਤੋਂ ਉਹ ਪ੍ਰਾਪਤ ਕੀਤਾ ਗਿਆ ਸੀ।

ਉਸ ਵਿਅਕਤੀ ਦੀ ਬਾਂਧ ਜਿਸ ਨੇ ਸੁੰਨ ਕਰਾਰ ਜਾਂ ਉਸ ਮੁਆਇਦੇ ਦੇ ਅਧੀਨ ਜਿਹੜਾ ਸੁੰਨ ਹੋ ਗਿਆ ਹੈ, ਫ਼ਾਇਦਾ ਪ੍ਰਾਪਤ ਕੀਤਾ ਹੋਵੇ ।

65. ਜਦ ਕਿਸੇ ਕਰਾਰ ਦੇ ਸੁੰਨ ਹੋਣ ਦਾ ਪਤਾ ਲਗ ਜਾਵੇ ਜਾਂ ਜਦ ਕੋਈ ਮੁਆਇਦਾ ਸੁੰਨ ਹੋ ਜਾਵੇ ਤਦ ਉਹ ਵਿਅਕਤੀ, ਜਿਸ ਨੇ ਅਜਿਹੇ ਕਰਾਰ ਜਾਂ ਮੁਆਇਦੇ ਦੇ ਅਧੀਨ ਕੋਈ ਫ਼ਾਇਦਾ ਪ੍ਰਾਪਤ ਕੀਤਾ ਹੈ, ਉਹ ਫ਼ਾਇਦਾ ਉਸ ਵਿਅਕਤੀ ਨੂੰ, ਜਿਸਤੋਂ ਉਸਨੇ ਪ੍ਰਾਪਤ ਕੀਤਾ ਸੀ, ਮੋੜ ਦੇਣ ਜਾਂ ਉਸ ਲਈ ਮੁਆਵਜ਼ਾ ਦੇਣ ਦਾ ਪਾਬੰਦ ਹੋਵੇਗਾ।

**ਦ੍ਰਿਸ਼ਟਾਂਤ**

(ੳ) ਅ ਨੂੰ ੳ ਦੀ ਧੀ ੲ ਨਾਲ ਵਿਆਹ ਕਰਨ ਦੇ ਅ ਦੇ ਬਚਨ ਦੇ ਬਦਲ ਵਿਚ, ੳ 1000 ਰੁਪਏ ਅਦਾ ਕਰਦਾ ਹੈ। ਬਚਨ ਦੇ ਸਮੇਂ ੲ ਮਰ ਚੁਕੀ ਹੈ। ਕਰਾਰ ਸੁੰਨ ਹੈ, ਪਰ ਅ ਲਈ ਜ਼ਰੂਰੀ ਹੈ ਕਿ ਉਹ 1,000 ਰੁਪਏ ੳ ਨੂੰ ਮੁੜ-ਅਦਾ ਕਰੇ।

(ਅ) ਅ ਨਾਲ ੳ ਉਸ ਨੂੰ ਇੱਕ ਮਈ ਤੋਂ ਪਹਿਲਾਂ 250 ਮਣ ਚਾਉਲ ਹਵਾਲੇ ਕਰਨ ਦਾ ਮੁਆਇਦਾ ਕਰਦਾ ਹੈ। ਉਸ ਦਿਨ ਤੋਂ ਪਹਿਲਾਂ ੳ ਕੇਵਲ 130 ਮਣ ਹਵਾਲੇ ਕਰਦਾ ਹੈ ਅਤੇ ਉਸ ਤੋਂ ਪਿੱਛੋਂ ਕੁਝ ਵੀ ਹਵਾਲੇ ਨਹੀਂ ਕਰਦਾ। ਅ ਉਹ 130 ਮਣ ਇੱਕ ਮਈ ਤੋਂ ਪਿੱਛੋਂ ਰੱਖੀ ਰਖਦਾ ਹੈ। ਉਹ ੳ ਨੂੰ ਉਨ੍ਹਾਂ ਦੇ ਲਈ ਅਦਾਇਗੀ ਕਰਨ ਦਾ ਪਾਬੰਦ ਹੈ।

(ੲ) ਇੱਕ ਗਾਇਕਾ ੳ, ਇੱਕ ਥੀਏਟਰ ਦੇ ਪ੍ਰਬੰਧਕ ਅ, ਨਾਲ ਅਗਲੇ ਦੋ ਮਹੀਨੇ ਦੇ ਦੌਰਾਨ ਹਰੇਕ ਹਫ਼ਤੇ ਦੋ ਰਾਤਾਂ ਉਸਦੇ ਥੀਏਟਰ ਵਿੱਚ ਗਾਉਣ ਦਾ ਮੁਆਇਦਾ ਕਰਦੀ ਹੈ, ਅਤੇ ਅ ਉਸ ਨੂੰ ਹਰਿਕ ਰਾਤ ਦੇ ਗਾਉਣ ਦੇ ਲਈ ਇੱਕ ਸੌ ਰੁਪਿਆ ਦੇਣ ਦੇ ਲਈ ਬਚਨਬੱਧ ਹੁੰਦਾ ਹੈ। ਛੇਵੀ ਰਾਤ ਨੂੰ ੳ ਉਸ ਥੀਏਟਰ ਤੋਂ ਜਾਣ-ਬੁਝਕੇ ਗ਼ੈਰ-ਹਾਜਰ ਰਹਿੰਦੀ ਹੈ, ਅਤੇ ਪਰਿਣਾਮ ਵਜੋਂ ਅ ਉਸ ਮੁਆਇਦੇ ਦਾ ਵਿਖੰਡਨ ਕਰ ਦਿੰਦਾ ਹੈ। ਅ ਲਈ ਜਰੂਰੀ ਹੈ ਕਿ ਉਨ੍ਹਾਂ ਪੰਜਾਂ ਰਾਤਾਂ ਦੀ ਜਦ ੳ ਨੇ ਗਾਇਆ ਸੀ ਉਸ ਨੂੰ ਅਦਾਇਗੀ ਕਰੇ।

(ਸ) ੳ ਇੱਕ ਸੰਗੀਤ-ਸਮਾਰੋਹ ਵਿੱਚ 1,000 ਰੁਪਏ ਤੇ, ਜਿਹੜੇ ਪੇਸ਼ਗੀ ਦੇ ਦਿੱਤੇ ਜਾਂਦੇ ਹਨ, ਅ ਦੇ ਲਈ ਗਾਉਣ ਦਾ ਮੁਆਇਦੇ ਕਰਦੀ ਹੈ। ੳ ਇੰਨੀ ਬੀਮਾਰ ਹੈ ਕਿ ਗਾ ਨਹੀਂ ਸਕਦੀ।

ਓ ਉਨ੍ਹਾਂ ਲਾਭਾਂ ਜਿਹੜੇ ਅ ਨੂੰ ਹੁੰਦੇ ਜੇ ਉਹ ਗਾ ਸਕਦੀ, ਹਾਨ ਲਈ ਮੁਆਵਜਾ ਦੇਣ ਦੀ ਪਾਬੰਦ ਨਹੀਂ ਹੈ ਪਰ ਉਸ ਲਈ ਜ਼ਰੂਰੀ ਹੈ ਕਿ ਪੇਸ਼ਗੀ ਲਏ 1,000 ਰੁਪਏ ਅ ਨੂੰ ਰੀਫ਼ੰਡ ਕਰੇ।

ਸੁੰਨਕਰਣਯੋਗ ਮੁਆਇਦੇ ਦੇ ਵਿਖੰਡਨ ਦੀ ਸੰਸੂਚਨਾ ਜਾਂ ਪਰਤਾਉਣ ਦੀ ਵਿਧੀ।

66. ਸੁੰਨਕਰਣਯੋਗ ਮੁਆਇਦੇ ਦਾ ਵਿਖੰਡਨ ਉਸੇ ਤਰੀਕੇ ਨਾਲ, ਅਤੇ ਉਨ੍ਹਾਂ ਹੀ ਨਿਯਮਾਂ ਦੇ ਤਾਬੇ, ਸੰਸੂਚਿਤ ਕੀਤਾ ਜਾਂ ਪਰਤਾਇਆ ਜਾ ਸਕੇਗਾ ਜਿਹੜੇ ਤਜਵੀਜ਼ ਦੀ ਸੰਸੂਚਨਾ ਜਾਂ ਪਰਤਾਉਣ ਨੂੰ ਲਾਗੂ ਹੁੰਦੇ ਹਨ।

ਬਚਨਕਾਰ ਨੂੰ ਪਾਲਣ ਲਈ ਵਾਜਬੀ ਸਹੂਲਤਾਂ ਦੇਣ ਵਿੱਚ ਬਚਨਦਾਰ ਦੀ ਅਣਗਹਿਲੀ ਦਾ ਪ੍ਰਭਾਵ।

67. ਜੇ ਕੋਈ ਬਚਨਕਾਰ, ਬਚਨਦਾਰ ਨੂੰ ਉਸ ਦੇ ਬਚਨ ਦੇ ਪਾਲਣ ਲਈ ਵਾਜਬੀ ਸਹੂਲਤਾ ਦੇਣ ਤੋਂ ਅਣਗਹਿਲੀ ਜਾਂ ਇਨਕਾਰ ਕਰਦਾ ਹੈ ਤਾਂ ਉਸ ਦੁਆਰਾ ਕਾਰਤ ਕਿਸੇ ਅਪਾਲਣ ਬਾਬਤ ਅਜਿਹੀ ਅਣਗਹਿਲੀ ਜਾਂ ਇਨਕਾਰ ਦੁਆਰਾ ਬਚਨਕਾਰ ਦੀ ਮਾਫ਼ੀ ਹੋ ਜਾਂਦੀ ਹੈ।

**ਦ੍ਰਿਸ਼ਟਾਂਤ**

ਅ ਦੇ ਮਕਾਨ ਦੀ ਮੁਰਮੰਤ ਕਰਨ ਦਾ ਅ ਨਾਲ ਓ ਮੁਆਇਦਾ ਕਰਦਾ ਹੈ।

ਜਿਨ੍ਹਾਂ ਥਾਂਵਾ ਤੇ ਉਸਦੇ ਮਕਾਨ ਦੀ ਮੁਰੰਮਤ ਦੀ ਲੋੜ ਹੈ, ਅ ਉਹ ਓ ਨੂੰ ਦਸਣ ਵਿੱਚ ਅਣਗਹਿਲੀ ਜਾਂ ਇਨਕਾਰ ਕਰਦਾ ਹੈ।

ਮੁਆਇਦੇ ਦੇ ਅਪਾਲਣ ਦੇ ਲਈ ਓ ਦੀ ਮਾਫ਼ੀ ਹੋ ਜਾਂਦੀ ਹੈ, ਜੇ ਉਹ ਅਜਿਹੀ ਅਣਗਹਿਲੀ ਜਾਂ ਇਨਕਾਰ ਤੋਂ ਕਾਰਤ ਹੋਇਆ ਹੋਵੇ।

## ਅਧਿਆਏ V

### ਮੁਆਇਦੇ ਦੁਆਰਾ ਸਿਰਜੇ ਹੋਏ ਸੰਬੰਧਾ ਨਾਲ ਮਿਲਦੇ ਜੁਲਦੇ ਕੁਝ ਕੁ ਸੰਬੰਧਾਂ ਬਾਰੇ

ਮੁਆਇਦਾ ਕਰਨ ਲਈ ਅਸਮਰੱਥ ਵਿਅਕਤੀ ਨੂੰ ਜਾਂ ਉਸਦੇ ਲੇਖੇ ਸਪਲਾਈ ਕੀਤੀਆਂ ਗਈਆਂ ਜ਼ਰੂਰੀ ਵਸਤਾਂ ਲਈ ਦਾਅਵਾ।

68. ਜੇ ਕਿਸੇ ਵਿਅਕਤੀ ਨੂੰ, ਜਿਹੜਾ ਮੁਆਇਦਾ ਕਰਨ ਲਈ ਅਸਮੱਰਥ ਹੈ, ਜਾਂ ਕਿਸੇ ਅਜਿਹੇ ਵਿਅਕਤੀ ਨੂੰ, ਜਿਸਦੇ ਪਾਲਣ-ਪੋਸਣ ਲਈ ਉਹ ਕਾਨੂੰਨੀ ਤੌਰ ਤੇ ਪਾਬੰਦ ਹੈ, ਜੀਵਨ ਵਿੱਚ ਉਸਦੀ ਹਾਲਤ ਦੇ ਅਨੁਕੂਲ ਜ਼ਰੂਰੀ ਵਸਤਾਂ ਕਿਸੇ ਹੋਰ ਵਿਅਕਤੀ ਦੁਆਰਾ ਸਪਲਾਈ ਕੀਤੀਆਂ ਜਾਦੀਆਂ ਹਨ, ਤਾਂ ਉਹ ਵਿਅਕਤੀ, ਜਿਸਨੇ ਅਜਿਹੀਆਂ ਵਸਤਾਂ ਸਪਲਾਈ ਕੀਤੀਆਂ ਹਨ, ਅਜਿਹੇ ਅਸੱਮਰਥ ਵਿਅਕਤੀ ਦੀ ਸੰਪੱਤੀ ਤੋ ਅਪਣੀ ਪ੍ਰਤਿਪੂਰਤੀ ਹੋਣ ਦਾ ਹੱਕਦਾਰ ਹੈ।

**ਦ੍ਰਿਸ਼ਟਾਂਤ**

(ੳ) ਅ ਨੂੰ, ਜੋ ਪਾਗਲ ਹੈ, ਓ ਜੀਵਨ ਵਿੱਚ ਉਸਦੀ ਹਾਲਤ ਦੇ ਅਨਕੂਲ ਜ਼ਰੂਰੀ ਵਸਤਾਂ ਸਪਲਾਈ ਕਰਦਾ ਹੈ। ਅ ਦੀ ਸੰਪੱਤੀ ਤੋਂ ਓ ਪ੍ਰਤੀਪੂਰਤੀ ਕਰਾਉਣ ਦਾ ਹੱਕਦਾਰ ਹੈ।

(ਅ) ਅ ਦੀ, ਜੋ ਪਾਗਲ ਹੈ, ਪਤਨੀ ਅਤੇ ਬੱਚਿਆਂ ਨੂੰ, ਓ ਜੀਵਨ ਵਿੱਚ ਉਨ੍ਹਾਂ ਦੀ ਹਾਲਤ ਦੇ ਅਨੁਕੂਲ ਜ਼ਰੂਰੀ ਵਸਤਾਂ ਸਪਲਾਈ ਕਰਦਾ ਹੈ।

ਅ ਦੀ ਸੰਪੱਤੀ ਤੋਂ ਓ ਪ੍ਰਤੀਪੂਰਤੀ ਕਰਾਉਣ ਦਾ ਹੱਕਦਾਰ ਹੈ।

ਉਸ ਵਿਅਕਤੀ ਨੂੰ ਪ੍ਰਤੀ-ਪੂਰਤੀ ਜਿਹੜਾ ਕਿਸੇ ਹੋਰ ਦੁਆਰਾ ਅਜਿਹਾ ਦੇਣਯੋਗ ਧਨ ਅਦਾ ਕਰਦਾ ਹੈ, ਜਿਸਦੀ ਅਦਾਇਗੀ ਵਿੱਚ ਉਹ ਹਿੱਤ-ਬੱਧ ਹੈ।

69. ਉਹ ਵਿਅਕਤੀ ਜੋ ਉਸ ਧਨ ਦੀ ਅਦਾਇਗੀ ਵਿੱਚ ਹਿੱਤਬੱਧ ਹੈ, ਜਿਸਦੀ ਅਦਾਇਗੀ ਲਈ ਕੋਈ ਹੋਰ ਵਿਅਕਤੀ ਕਾਨੂੰਨ ਦੁਆਰਾ ਪਾਬੰਦ ਹੈ, ਅਤੇ ਜੋ ਇਸ ਲਈ ਉਸਦੀ ਅਦਾਇਗੀ ਕਰਦਾ ਹੈ, ਉਸ ਹੋਰ ਤੋਂ ਪ੍ਰਤਿਪੂਰਤੀ ਕਰਾਉਣ ਦਾ ਹੱਕਦਾਰ ਹੈ।

**ਦ੍ਰਿਸ਼ਟਾਂਤ**

ਇੱਕ ਜ਼ਮੀਨਦਾਰ ਦੇ ਦੁਆਰਾ ਦਿੱਤੇ ਗਏ ਪੱਟੇ ਤੇ ਅ ਬੰਗਾਲ ਵਿਚ ਜ਼ਮੀਨ ਧਾਰਨ ਕਰਦਾ ਹੈ। ੳ ਵੱਲੋਂ ਸਰਕਾਰ ਨੂੰ ਅਦਾਇਗੀ ਮਾਲੀਏ ਦੇ ਬਕਾਏ ਵਿਚ ਹੋਣ ਕਰਕੇ ਉਸਦੀ ਜ਼ਮੀਨ ਦੀ ਸਰਕਾਰ ਦੁਆਰਾ ਵਿਕਰੀ ਦਾ ਇਸ਼ਤਿਹਾਰ ਦਿੱਤਾ ਜਾਂਦਾ ਹੈ। ਅਜਿਹੀ ਵਿਕਰੀ ਦਾ ਮਾਲ ਕਾਨੂੰਨ ਅਧੀਨ ਪਰਿਣਾਮ ਇਹ ਹੋਵੇਗਾ ਕਿ ਅ ਦੇ ਪੱਟੇ ਦਾ ਬਾਤਲਕਰਣ ਹੋ ਜਾਵੇਗਾ। ਅ ਵਿਕਰੀ ਅਤੇ ਉਸਦੇ ਪਰਿਣਾਮ ਵਜੋਂ ਆਪਣੇ ਪੱਟੇ ਦੇ ਬਾਤਲਕਰਣ ਨੂੰ ਰੋਕਣ ਲਈ ੳ ਵੱਲੋਂ ਦੇਣਯੋਗ ਰਕਮ ਸਰਕਾਰ ਨੂੰ ਦੇ ਦਿੰਦਾ ਹੈ। ੳ ਇਸ ਤਰ੍ਹਾਂ ਅਦਾ ਕੀਤੀ ਗਈ ਅ ਦੀ ਰਕਮ ਪੂਰੀ ਕਰਨ ਲਈ ਪਾਬੰਦ ਹੈ।

ਇਵਜ਼ ਸਹਿਤ ਕੀਤੇ ਗਏ ਕਾਰਜ ਦਾ ਫ਼ਾਇਦਾ ਉਠਾਉਣ ਵਾਲੇ ਵਿਅਕਤੀ ਦੀ ਬਾਂਧ ।

70. ਜਿੱਥੇ ਕੋਈ ਵਿਅਕਤੀ, ਬਿਨਾਂ ਬਦਲ ਅਜਿਹਾ ਕਰਨ ਦਾ ਇਰਾਦਾ ਨ ਰਖਦੇ ਹੋਏ, ਕਿਸੇ ਹੋਰ ਵਿਅਕਤੀ ਲਈ ਕਾਨੂੰਨ-ਪੂਰਬਕ ਕੋਈ ਗੱਲ ਕਰਦਾ ਹੈ ਜਾਂ ਕੋਈ ਚੀਜ਼ ਉਸਦੇ ਹਵਾਲੇ ਕਰਦਾ ਹੈ, ਅਤੇ ਅਜਿਹਾ ਹੋਰ ਵਿਅਕਤੀ ਉਸਦਾ ਫ਼ਾਇਦਾ ਉਠਾਉਂਦਾ ਹੈ, ਉਥੇ ਪਿਛੋਂ ਜ਼ਿਕਰ ਕੀਤਾ ਵਿਅਕਤੀ, ਪਹਿਲਾ ਜ਼ਿਕਰ ਕੀਤੇ ਵਿਅਕਤੀ ਨੂੰ, ਇਸ ਤਰ੍ਹਾਂ ਕੀਤੀ ਗਈ ਗੱਲ ਦੇ ਬਾਰੇ ਮੁਆਵਜਾ ਦੇਣ ਜਾਂ ਇਸ ਤਰ੍ਹਾਂ ਹਵਾਲੇ ਕੀਤੀ ਚੀਜ਼ ਮੋੜ ਦੇਣ ਲਈ ਪਾਬੰਦ ਹੈ।

**ਦ੍ਰਿਸਟਾਂਤ**

(ੳ) ੳ ਇੱਕ ਵਪਾਰੀ ਦਾ, ਅ ਦੇ ਘਰ ਭੁੱਲ ਨਾਲ ਕੁਝ ਮਾਲ ਰਹਿ ਜਾਂਦਾ ਹੈ। ਅ ਉਸ ਨੂੰ ਆਪਣਾ ਹੀ ਸਮਝ ਕੇ ਵਰਤਦਾ ਹੈ। ਉਹ ਉਸ ਦੇ ਲਈ ੳ ਨੂੰ ਅਦਾਇਗੀ ਕਰਨ ਦਾ ਪਾਬੰਦ ਹੈ।

(ਅ) ਅ ਦੀ ਸੰਪੱਤੀ ਨੂੰ ੳ ਅੱਗ ਤੋਂ ਬਚਾਉਂਦਾ ਹੈ। ਜੇ ਹਾਲਤ ਵਿਖਾਉਂਦੇ ਹੋਣ ਕਿ ੳ ਦਾ ਇਰਾਦਾ ਬਿਨ੍ਹਾਂ ਬਦਲ ਕਾਰਜ ਕਰਨ ਦਾ ਸੀ, ਤਾਂ ਉਹ ਅ ਤੋਂ ਮੁਆਵਜ਼ਾ ਲੈਣ ਦਾ ਹੱਕਦਾਰ ਨਹੀਂ ਹੈ।

ਜਿਸ ਨੂੰ ਮਾਲ ਲੱਭੇ ਉਸ ਦੀ ਜ਼ਿੰਮੇਵਾਰੀ ।

71. ਉਹ ਵਿਅਕਤੀ ਜਿਸਨੂੰ ਕਿਸੇ ਹੋਰ ਦਾ ਮਾਲ ਲੱਭਦਾ ਹੈ ਅਤੇ ਜੋ ਉਸਨੂੰ ਆਪਣੀ ਸੰਭਾਲ ਵਿੱਚ ਲੈ ਲੈਂਦਾ ਹੈ, ਉਸੇ ਹੀ ਜ਼ਿੰਮੇਵਾਰੀ ਦੇ ਤਾਬੇ ਹੈ, ਜਿਸਦੇ ਤਾਬੇ ਅਮਾਨਤਦਾਰ ਹੁੰਦਾ ਹੈ।

ਉਸ ਵਿਅਕਤੀ ਦੀ ਬਾਂਧ ਜਿਸ ਨੂੰ ਭੁੱਲ ਨਾਲ ਜਾਂ ਜਬਰ ਅਧੀਨ ਧਨ ਦਿੱਤਾ ਜਾਂਦਾ ਹੈ, ਜਾਂ ਚੀਜ ਹਵਾਲੇ ਕੀਤੀ ਜਾਂਦੀ ਹੈ ।

72. ਜਿਸ ਵਿਅਕਤੀ ਨੂੰ ਭੁੱਲ ਨਾਲ ਜਾ ਜਬਰ ਅਧੀਨ ਧਨ ਦਿੱਤਾ ਗਿਆ ਹੈ ਜਾਂ ਕੋਈ ਚੀਜ਼ ਹਵਾਲੇ ਕੀਤੀ ਗਈ ਹੈ, ਉਸ ਲਈ ਜ਼ਰੂਰੀ ਹੈ ਕਿ ਉਹ ਧਨ ਮੁੜ-ਅਦਾ ਕਰੇ ਜਾਂ ਚੀਜ਼ ਵਾਪਸ ਕਰੇ।

**ਦ੍ਰਿਸ਼ਟਾਤ**

(ੳ) ੳ ਅਤੇ ਅ ਨੇ ਸਯੁੰਕਤ ਤੌਰ ਤੇ ੲ ਦੇ 100 ਰੁਪਏ ਦੇਣੇ ਹਨ। ੳ ਇੱਕਲਾ ਹੀ ੲ ਨੂੰ ਉਹ ਰਕਮ ਅਦਾ ਕਰ ਦਿੰਦਾ ਹੈ, ਅਤੇ ਅ, ਇਸ ਗੱਲ ਨੂੰ ਨ ਜਾਣਦਿਆਂ ਹੋਇਆ, ੲ ਨੂੰ 100 ਰੁਪਏ ਦੁਬਾਰਾ ਅਦਾ ਕਰ ਦਿੰਦਾ ਹੈ। ੲ ਉਹ ਰਕਮ ਅ ਨੂੰ ਮੁੜ-ਅਦਾ ਕਰਨ ਲਈ ਪਾਬੰਦ ਹੈ।

(ਅ) ਇੱਕ ਰੇਲਵੇ ਕੰਪਨੀ ਕੋਈ ਮਾਲ, ਉਸ ਦੀ ਢੁਆਈ ਲਈ ਗ਼ੈਰ-ਕਾਨੂਨੀ ਖ਼ਰਚੇ ਦੀ ਅਦਾਇਗੀ ਲਏ ਬਿਨਾ, ਮਾਲ ਪ੍ਰਾਪਕ ਨੂੰ ਹਵਾਲੇ ਕਰਨ ਤੋਂ ਇਨਕਾਰ ਕਰਦੀ ਹੈ। ਮਾਲ ਹਾਸਲ

ਕਰਨ ਲਈ ਮਾਲ ਪ੍ਰਾਪਕ ਖ਼ਰਚੇ ਦੀ ਰਕਮ ਅਦਾ ਕਰ ਦਿੰਦਾ ਹੈ। ਉਹ ਉਸ ਖ਼ਰਚੇ ਵਿੱਚ ਉੱਨਾਂ ਵਸੂਲ ਕਰਨ ਦਾ ਹੱਕਦਾਰ ਹੈ ਜਿੰਨਾਂ ਗ਼ੈਰ-ਕਾਨੂੰਨੀ ਤੌਰ ਤੋ ਵੱਧ ਸੀ।

## ਅਧਿਆਏ VI

### ਮੁਆਇਦਾ-ਭੰਗ ਦੇ ਪਰਿਣਾਮਾ ਬਾਰੇ

ਮੁਆਇਦੇ ਦੇ ਭੰਗ ਨਾਲ ਕਾਰਤ ਹੋਏ ਹਾਨ ਜਾਂ ਨੁਕਸਾਨ ਲਈ ਮੁਆਵਜ਼ਾ ।

73. ਜਦ ਕੋਈ ਮੁਆਇਦਾ ਭੰਗ ਕਰ ਦਿਤਾ ਗਿਆ ਹੈ, ਤਦ ਉਹ ਧਿਰ ਜੋ ਅਜਿਹੇ ਭੰਗ ਤੋਂ ਨੁਕਸਾਨ ਉਠਾਉਂਦੀ ਹੈ ਉਸ ਧਿਰ ਤੋ ਜਿਸਨੇ ਮੁਆਇਦਾ ਭੰਗ ਕੀਤਾ ਹੈ, ਉਸ ਦੁਆਰਾ ਕਾਰਤ ਕਿਸੇ ਅਜਿਹੇ ਹਾਨ ਜਾਂ ਨੁਕਸਾਨ ਲਈ ਮੁਆਵਜ਼ਾ ਲੈਣ ਦੀ ਹੱਕਦਾਰ ਹੈ, ਜੋ ਅਜਿਹੀਆਂ ਗੱਲਾਂ ਦੇ ਆਮ ਅਨੁਕ੍ਰਮ ਵਿੱਚ ਕੁਦਰਤੀ ਤੌਰ ਤੇ ਅਜਿਹੇ ਭੰਗ ਤੋਂ ਪੈਦਾ ਹੋਇਆ ਜਾਂ ਜੋ ਮੁਆਇਦੇ ਦੇ ਭੰਗ ਦਾ ਸੰਭਾਵੀ ਪਰਿਣਾਮ ਹੋਣਾ ਧਿਰਾਂ ਉਸ ਸਮੇਂ ਜਾਣਦੀਆਂ ਸਨ, ਜਦ ਉਨ੍ਹਾਂ ਨੇ ਮੁਆਇਦਾ ਕੀਤਾ ਸੀ।

ਅਜਿਹਾ ਮੁਆਵਜ਼ਾ ਉਸ ਭੰਗ ਦੇ ਕਾਰਨ ਉਠਾਏ ਗਏ ਕਿਸੇ ਦੁਰੇਡੇ ਜਾਂ ਅਸਿਧੇ ਹਾਨ ਜਾਂ ਨੁਕਸਾਨ ਲਈ ਨਹੀਂ ਦਿੱਤਾ ਜਾਣਾ ਹੈ।

ਮੁਆਇਦੇ ਦੁਆਰਾ ਸਿਰਜੀਆਂ ਬਾਧਾਂ ਦੇ ਨਾਲ ਮਿਲਦੀ ਜੁਲਦੀ ਬਾਧ ਦੇ ਨਿਭਾਉਣ ਵਿਚ ਅਸਫਲ ਰਹਿਣ ਤੇ ਮੁਆਵਜ਼ਾ ।

ਜਦ ਕੋਈ ਬਾਧ ਜਿਹੜੀ ਮੁਆਇਦੇ ਦੁਆਰਾ ਸਿਰਜੀਆਂ ਬਾਧਾਂ ਨਾਲ ਮਿਲਦੀ-ਜੁਲਦੀ ਹੋਵੇ ਉਠਾ ਲਈ ਗਈ ਹੈ, ਅਤੇ ਨਿਭਾਈ ਨਹੀਂ ਗਈ ਹੈ ਤਦ ਕੋਈ ਵੀ ਵਿਅਕਤੀ ਜਿਸਨੂੰ ਉਸਦੇ ਨਿਭਾਉਣ ਵਿੱਚ ਅਸਫ਼ਲਤਾ ਦੁਆਰਾ ਹਾਨੀ ਪਹੁੰਚੀ ਹੋਵੇ, ਕੋਤਾਹੀ ਕਰਨ ਵਾਲੀ ਧਿਰ ਤੋਂ ਉਹੀ ਮੁਆਵਜ਼ਾ ਲੈਣ ਦਾ ਹੱਕਦਾਰ ਹੈ ਮਾਨੋ ਅਜਿਹੇ ਵਿਅਕਤੀ ਨੇ ਉਹ ਬਾਧ ਨਿਭਾਉਣ ਦਾ ਮੁਆਇਦਾ ਕੀਤਾ ਹੋਵੇ ਅਤੇ ਆਪਣੇ ਉਸ ਮੁਆਇਦੇ ਦਾ ਭੰਗ ਕੀਤਾ ਹੋਵੇ।

**ਵਿਆਖਿਆ-** ਕਿਸੇ ਮੁਆਇਦੇ ਦੇ ਭੰਗ ਤੋਂ ਪੈਦਾ ਹੋਏ ਹਾਨ ਜਾਂ ਨੁਕਸਾਨ ਦਾ ਅਨੁਮਾਨ ਲਾਉਣ ਵਿੱਚ ਉਨ੍ਹਾਂ ਸਾਧਨਾਂ ਨੂੰ ਧਿਆਨ ਵਿੱਚ ਰਖਣਾ ਜ਼ਰੂਰੀ ਹੈ ਜਿਹੜੇ ਮੁਆਇਦੇ ਦੇ ਅਪਾਲਣ ਦੁਆਰਾ ਕਾਰਤ ਔਖ ਦਾ ਚਾਰਾ ਕਰਨ ਲਈ ਮੌਜੂਦ ਸਨ।

### ਦ੍ਰਿਸ਼ਟਾਂਤ

(ੳ) ੳ, ਹਵਾਲਗੀ ਤੇ ਅਦਾ ਕੀਤੇ ਜਾਣ ਵਾਲੀ ਕਿਸੇ ਕੀਮਤ ਤੇ 50 ਮਣ ਸ਼ੋਰਾ ਅ ਨੂੰ ਵੇਚਣ ਅਤੇ ਹਵਾਲੇ ਕਰਨ ਦਾ ਮੁਆਇਦਾ ਕਰਦਾ ਹੈ। ੳ ਆਪਣਾ ਬਚਨ ਭੰਗ ਕਰ ਦਿੰਦਾ ਹੈ। ਅ, ਮੁਆਵਜੇ ਵਜੋਂ ੳ ਤੋਂ ਉੱਨੀ ਰਕਮ, ਜੇ ਕੋਈ ਹੋਵੇ, ਪ੍ਰਾਪਤ ਕਰਨ ਦਾ ਹੱਕਦਾਰ ਹੈ, ਜਿੰਨੀ ਮੁਆਇਦਾ ਕੀਮਤ ਉਸ ਕੀਮਤ ਨਾਲੋਂ ਘੱਟ ਰਹਿ ਜਾਂਦੀ ਹੈ ਜਿਸ ਤੇ ਅ ਉਸੇ ਕੁਆਲਟੀ ਦਾ 50 ਮਣ ਸ਼ੋਰਾ ਉਸੇ ਸਮੇਂ ਹਾਸਲ ਕਰ ਸਕਦਾ ਸੀ ਜਿਸ ਸਮੇਂ ਉਹ ਸ਼ੋਰਾ ਹਵਾਲੇ ਕੀਤਾ ਜਾਣਾ ਚਾਹੀਦਾ ਸੀ।

(ਅ) ੳ, ਅ ਦੇ ਜਹਾਜ਼ ਨੂੰ ਬੰਬਈ ਜਾਣ, ਅਤੇ ਉਥੇ ਪਹਿਲੀ ਜਨਵਰੀ ਨੂੰ, ੳ ਦੁਆਰਾ ਮੁਹੱਈਆ ਕੀਤਾ ਜਾਣ ਵਾਲਾ ਜਹਾਜ਼ੀ ਮਾਲ ਲਦਣ ਅਤੇ ਉਸ ਨੂੰ ਕਲਕੱਤੇ ਲਿਆਉਣ ਲਈ ਭਾੜੇ ਤੇ ਲੈਂਦਾ ਹੈ, ਭਾੜਾ ਕਮਾ ਲੈਣ ਤੇ ਦਿੱਤਾ ਜਾਣਾ ਹੈ। ਅ ਦਾ ਜਹਾਜ਼ ਬੰਬਈ ਨਹੀ ਜਾਂਦਾ, ਪਰ ਉਹੋ ਜਿਹੇ ਫ਼ਾਇਦੇਮੰਦ ਨਿਬੰਧਨਾਂ ਤੇ, ਜਿਨ੍ਹਾਂ ਤੇ ੳ ਨੇ ਉਹ ਜਹਾਜ਼ ਭਾੜੇ ਤੇ ਲਿਆ ਸੀ, ਉਸ ਜਹਾਜ਼ੀ ਮਾਲ ਲਈ ਢੁਕਵਾ ਢੁਆਈ-ਵਾਹਨ ਹਾਸਲ ਕਰਨ ਦੇ ੳ ਪਾਸ ਅਵਸਰ ਹਨ। ੳ ਉਨ੍ਹਾਂ

ਅਵਸਰਾਂ ਦਾ ਲਾਭ ਲੈਂਦਾ ਹੈ, ਪਰ ਉਸ ਨੂੰ ਅਜਿਹਾ ਕਰਨ ਵਿੱਚ ਤਕਲੀਫ਼ ਉਠਾਉਣੀ ਪੈਂਦੀ ਹੈ ਅਤੇ ਖ਼ਰਚਾ ਕਰਨਾ ਪੈਂਦਾ ਹੈ। ੳ ਅਜਿਹੀ ਤਕਲੀਫ਼ ਅਤੇ ਖ਼ਰਚ ਬਾਰੇ ਅ ਤੋਂ ਮੁਆਵਜਾ ਲੈਣ ਦਾ ਹੱਕਦਾਰ ਹੈ।

(ੲ) ਅ ਤੋਂ ੳ ਬਿਆਨ ਕੀਤੀ ਕੀਮਤ ਤੇ 50 ਮਣ ਚਾਉਲ ਖਰੀਦਣ ਦਾ ਮੁਆਇਦਾ ਕਰਦਾ ਹੈ, ਹਵਾਲਗੀ ਲਈ ਕੋਈ ਸਮਾਂ ਨਿਯਤ ਨਹੀਂ ਹੈ। ਬਾਦ ਵਿੱਚ ਅ ਨੂੰ ੳ ਜਾਣੂ ਕਰਾਉਂਦਾ ਹੈ ਕਿ ਜੇ ਚਾਉਲ ਪੇਸ਼ ਕੀਤੇ ਗਏ ਤਾਂ ਉਹ ਉਨ੍ਹਾਂ ਨੂੰ ਸਵੀਕਾਰ ਨਹੀਂ ਕਰੇਗਾ। ਅ ਮੁਆਵਜ਼ੇ ਵਜੋਂ ੳ ਤੋਂ ਉੱਨੀਂ ਰਕਮ, ਜੇ ਕੋਈ ਹੋਵੇ, ਪ੍ਰਾਪਤ ਕਰਨ ਦਾ ਹੱਕਦਾਰ ਹੈ ਜਿੰਨੀ ਮੁਆਇਦਾ-ਕੀਮਤ ਉਸ ਕੀਮਤ ਤੋਂ ਵੱਧ ਹੈ ਜਿਹੜੀ ਕਿ ਅ ਉਸ ਸਮੇਂ ਚਾਉਲਾਂ ਲਈ ਹਾਸਲ ਕਰ ਸਕਦਾ ਹੈ, ਜਦ ਅ ਨੂੰ ੳ ਜਾਣੂ ਕਰਾਉਂਦਾ ਹੈ ਕਿ ਉਹ ਇਨ੍ਹਾਂ ਨੂੰ ਸਵੀਕਾਰ ਨਹੀਂ ਕਰੇਗਾ।

(ਸ) ਅ ਦਾ ਜਹਾਜ਼ 60,000-ਰੁਪਏ ਵਿੱਚ ਖਰੀਦਣ ਦਾ ਮੁਆਇਦਾ ੳ ਕਰਦਾ ਹੈ, ਪਰ ਆਪਣਾ ਬਚਨ ਭੰਗ ਕਰ ਦਿੰਦਾ ਹੈ। ੳ ਲਈ ਜ਼ਰੂਰੀ ਹੈ ਕਿ ਮੁਆਵਜੇ ਵਜੋਂ 'ਅ' ਨੂੰ ਉੱਨੀ ਰਕਮ, ਜੇ ਕੋਈ ਹੋਵੇ, ਅਦਾ ਕਰੇ, ਜਿੰਨੀ ਮੁਆਇਦਾ-ਕੀਮਤ ਉਸ ਕੀਮਤ ਤੋਂ ਵੱਧ ਹੈ ਜੋ ਬਚਨ ਦੇ ਭੰਗ ਦੇ ਸਮੇਂ ਅ ਜਹਾਜ਼ ਲਈ ਹਾਸਲ ਕਰ ਸਕਦਾ ਹੈ।

(ਹ) ੳ ਜੋ ਇੱਕ ਕਿਸ਼ਤੀ ਦਾ ਮਾਲਕ ਹੈ, ਇਕ ਉਲਿਖਤ ਦਿਨ ਚਲ ਕੇ ਪਟਸਨ ਦਾ ਜਹਾਜ਼ੀ ਮਾਲ ਮਿਰਜਾਪੁਰ ਵਿੱਚ ਵਿਕਰੀ ਲਈ, ਲੈ ਜਾਣ ਲਈ, ਅ ਨਾਲ ਮੁਆਇਦਾ ਕਰਦਾ ਹੈ। ਕਿਸੇ ਟਾਲੇ ਜਾ ਸਕਣ ਵਾਲੇ ਕਾਰਨ ਕਰਕੇ, ਕਿਸ਼ਤੀ ਨਿਯਤ ਸਮੇਂ ਤੇ ਨਹੀਂ ਚਲਦੀ, ਜਿਸ ਕਰਕੇ ਮਾਲ ਦੀ ਮਿਰਜਾਪੁਰ ਪਹੁੰਚ ਵਿੱਚ ਉਸ ਸਮੇਂ ਨਾਲੋਂ ਦੇਰ ਹੋ ਜਾਂਦੀ ਹੈ, ਜਿਸ ਸਮੇਂ ਉਸਨੇ ਪਹੁੰਚ ਜਾਣਾ ਸੀ, ਜੇ ਕਿਸ਼ਤੀ ਮੁਆਇਦੇ ਦੇ ਅਨੁਸਾਰ ਚਲ ਪਈ ਹੁੰਦੀ। ਉਸ ਤਰੀਕ ਤੋਂ ਪਿਛੋਂ ਅਤੇ ਮਾਲ ਦੇ ਪਹੁੰਚਣ ਤੋਂ ਪਹਿਲਾ ਪਟਸਨ ਦੀ ਕੀਮਤ ਡਿਗ ਜਾਂਦੀ ਹੈ। ੳ ਦੁਆਰਾ ਅ ਨੂੰ ਅਦਾ ਕਰਨਯੋਗ ਮੁਆਵਜੇ ਦਾ ਪੈਮਾਨਾ ਉਹ ਫ਼ਰਕ ਹੈ ਜੋ ਉਸ ਕੀਮਤ ਵਿੱਚ, ਜੋ ਮਾਲ ਲਈ ਮਿਰਜਾਪੁਰ ਵਿੱਚ 'ਅ' ਤਦ ਹਾਸਲ ਕਰ ਸਕਦਾ ਸੀ ਜਦ ਉਹ ਪਹੁੰਚਦਾ ਜੇ ਉਹ ਠੀਕ ਅਨੁਕ੍ਰਮ ਵਿੱਚ ਭੇਜਿਆ ਗਿਆ ਹੁੰਦਾ, ਅਤੇ ਉਸਦੀ ਉਸ ਵੇਲੇ ਦੀ ਮੰਡੀ-ਕੀਮਤ ਵਿੱਚ ਹੈ, ਜਦ ਉਹ ਵਾਸਤਵ ਵਿੱਚ ਪਹੁੰਚਿਆ।

(ਕ) ਅ ਦੇ ਮਕਾਨ ਦੀ ਮੁਰੰਮਤ ਇੱਕ ਨਿਸਚਿਤ ਤਰੀਕੇ ਨਾਲ ਕਰਨ ਲਈ ੳ ਮੁਆਇਦਾ ਕਰਦਾ ਹੈ ਅਤੇ ਅਦਾਇਗੀ ਪੇਸ਼ਗੀ ਲੈ ਲੈਂਦਾ ਹੈ। ੳ ਮਕਾਨ ਦੀ ਮੁਰੰਮਤ ਕਰਦਾ ਹੈ ਪਰ ਮੁਆਇਦੇ ਦੇ ਅਨੁਸਾਰ ਨਹੀਂ ਕਰਦਾ। ਅ ਉਹ ਲਾਗਤ ੳ ਤੋਂ ਵਸੂਲ ਕਰਨ ਦਾ ਹੱਕਦਾਰ ਹੈ ਜੋ ਮਰੁੰਮਤ ਨੂੰ ਮੁਆਇਦੇ ਦੇ ਅਨੁਰੂਪ ਕਰਨ ਤੇ ਆਵੇ।

(ਖ) ੳ ਆਪਣਾ ਜਹਾਜ਼ ਇੱਕ ਨਿਸਚਿਤ ਕੀਮਤ ਤੇ ਅ ਨੂੰ ਪਹਿਲੀ ਜਨਵਰੀ ਤੋਂ ਇਕ ਸਾਲ ਲਈ ਕਿਰਾਏ ਤੇ ਦੇਣ ਦਾ ਮੁਆਇਦਾ ਕਰਦਾ ਹੈ। ਮਾਲ-ਭਾੜੇ ਚੜ੍ਹ ਜਾਂਦੇ ਹਨ, ਅਤੇ ਪਹਿਲੀ ਜਨਵਰੀ ਨੂੰ ਜਹਾਜ਼ ਲਈ ਮਿਲ ਸਕਦਾ ਕਿਰਾਇਆ ਮੁਆਇਦਾ-ਕੀਮਤ ਨਾਲੋਂ ਉਚੇਰਾ ਹੈ। ੳ ਆਪਣਾ ਬਚਨ ਭੰਗ ਕਰ ਦਿੰਦਾ ਹੈ। ਉਸ ਲਈ ਜ਼ਰੂਰੀ ਹੈ ਕਿ ਉਹ ਮੁਆਇਦਾ-ਕੀਮਤ ਅਤੇ ਉਸ ਕੀਮਤ ਵਿਚਲੇ ਫ਼ਰਕ ਦੇ ਬਰਾਬਰ ਦੀ ਰਕਮ ਅ ਨੂੰ ਮੁਆਵਜੇ ਵਜੋਂ ਅਦਾ ਕਰੇ, ਜਿਸ ਤੇ ਪਹਿਲੀ ਜਨਵਰੀ ਨੂੰ ਅਤੇ ਤੋਂ ਅ ਇੱਕ ਸਾਲ ਲਈ ਉਸੇ ਵਰਗਾ ਜਹਾਜ਼ ਕਿਰਾਏ ਤੇ ਲੈ ਸਕਦਾ ਸੀ।

(ਗ) ਅ ਨੂੰ ਲੋਹੇ ਦੀ ਇੱਕ ਨਿਸਚਿਤ ਮਿਕਦਾਰ ਨਿਯਤ ਕੀਮਤ ਤੇ ਸਪਲਾਈ ਕਰਨ ਦਾ ਮੁਆਇਦਾ ੳ ਕਰਦਾ ਹੈ, ਜਿਹੜੀ ਉਸ ਕੀਮਤ ਤੋ ਉਚੇਰੀ ਹੈ ਜਿਸਤੇ ੳ ਉਹ ਲੋਹਾ ਪ੍ਰਾਪਤ ਅਤੇ ਹਵਾਲੇ ਕਰ ਸਕਦਾ ਸੀ। 'ਅ' ਉਸ ਲੋਹੇ ਨੂੰ ਲੈਣ ਤੋਂ ਦੋਸ-ਪੂਰਬਕ ਇਨਕਾਰ ਕਰ ਦਿੰਦਾ ਹੈ। ਅ

ਲਈ ਜ਼ਰੂਰੀ ਹੈ ਕਿ ਉਹ ਲੋਹੇ ਦੀ ਮੁਆਇਦਾ-ਕੀਮਤ ਅਤੇ ਉਸ ਰਕਮ ਦੇ ਵਿਚਕਾਰ ਦਾ ਫ਼ਰਕ, ਜਿਸ ਤੇ ੳ ਉਹ ਲੋਹਾ ਹਾਸਲ ਅਤੇ ਹਵਾਲੇ ਕਰ ਸਕਦਾ ਸੀ, ੳ ਨੂੰ ਮੁਆਵਜੇ ਵਜੋਂ ਅਦਾ ਕਰੇ।

ਘ) ਇੱਕ ਆਮ ਵਾਹਕ 'ਅ' ਨੂੰ ੳ ਇੱਕ ਮਸ਼ੀਨ ਉਸ ਦੀ ਮਿੱਲ ਵਿਚ ਬਿਨਾਂ ਕਿਸੇ ਦੇਰੀ ਦੇ ਪਹੁਚਾਏ ਜਾਣ ਲਈ ਇਹ ਜਾਣਕਾਰੀ ਦੇ ਕੇ ਹਵਾਲੇ ਕਰਦਾ ਹੈ ਕਿ ਉਸ ਮਸ਼ੀਨ ਦੀ ਥੁੜ ਕਰਕੇ ੳ ਦੀ ਮਿੱਲ ਰੁਕੀ ਪਈ ਹੈ। ਅ ਮਸ਼ੀਨ ਦੀ ਹਵਾਲਗੀ ਵਿੱਚ ਨਾਵਾਜਬ ਤੌਰ ਤੇ ਦੇਰੀ ਕਰਦਾ ਹੈ ਅਤੇ ਉਸਦੇ ਪਰਿਣਾਮ ਵਜੋਂ ਸਰਕਾਰ ਦੇ ਨਾਲ ਹੋਣ ਵਾਲਾ ਲਾਭਦਾਇਕ ਮੁਆਇਦਾ ੳ ਦੇ ਹੱਥੋਂ ਨਿਕਲ ਜਾਂਦਾ ਹੈ। ੳ ਮੁਆਵਜੇ ਵਜੋਂ ਅ ਤੋਂ ਉਸ ਲਾਭ ਦੀ ਔਸਤ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਹੈ, ਜੋ ਉਸ ਸਮੇ ਦੇ ਦੌਰਾਨ ਮਿੱਲ ਦੇ ਚਾਲੂ ਰਹਿਣ ਨਾਲ ਹੋਇਆ ਹੁੰਦਾ, ਜਿਸ ਵਿੱਚ ਉਸਦੀ ਹਵਾਲਗੀ ਦੇਰੀ ਨਾਲ ਹੋਈ, ਪਰ ਸਰਕਾਰੀ ਮੁਆਇਦੇ ਦੇ ਹੱਥੋਂ ਨਿਕਲ ਜਾਣ ਨਾਲ ਉਠਾਏ ਗਏ ਹਾਨ ਲਈ ਮਆਵਜ਼ਾ ਲੈਣ ਦਾ ਹੱਕਦਾਰ ਨਹੀਂ ਹੈ।

(ਙ) ਅ ਨਾਲ 'ੳ' ਇਹ ਮੁਆਇਦਾ ਕਰਨ ਉਪੰਰਤ ਕਿ ਉਹ 100 ਰੁਪਏ ਪ੍ਰਤੀ ਟਨ ਦੀ ਦਰ ਨਾਲ 1,000 ਟਨ ਲੋਹਾ ਅ ਨੂੰ ਸਪਲਾਈ ਕਰੇਗਾ, ਜਿਹੜਾ ਬਿਆਨ ਕੀਤੇ ਸਮੇ ਤੇ ਹਵਾਲੇ ਕੀਤਾ ਜਾਣਾ ਹੈ, ੲ ਤੋਂ 80 ਰੁਪਏ ਪ੍ਰਤੀ ਟਨ ਦੀ ਦਰ ਨਾਲ 1,000 ਟਨ ਲੋਹਾ ਖ਼ਰੀਦਣ ਦਾ, ੲ ਨੂੰ ਇਹ ਦਸਦਿਆਂ ਮੁਆਇਦਾ ਕਰਦਾ ਹੈ ਕਿ ਉਹ ਅ ਨਾਲ ਅਪਣਾ ਮੁਆਇਦੇ ਦਾ ਪਾਲਣ ਕਰਨ ਦੇ ਪ੍ਰਯੋਜਨ ਨਾਲ ਇਸ ਤਰਾਂ ਕਰ ਰਿਹਾ ਹੈ । ੳ ਨਾਲ ਆਪਣੇ ਮੁਆਇਦੇ ਦਾ ਪਾਲਣ ਕਰਨ ਵਿਚ ੲ ਅਸਫ਼ਲ ਰਹਿੰਦਾ ਹੈ, ੳ ਹੋਰ ਲੋਹਾ ਹਾਸਲ ਨਹੀ ਕਰ ਸਕਦਾ, ਅਤੇ ਅ, ਪਰਿਣਾਮ ਵਜੋਂ ਮੁਆਇਦਾ ਵਿਖੰਡਤ ਕਰ ਦਿੰਦਾ ਹੈ। 'ੲ' ਲਈ ਜ਼ਰੂਰੀ ਹੈ ਕਿ ਉਹ 20,000 ਰੁਪਏ ੳ ਨੂੰ ਅਦਾ ਕਰੇ, ਜੋ ਕਿ ਉਸ ਲਾਭ ਦੀ ਰਕਮ ਹੈ ਜਿਹੜਾ ੳ ਨੂੰ ਅ ਨਾਲ ਅਪਣੇ ਮੁਆਇਦੇ ਦੇ ਪਾਲਣ ਦੁਆਰਾ ਹੁੰਦਾ ।

(ਚ) ੳ ਇੱਕ ਨਿਸਚਿਤ ਮਸ਼ੀਨਰੀ ਉਲਿਖਤ ਕੀਮਤ ਤੇ ਨਿਯਤ ਦਿਨ ਤੱਕ ਬਣਾਉਣ ਅਤੇ ਹਵਾਲੇ ਕਰਨ ਦਾ ਅ ਨਾਲ ਮੁਆਇਦਾ ਕਰਦਾ ਹੈ। ੳ ਉਹ ਮਸ਼ੀਨਰੀ ਉਲਿਖਤ ਸਮੇਂ ਹਵਾਲੇ ਨਹੀਂ ਕਰਦਾ ਅਤੇ ਇਸ ਦੇ ਪਰਿਣਾਮ ਵਜੋਂ ਅ ਉਸ ਕੀਮਤ ਤੋਂ, ਜਿਹੜੀ ਉਸ ਨੇ ੳ ਨੂੰ ਦੇਣੀ ਸੀ, ਉਚੇਰੀ ਕੀਮਤ ਤੇ ਹੋਰ ਮਸ਼ੀਨਰੀ ਪ੍ਰਾਪਤ ਕਰਨ ਲਈ ਮਜਬੂਰ ਹੋ ਜਾਂਦਾ ਹੈ, ਅਤੇ ਉਸ ਮੁਆਇਦੇ ਦਾ ਪਾਲਣ ਨਹੀਂ ਕਰ ਸਕਦਾ ਜਿਹੜਾ ਅ ਨੇ ੳ ਨਾਲ ਅਪਣੇ ਮੁਆਇਦੇ ਦੇ ਸਮੇਂ ਇਕ ਅਨਯ ਧਿਰ ਨਾਲ ਕੀਤਾ ਹੋਇਆ ਸੀ (ਪਰ ਜਿਹੜਾ ਤਦ ੳ ਨੂੰ ਸੰਸੂਚਤ ਨਹੀਂ ਕੀਤਾ ਗਿਆ ਸੀ) ਅਤੇ ਉਸ ਮੁਆਇਦੇ ਦੇ ਭੰਗ ਦੇ ਲਈ ਮੁਆਵਜ਼ਾ ਦੇਣ ਵਾਸਤੇ ਮਜਬੂਰ ਕੀਤਾ ਜਾਂਦਾ ਹੈ। ੳ ਲਈ ਜ਼ਰੂਰੀ ਹੈ ਕਿ ਉਹ ਮਸ਼ਨੀਰੀ ਦੀ ਮੁਆਇਦਾ ਕੀਮਤ ਅਤੇ ਅ ਦੁਆਰਾ ਹੋਰ ਮਸ਼ੀਨਰੀ ਲਈ ਅਦਾ ਕੀਤੀ ਰਕਮ ਵਿਚਲਾ ਫ਼ਰਕ ਅ ਨੂੰ ਮੁਆਵਜ਼ੇ ਵਜੋਂ ਅਦਾ ਕਰੇ, ਪਰ ਉਹ ਰਕਮ ਨਹੀ, ਜੋ ਅ ਦੁਆਰਾ ਅਨਯ ਧਿਰ ਨੂੰ ਮੁਆਵਜ਼ੇ ਵਜੋਂ ਅਦਾ ਕੀਤੀ ਗਈ।

(ਛ) ੳ ਇੱਕ ਉਸਰੱਈਆ ਪਹਿਲੀ ਜਨਵਰੀ ਤੱਕ ਇੱਕ ਮਕਾਨ ਉਸਾਰਨ ਅਤੇ ਪੂਰਾ ਕਰਨ ਦਾ ਮੁਆਇਦਾ ਕਰਦਾ ਹੈ ਤਾਂ ਜੋ ਅ ਉਸਦਾ ਕਬਜ਼ਾ ਉਸ ਸਮੇਂ ੲ ਨੂੰ ਦੇ ਸਕੇ, ਜਿਸਨੂੰ ਇਹ ਕਿਰਾਏ ਤੇ ਦੇਣ ਦਾ ਅ ਨੇ ਮੁਆਇਦਾ ਕੀਤਾ ਹੈ। ਅ ਅਤੇ ੲ ਵਿਚਕਾਰ ਮੁਆਇਦੇ ਦੀ ਜਾਣਕਾਰੀ ੳ ਨੂੰ ਦੇ ਦਿੱਤੀ ਜਾਂਦੀ ਹੈ। ੳ ਮਕਾਨ ਇੰਨੀ ਬੁਰੀ ਤਰ੍ਹਾਂ ਉਸਾਰਦਾ ਹੈ ਕਿ ਪਹਿਲੀ ਜਨਵਰੀ ਤੋਂ ਪਹਿਲਾਂ ਹੀ ਉਹ ਡਿਗ ਜਾਂਦਾ ਹੈ ਅਤੇ ਅ ਨੂੰ ਉਹ ਮੁੜ-ਉਸਾਰਨਾ ਪੈਂਦਾ ਹੈ, ਪਰਿਣਾਮ ਵਜੋਂ ਉਹ ਉਸ ਕਿਰਾਏ ਦਾ ਹਾਨ ਉਠਾਉਂਦਾ ਹੈ, ਜਿਹੜਾ ਉਸਨੂੰ ੲ ਤੋਂ ਮਿਲਦਾ ਅਤੇ ੲ ਨੂੰ ਆਪਣੇ ਮੁਆਇਦੇ ਦੇ ਭੰਗ ਲਈ ਮੁਆਵਜ਼ਾ ਦੇਣ ਵਾਸਤੇ ਮਜਬੂਰ ਹੋ ਜਾਂਦਾ ਹੈ। ੳ ਲਈ ਜ਼ਰੂਰੀ ਹੈ ਕਿ ਉਹ ਅ

ਨੂੰ ਮਕਾਨ ਦੇ ਮੁੜ-ਉਸਾਰਨ ਦੇ ਖ਼ਰਚੇ ਲਈ, ਕਿਰਾਏ ਦੇ ਹਾਨ ਲਈ ਅਤੇ ੲ ਨੂੰ ਦਿੱਤੇ ਗਏ ਮੁਆਵਜ਼ੇ ਲਈ ਮੁਆਵਜ਼ਾ ਦੇਵੇ ।

(ਜ) ੳ ਇਹ ਵਾਰੰਟੀ ਦਿੰਦਿਆਂ ਹੋਇਆਂ ਅ ਨੂੰ ਕੁਝ ਵੱਖਰ ਵੇਚਦਾ ਹੈ ਕਿ ਉਹ ਇੱਕ ਖ਼ਾਸ ਕੁਆਲਿਟੀ ਦਾ ਹੈ, ਅਤੇ ਇਸੇ ਵਾਰੰਟੀ ਦੇ ਭਰੋਸੇ ਤੇ ਅ ਉਸੇ ਵਰਗੀ ਵਾਰੰਟੀ ਤੇ ਇਹ ੲ ਨੂੰ ਵੇਚ ਦਿੰਦਾ ਹੈ । ਉਹ ਮਾਲ ਵਾਰੰਟੀ ਅਨੁਸਾਰ ਸਾਬਤ ਨਹੀਂ ਹੁੰਦਾ, ਅਤੇ ੲ ਨੂੰ ਅ ਧਨ ਦੀ ਇਕ ਰਕਮ ਮੁਆਵਜ਼ੇ ਵਜੋਂ ਅਦਾ ਕਰਨ ਲਈ ਉੱਤਰਦਾਈ ਹੋ ਜਾਂਦਾ ਹੈ। ਅ, ਇਸ ਰਕਮ ਦੀ ੳ ਦੁਆਰਾ ਪ੍ਰਤੀਪੂਰਤੀ ਦਾ ਹੱਕਦਾਰ ਹੈ।

(ਝ) ਅ ਨੂੰ ੳ ਇੱਕ ਉਲਿਖਤ ਦਿਨ ਧਨ ਦੀ ਇੱਕ ਰਕਮ ਅਦਾ ਕਰਨ ਦਾ ਮੁਆਇਦਾ ਕਰਦਾ ਹੈ। ੳ ਉਹ ਧਨ ਉਸ ਦਿਨ ਅਦਾ ਨਹੀਂ ਕਰਦਾ। ਉਸ ਦਿਨ ਧਨ ਨ ਮਿਲਣ ਦੇ ਪਰਿਣਾਮ ਵਜੋਂ, ਅ ਆਪਣੇ ਰਿਣ ਚੁਕਾਉਣ ਵਿੱਚ ਅਸੱਮਰਥ ਰਹਿੰਦਾ ਹੈ ਅਤੇ ਪੂਰੇ ਤੌਰ ਤੇ ਤਬਾਹ ਹੋ ਜਾਂਦਾ ਹੈ। ਅ ਨੂੰ ੳ ਅਦਾਇਗੀ ਦੇ ਦਿਨ ਤੱਕ ਵਿਆਜ ਸਹਿਤ ਉਸ ਮੂਲ ਧਨ ਦੇ ਸਿਵਾਏ, ਜੋ ਅਦਾ ਕਰਨ ਦਾ ਉਸਨੇ ਮੁਆਇਦਾ ਕੀਤਾ ਸੀ, ਹੋਰ ਕੁਝ ਵੀ ਪੂਰਾ ਕਰਨ ਦਾ ਉੱਤਰਦਾਈ ਨਹੀਂ ਹੈ।

(ਞ) ੳ ਨਿਸਚਿਤ ਕੀਮਤ ਤੇ 50 ਮਣ ਸ਼ੋਰਾ ਪਹਿਲਾ ਜਨਵਰੀ ਨੂੰ ਅ ਦੇ ਹਵਾਲੇ ਕਰਨ ਦਾ ਮੁਆਇਦਾ ਕਰਦਾ ਹੈ। ਬਾਦ ਵਿੱਚ, ਪਹਿਲੀ ਜਨਵਰੀ ਤੋਂ ਪਹਿਲਾ ਅ ਉਹ ਸ਼ੋਰਾ ਪਹਿਲੀ ਜਨਵਰੀ ਦੀ ਮੰਡੀ-ਕੀਮਤ ਤੋਂ ਉਚੇਰੀ ਕੀਮਤ ਤੇ ੲ ਨੂੰ ਵੇਚਣ ਦਾ ਮੁਆਇਦਾ ਕਰਦਾ ਹੈ। ੳ ਆਪਣਾ ਬਚਨ ਭੰਗ ਕਰਦਾ ਹੈ। ੳ ਦੁਆਰਾ ਅ ਨੂੰ ਅਦਾਇਗੀਯੋਗ ਮੁਆਵਜ਼ੇ ਦੇ ਅਨੁਮਾਨ ਲਾਉਣ ਵਿੱਚ ਪਹਿਲੀ ਜਨਵਰੀ ਦੀ ਮੰਡੀ-ਕੀਮਤ ਧਿਆਨ ਵਿੱਚ ਰਖੀ ਜਾਣੀ ਹੈ, ਨ ਕਿ ਉਹ ਲਾਭ ਜਿਹੜਾ ਅ ਨੂੰ ੲ ਕੋਲ ਕੀਤੀ ਵਿਕਰੀ ਤੋਂ ਹੁੰਦਾ।

(ਟ) ੳ ਰੂੰ ਦੀਆਂ 500 ਗੱਠਾ ਅ ਨੂੰ ਵੇਚਣ ਅਤੇ ਇੱਕ ਨਿਯਤ ਦਿਨ ਹਵਾਲੇ ਕਰਨ ਦਾ ਮੁਆਇਦਾ ਕਰਦਾ ਹੈ। ਅ ਦੇ ਆਪਣੇ ਕਾਰੋਬਾਰ ਦੇ ਸੰਚਾਲਣ ਦੀ ਵਿਧੀ ਬਾਰੇ ੳ ਕੁਝ ਨਹੀਂ ਜਾਣਦਾ। ੳ ਆਪਣਾ ਬਚਨ-ਭੰਗ ਕਰਦਾ ਹੈ, ਅਤੇ 'ਅ' ਰੂੰ ਨ ਹੋਣ ਦੇ ਕਾਰਨ, ਆਪਣੀ ਮਿੱਲ ਬੰਦ ਕਰਨ ਲਈ ਮਜਬੂਰ ਹੋ ਜਾਂਦਾ ਹੈ। ਮਿੱਲ ਬੰਦ ਹੋਣ ਨਾਲ ਅ ਨੂੰ ਹੋਏ ਹਾਨ ਦੇ ਲਈ ਅ ਦੇ ਪ੍ਰਤਿ ੳ ਜ਼ਿੰਮੇਵਾਰ ਨਹੀਂ ਹੈ ।

(ਠ) ੳ, ਅ ਨੂੰ ਇੱਕ ਨਿਸਚਿਤ ਕਪੜਾ ਵੇਚਣ ਅਤੇ ਪਹਿਲੀ ਜਨਵਰੀ ਨੂੰ ਹਵਾਲੇ ਕਰਨ ਦਾ ਮੁਆਇਦਾ ਕਰਦਾ ਹੈ, ਜਿਸ ਨਾਲ ਅ ਅਜਿਹੀ ਖ਼ਾਸ ਕਿਸਮ ਦੀਆਂ ਟੋਪੀਆਂ ਬਣਾਉਣ ਦਾ ਇਰਾਦਾ ਰਖਦਾ ਹੈ ਜਿਨ੍ਹਾਂ ਦੇ ਲਈ ਉਸ ਮੌਸਮ ਦੇ ਸਿਵਾਏ ਕੋਈ ਮੰਗ ਨਹੀਂ ਹੁੰਦੀ। ਉਹ ਕਪੜਾ ਨਿਯਤ ਸਮੇਂ ਦੇ ਪਿੱਛੋਂ ਤੱਕ ਹਵਾਲੇ ਨਹੀ ਕੀਤਾ ਜਾਂਦਾ, ਅਤੇ ਇੱਨ੍ਹਾਂ ਪਛੜ ਜਾਂਦਾ ਹੈ ਕਿ ਟੋਪੀਆਂ ਬਣਾਉਣ ਲਈ ਉਸ ਸਾਲ ਉਸਨੂੰ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਸਕਦਾ। ਅ ਕਪੜੇ ਦੀ ਮੁਆਇਦਾ-ਕੀਮਤ ਅਤੇ ਹਵਾਲਗੀ ਦੇ ਸਮੇਂ ਉਸਦੀ ਮੰਡੀ-ਕੀਮਤ ਵਿਚਲਾ ਫ਼ਰਕ ੳ ਤੋਂ ਮੁਆਵਜ਼ੇ ਵਜੋਂ ਲੈਣ ਦਾ ਹੱਕਦਾਰ ਹੈ, ਪਰ ਉਹ ਨ ਤਾਂ ਉਹ ਲਾਭ ਲੈਣ ਦਾ ਹੱਕਦਾਰ ਹੈ, ਜੋ ਉਹ ਟੋਪੀਆਂ ਬਣਾਉਣ ਦੁਆਰਾ ਹਾਸਲ ਕਰਨ ਦੀ ਉਮੀਦ ਰਖਦਾ ਸੀ, ਅਤੇ ਨ ਹੀ ਉਹ ਖ਼ਰਚੇ, ਜਿਹੜੇ ਟੋਪੀਆਂ ਬਣਾਉਣ ਲਈ ਕੀਤੀਆਂ ਗਈਆਂ ਤਿਆਰੀਆਂ ਵਿੱਚ ਉਸ ਨੂੰ ਕਰਨੇ ਪਏ ਹੋਣ।

(ਡ) ੳ ਜੋ ਇੱਕ ਜ਼ਹਾਜ ਦਾ ਮਾਲਕ ਹੈ, ਅ ਨਾਲ ਮੁਆਇਦਾ ਕਰਦਾ ਹੈ ਕਿ ਉਹ ਉਸ ਨੂੰ ਪਹਿਲੀ ਜਨਵਰੀ ਨੂੰ ਜਲ-ਯਾਤਰਾ ਆਰੰਭ ਕਰਨ ਵਾਲੇ ਆਪਣੇ ਜਹਾਜ਼ ਵਿੱਚ ਕਲਕੱਤੇ ਤੋਂ ਸਿਡਨੀ ਲੈ ਜਾਵੇਗਾ ਅਤੇ ਅ ਆਪਣੇ ਯਾਤਰਾ-ਭਾੜੇ ਦਾ ਅਧਾ ਭਾਗ, ਜਮ੍ਹਾਂ ਵਜੋਂ, ੳ ਨੂੰ ਅਦਾ ਕਰ ਦਿੰਦਾ ਹੈ। ਉਹ ਜਹਾਜ਼ ਪਹਿਲੀ ਜਨਵਰੀ ਨੂੰ ਰਵਾਨਾ ਨਹੀਂ ਹੁੰਦਾ, ਅਤੇ ਅ ਪਰਿਣਾਮ ਵਜੋਂ ਕੁਝ ਸਮੇਂ

ਲਈ ਕਲਕੱਤੇ ਵਿੱਚ ਰੁਕੇ ਰਹਿਣ ਅਤੇ ਉਸ ਕਾਰਨ ਕੁਝ ਖ਼ਰਚਾ ਉਠਾਉਣ ਤੋਂ ਪਿਛੋਂ ਇੱਕ ਹੋਰ ਪੋਤ ਵਿੱਚ ਸਿਡਨੀ ਰਵਾਨਾ ਹੁੰਦਾ ਹੈ ਅਤੇ ਪਰਿਣਾਮ ਵਜੋਂ ਸਿਡਨੀ ਵਿੱਚ ਬਹੁਤ ਹੀ ਦੇਰ ਨਾਲ ਪਹੁਚਣ ਦੇ ਕਾਰਨ ਧਨ ਦੀ ਕੁਝ ਰਕਮ ਦਾ ਹਾਨ ਉਠਾਉਂਦਾ ਹੈ। ਅ ਨੂੰ ੳ ਵਿਆਜ ਸਹਿਤ ਉਸਦੀ ਜਮ੍ਹਾਂ, ਅਤੇ ਉਹ ਖ਼ਰਚ ਜਿਹੜੇ ਉਸਨੂੰ ਕਲਕੱਤੇ ਵਿੱਚ ਰੁਕੇ ਰਹਿਣ ਦੇ ਕਾਰਨ ਉਠਾਉਣੇ ਪਏ ਅਤੇ ਪਹਿਲੇ ਜਹਾਜ਼ ਲਈ ਕਰਾਰ ਕੀਤੇ ਭਾੜੇ ਨਾਲੋਂ ਦੂਜੇ ਪੋਤ ਲਈ ਦਿੱਤਾ ਗਿਆ ਯਾਤਰਾ-ਭਾੜੇ ਦਾ ਵਾਧਾ, ਜੇ ਕੋਈ ਹੋਵੇ, ਅਦਾ ਕਰਨ ਦੀ ਭਾਗੀ ਹੈ, ਪਰ ਧਨ ਦੀ ਉਸ ਰਕਮ ਦੇ ਲਈ ਨਹੀਂ, ਜਿਸ ਦਾ ਹਾਨ ਅ ਨੇ ਸਿਡਨੀ ਵਿੱਚ ਬਹੁਤ ਹੀ ਦੇਰ ਨਾਲ ਪਹੁੰਚਣ ਦੇ ਕਾਰਨ ਉਠਾਇਆ।

ਜਿੱਥੇ ਡੰਨ ਦਾ ਅਨੁਬੰਧ ਹੈ ਉਥੇ ਮੁਆਇਦੇ ਦੇ ਭੰਗ ਲਈ ਮੁਆਵਜ਼ਾ ।

74. ਜਦ ਕੋਈ ਮੁਆਇਦਾ ਭੰਗ ਕਰ ਦਿਤਾ ਗਿਆ ਹੈ, ਤਦ ਜੇ ਉਸ ਮੁਆਇਦੇ ਦੇ ਵਿੱਚ ਕੋਈ ਅਜਿਹੀ ਰਕਮ ਨਾਮਤ ਹੈ ਜਿਹੜੀ ਅਜਿਹੇ ਭੰਗ ਦੀ ਸੂਰਤ ਵਿੱਚ ਅਦਾ ਕੀਤੀ ਜਾਣੀ ਹੈ, ਜਾਂ ਜੇ ਡੰਨ ਵਜੋਂ ਕੋਈ ਅਨੁਬੰਧ ਮੁਆਇਦੇ ਵਿੱਚ ਦਰਜ ਹੈ, ਤਾਂ ਭਾਵੇਂ ਇਹ ਸਾਬਤ ਕੀਤਾ ਜਾਵੇ ਜਾਂ ਨ ਕਿ ਉਸ ਭੰਗ ਨਾਲ ਵਾਸਤਵਿਕ ਹੋਇਆ ਨੁਕਸਾਨ ਜਾਂ ਹਾਨ ਹੋਇਆ ਹੈ, ਭੰਗ ਦੀ ਸ਼ਿਕਾਇਤ ਕਰਨ ਵਾਲੀ ਧਿਰ, ਉਸ ਧਿਰ ਤੋਂ ਜਿਸਨੇ ਮੁਆਇਦਾ ਭੰਗ ਕੀਤਾ ਹੈ, ਅਜਿਹੀ ਨਾਮਤ ਰਕਮ ਨਾਲੋਂ ਜਾਂ ਅਨੁਬੰਧਤ ਡੰਨ ਨਾਲੋਂ, ਜਿਹੀ ਕਿ ਸੂਰਤ ਹੋਵੇ, ਨ ਵੱਧਣ ਵਾਲਾ ਵਾਜਬੀ ਮੁਆਵਜ਼ਾ ਵਸੂਲ ਕਰਨ ਦੀ ਹੱਕਦਾਰ ਹੋਵੇਗੀ।

**ਵਿਆਖਿਆ :** ਕੋਤਾਹੀ ਦੀ ਤਰੀਕ ਤੋਂ ਵਧਾਏ ਵਿਆਜ ਦੇ ਲਈ ਕੋਈ ਅਨੁਬੰਧ ਡੰਨ ਵਜੋਂ ਦਾ ਅਨੁਬੰਧ ਹੋ ਸਕੇਗਾ।

**ਅਪਵਾਦ** - ਜਦ ਕੋਈ ਵਿਅਕਤੀ ਕੋਈ ਜ਼ਮਾਨਤ-ਨਾਮਾ, ਮੁਚਲੱਕਾ ਜਾਂ ਉਸੇ ਪ੍ਰਕਿਰਤੀ ਦੀ ਹੋਰ ਲਿਖਤ ਕਰਦਾ ਹੈ, ਜਾਂ ਕਿਸੇ ਕਾਨੂੰਨ ਦੇ ਉਪਬੰਧਾਂ ਅਧੀਨ ਜਾਂ ਕੇਂਦਰੀ ਸਰਕਾਰ ਦੇ ਜਾਂ ਕਿਸੇ ਰਾਜ ਸਰਕਾਰ ਦੇ ਹੁਕਮ ਅਧੀਨ, ਕਿਸੇ ਲੋਕ-ਕਰੱਤਵ ਜਾਂ ਕਾਰਜ ਦੇ ਪਾਲਣ ਲਈ ਕੋਈ ਬੌਂਡ ਦਿੰਦਾ ਹੈ ਜਿਸ ਵਿਚ ਜਨਤਾ ਹਿੱਤਬੱਧ ਹੈ, ਤਾਂ ਉਹ ਕਿਸੇ ਅਜਿਹੀ ਲਿਖਤ ਦੀ ਕਿਸੇ ਸ਼ਰਤ ਦੇ ਭੰਗ ਹੋਣ ਤੇ ਉਸ ਵਿੱਚ ਜ਼ਿਕਰ ਕੀਤੀ ਸਾਰੀ ਰਕਮ ਅਦਾ ਕਰਨ ਦਾ ਭਾਗੀ ਹੋਵੇਗਾ।

**ਵਿਆਖਿਆ** - ਉਹ ਵਿਅਕਤੀ ਜਿਹੜਾ ਸਰਕਾਰ ਨਾਲ ਕੋਈ ਮੁਆਇਦਾ ਕਰਦਾ ਹੈ, ਇਹ ਜ਼ਰੂਰੀ ਨਹੀਂ ਕਿ ਉਹ ਉਸ ਦੁਆਰਾ ਕਿਸੇ ਲੋਕ-ਕੱਰਤਵ ਦਾ ਜ਼ਿੰਮਾ ਲੈਂਦਾ ਹੈ ਜਾਂ ਅਜਿਹਾ ਕਾਰਜ ਕਰਨ ਦਾ ਬਚਨ ਦਿੰਦਾ ਹੈ ਜਿਸ ਵਿੱਚ ਕਿ ਲੋਕ ਹਿੱਤਬੱਧ ਹਨ।

**ਦ੍ਰਿਸ਼ਟਾਂਤ**

(ੳ) ਅ ਨਾਲ ੳ ਮੁਆਇਦਾ ਕਰਦਾ ਹੈ ਕਿ ਜੇ ਉਹ ਅ ਨੂੰ ਇਕ ਨਿਯਤ ਦਿਨ 500 ਰੁਪਏ ਅਦਾ ਕਰਨ ਵਿੱਚ ਅਸਫਲ ਰਿਹਾ, ਤਾਂ ਉਹ ਅ ਨੂੰ 1,000 ਰੁਪਏ ਅਦਾ ਕਰੇਗਾ। ੳ ਉਸ ਦਿਨ ਅ ਨੂੰ 500 ਰੁਪਏ ਅਦਾ ਕਰਨ ਵਿੱਚ ਅਸਫਲ ਰਹਿੰਦਾ ਹੈ। ੳ ਤੋਂ ਅ 1,000 ਰੁਪਏ ਤੋਂ ਨ ਵਧਦਾ ਅਜਿਹਾ ਮੁਆਵਜ਼ਾ ਵਸੂਲ ਕਰਨ ਦਾ ਹੱਕਦਾਰ ਹੈ, ਜੋ ਅਦਾਲਤ ਵਾਜਬੀ ਸਮਝੇ।

(ਅ) ਅ ਨਾਲ ੳ ਮੁਆਇਦਾ ਕਰਦਾ ਹੈ ਕਿ ਜੇ ੳ ਕਲਕੱਤੇ ਵਿੱਚ ਸਰਜਨ ਵਜੋਂ ਪ੍ਰੈਕਿਟਸ ਕਰੇ ਤਾਂ ਉਹ ਅ ਨੂੰ 5,000 ਰੁਪਏ ਅਦਾ ਕਰੇਗਾ। ੳ ਕਲਕੱਤੇ ਵਿੱਚ ਸਰਜਨ ਵਜੋਂ ਪ੍ਰੈਕਟਿਸ ਕਰਦਾ ਹੈ। ਅ 5,000 ਰੁਪਏ ਤੋਂ ਨ ਵਧਦਾ ਅਜਿਹਾ ਮੁਆਵਜ਼ਾ ਵਸੂਲ ਕਰਨ ਦਾ ਹੱਕਦਾਰ ਹੈ, ਜੋ ਅਦਾਲਤ ਵਾਜਬੀ ਸਮਝੇ।

(ੲ) ੳ ਇੱਕ ਨਿਸਚਿਤ ਦਿਨ ਅਦਾਲਤ ਵਿੱਚ ਪੇਸ਼ ਹੋਣ ਲਈ ਅਜਿਹਾ ਮੁੱਚਲਕਾ ਦਿੰਦਾ

ਹੈ ਜਿਸ ਨਾਲ ਅਜਿਹਾ ਨ ਕਰਨ ਤੇ ਉਹ 500 ਰੁਪਏ ਦਾ ਡੰਨ ਦੇਣ ਲਈ ਪਾਬੰਦ ਹੈ। ਉਸਦਾ ਮੁਚੱਲਕਾ ਜ਼ਬਤ ਹੋ ਜਾਂਦਾ ਹੈ। ਉਹ ਸਾਰਾ ਡੰਨ ਦੇਣ ਦਾ ਭਾਗੀ ਹੈ।

(ਸ) ਅ ਨੂੰ ੳ ਛੇ ਮਹੀਨਿਆਂ ਦੇ ਅੰਤ ਤੇ 1,000 ਰੁਪਏ 12 ਪ੍ਰਤੀ ਸੈਂਕੜਾ ਵਿਆਜ ਸਹਿਤ ਮੁੜ-ਅਦਾਇਗੀ ਦਾ ਬੌਂਡ ਇਸ ਅਨੁਬੰਧ ਨਾਲ ਦਿੰਦਾ ਹੈ ਕਿ ਕੋਤਾਹੀ ਦੀ ਸੂਰਤ ਵਿਚ ਵਿਆਜ, ਕੋਤਾਹੀ ਦੀ ਤਰੀਕ ਤੋਂ 75 ਪ੍ਰਤੀ ਸੈਂਕੜਾ ਦੀ ਦਰ ਤੇ ਅਦਾਇਗੀਯੋਗ ਹੋਵੇਗਾ। ਇਹ ਡੰਨ ਵਜੋਂ ਅਨੁਬੰਧ ਹੈ, ਅਤੇ ੳ ਤੋਂ ਅ ਕੇਵਲ ਅਜਿਹਾ ਮੁਆਵਜ਼ਾ ਵਸੂਲ ਕਰਨ ਦਾ ਹੱਕਦਾਰ ਹੈ, ਜਿਹਾ ਅਦਾਲਤ ਵਾਜਬੀ ਸਮਝੇ।

(ਹ) ੳ, ਜਿਸ ਨੇ ਇੱਕ ਸ਼ਾਹੂਕਾਰ ਅ ਨੂੰ ਧਨ ਦੇਣਾ ਹੈ, ਇੱਕ ਨਿਸਚਿਤ ਤਰੀਕ ਨੂੰ 10 ਮਣ ਅਨਾਜ ਉਸਦੇ ਹਵਾਲੇ ਕਰਨ ਦੁਆਰਾ ਉਸਨੂੰ ਉਹ ਰਕਮ ਮੁੜ-ਅਦਾ ਕਰਨ ਦਾ ਜ਼ਿੰਮਾ ਲੈਂਦਾ ਹੈ ਅਤੇ ਇਹ ਅਨੁਬੰਧ ਕਰਦਾ ਹੈ ਕਿ ਜੇ ਉਹ ਅਨੁਬੰਧਤ ਰਕਮ ਅਨੁਬੰਧਤ ਤਰੀਕ ਤੱਕ ਹਵਾਲੇ ਨ ਕਰੇ ਤਾਂ ਉਹ 20 ਮਣ ਹਵਾਲੇ ਕਰਨ ਦਾ ਭਾਗੀ ਹੋਵੇਗਾ। ਇਹ ਡੰਨ ਵਜੋਂ ਅਨੁਬੰਧ ਹੈ ਅਤੇ ਭੰਗ ਦੀ ਸੂਰਤ ਵਿੱਚ ਅ ਕੇਵਲ ਵਾਜਬੀ ਮੁਆਵਜ਼ਾ ਲੈਣ ਦਾ ਹੀ ਹੱਕਦਾਰ ਹੈ।

(ਕ) ਅ ਨੂੰ ੳ 1,000 ਰੁਪਏ ਦਾ ਕਰਜ਼ਾ ਪੰਜ ਬਰਾਬਰ ਮਾਸਕ ਕਿਸਤਾਂ ਵਿੱਚ ਮੁੜ-ਅਦਾ ਕਰਨ ਦਾ, ਇਸ ਅਨੁਬੰਧ ਨਾਲ ਜ਼ਿੰਮਾਂ ਲੈਂਦਾ ਹੈ ਕਿ ਕਿਸੇ ਕਿਸ਼ਤ ਦੀ ਅਦਾਇਗੀ ਕਰਨ ਵਿਚ ਕੋਤਾਹੀ ਹੋਣ ਤੇ ਸਾਰੀ ਰਕਮ ਦੇਣਯੋਗ ਹੋ ਜਾਵੇਗੀ। ਇਹ ਅਨੁਬੰਧ ਡੰਨ ਵਜੋਂ ਨਹੀਂ ਹੈ, ਅਤੇ ਮੁਆਇਦਾ ਉਸਦੇ ਨਿਬੰਧਨਾ ਦੇ ਅਨੁਸਾਰ ਨਾਫ਼ਜ ਕਰਵਾਇਆ ਜਾ ਸਕੇਗਾ।

(ਖ) ਅ ਤੋਂ ੳ 100 ਰੁਪਏ ਉਧਾਰ ਲੈਂਦਾ ਹੈ ਅਤੇ 200 ਰੁਪਏ ਦਾ ਬੌਂਡ 40 ਰੁਪਏ ਦੀਆਂ ਪੰਜ ਸਾਲਾਨਾ ਕਿਸਤਾਂ ਵਿਚ ਮੁੜ-ਅਦਾ ਕਰਨਯੋਗ, ਇਸ ਅਨੁਬੰਧ ਨਾਲ ਲਿਖ ਦਿੰਦਾ ਹੈ ਕਿ ਕਿਸੇ ਵੀ ਕਿਸ਼ਤ ਦੀ ਅਦਾਇਗੀ ਕਰਨ ਵਿੱਚ ਕੋਤਾਹੀ ਹੋਣ ਤੇ ਸਾਰੀ ਰਕਮ ਦੇਣਯੋਗ ਹੋ ਜਾਵੇਗੀ। ਇਹ ਅਨੁਬੰਧ ਡੰਨ ਵਜੋਂ ਅਨੁਬੰਧ ਹੈ।

ਮੁਆਇਦੇ ਨੂੰ ਅਧਿਕਾਰ-ਪੂਰਬਕ ਵਿਖੰਡਤ ਕਰਨ ਵਾਲੀ ਧਿਰ ਮੁਆਵਜ਼ੇ ਦੀ ਹੱਕਦਾਰ ਹੈ ।

75. ਉਹ ਵਿਅਕਤੀ, ਜਿਹੜਾ ਮੁਆਇਦੇ ਦਾ ਅਧਿਕਾਰ-ਪੂਰਬਕ ਵਿਖੰਡਨ ਕਰਦਾ ਹੈ, ਅਜਿਹੇ ਨੁਕਸਾਨ ਲਈ ਮੁਆਵਜ਼ਾ ਲੈਣ ਦਾ ਹੱਕਦਾਰ ਹੈ ਜੋ ਉਸਨੇ ਉਸ ਮੁਆਇਦੇ ਦੀ ਅਪੂਰਤੀ ਰਾਹੀਂ ਉਠਾਇਆ ਹੈ।

**ਦ੍ਰਿਸ਼ਟਾਂਤ**

ੳ, ਇੱਕ ਗਾਇਕਾ, ਇੱਕ ਥੀਏਟਰ ਦੇ ਪ੍ਰਬੰਧਕ ਅ ਨਾਲ ਅਗਲੇ ਦੋ ਮਹੀਨਿਆਂ ਦੇ ਦੌਰਾਨ ਹਰੇਕ ਹਫਤੇ ਵਿੱਚ ਦੋ ਰਾਤਾਂ ਉਸਦੇ ਥੀਏਟਰ ਵਿੱਚ ਗਾਉਣ ਦਾ ਮੁਆਇਦਾ ਕਰਦੀ ਹੈ, ਅਤੇ ਅ ਉਸਨੂੰ ਹਰੇਕ ਰਾਤ ਦੇ ਗਾਉਣ ਲਈ 100 ਰੁਪਿਆ ਦੇਣ ਲਈ ਬਚਨਬੱਧ ਹੁੰਦਾ ਹੈ। ਛੇਵੀਂ ਰਾਤ ਨੂੰ ੳ ਉਸ ਥੀਏਟਰ ਤੋਂ ਜਾਣ-ਬੁਝ ਕੇ ਗ਼ੈਰ-ਹਾਜ਼ਰ ਰਹਿੰਦੀ ਹੈ, ਅਤੇ ਪਰਿਣਾਮ ਵਜੋਂ ਅ ਉਹ ਮੁਆਇਦਾ ਵਿਖੰਡਤ ਕਰ ਦਿੰਦਾ ਹੈ। ਅ ਉਸ ਨਕਸਾਨ ਲਈ ਮੁਆਵਜ਼ੇ ਦਾ ਦਾਅਵਾ ਕਰਨ ਦਾ ਹੱਕਦਾਰ ਹੈ ਜੋ ਉਸਨੇ ਉਸ ਮੁਆਇਦੇ ਦੀ ਅਪੂਰਤੀ ਰਾਹੀਂ ਉਠਾਇਆ ਹੈ।

## ਅਧਿਆਏ VII
## ਮਾਲ ਦੀ ਵਿਕਰੀ

ਭਾਰਤੀ ਮਾਲ ਵਿਕਰੀ ਐਕਟ, 1930 (1930 ਦਾ 3) ਦੀ ਧਾਰਾ 65 ਦੁਆਰਾ ਨਿਰਸਤ।

## ਅਧਿਆਏ VIII
## ਹਾਨ-ਪੂਰਤੀ ਅਤੇ ਗਰੰਟੀ ਬਾਰੇ

''ਹਾਨ- ਪੂਰਤੀ ਦੇ ਮੁਆਇਦੇ'' ਦੀ ਪਰਿਭਾਸ਼ਾ ।

124. ਕੋਈ ਮੁਆਇਦਾ, ਜਿਸ ਦੁਆਰਾ ਇੱਕ ਧਿਰ ਦੂਜੀ ਧਿਰ ਨੂੰ, ਬਚਨਕਾਰ ਦੇ ਆਪਣੇ ਆਚਰਨ ਦੁਆਰਾ, ਜਾਂ ਕਿਸੇ ਹੋਰ ਵਿਅਕਤੀ ਦੇ ਆਚਰਨ ਦੁਆਰਾ ਹੋਏ ਹਾਨ ਤੋਂ ਬਚਾਉਣ ਦਾ ਬਚਨ ਦਿੰਦੀ ਹੈ, ''ਹਾਨ-ਪੂਰਤੀ ਦਾ ਮੁਆਇਦਾ'' ਕਹਾਉਂਦਾ ਹੈ।

### ਦ੍ਰਿਸ਼ਟਾਂਤ

ੳ ਕਿਸੇ ਅਜਿਹੀ ਕਾਰਵਾਈ ਦੇ ਪਰਿਣਾਮ ਲਈ, ਜਿਹੜੀ ੲ 200 ਰੁਪਏ ਦੀ ਇੱਕ ਨਿਸਚਿਤ ਰਕਮ ਦੇ ਸੰਬੰਧ ਵਿਚ ਅ ਦੇ ਵਿਰੁੱਧ ਚਲਾਵੇ,ਅ ਦੀ ਹਾਨ-ਪੂਰਤੀ ਕਰਨ ਦਾ ਮੁਆਇਦਾ ਕਰਦਾ ਹੈ। ਇਹ ਹਾਨ-ਪੂਰਤੀ ਦਾ ਮੁਆਇਦਾ ਹੈ।

ਹਾਨ-ਪੂਰਤੀ ਧਾਰਕ ਦੇ ਅਧਿਕਾਰ ਜਦ ਉਸਤੇ ਦਾਵਾ ਕੀਤਾ ਜਾਵੇ ।

125. ਹਾਨ-ਪੂਰਤੀ ਦੇ ਮੁਆਇਦੇ ਦਾ ਬਚਨਦਾਰ, ਆਪਣੀ ਸੱਤਾ ਦੇ ਖੇਤਰ ਅੰਦਰ ਕਾਰਜ ਕਰਦਾ ਹੋਇਆ, ਬਚਨਕਾਰ ਤੋਂ ਹੇਠ-ਲਿਖੀਆਂ ਰਕਮਾਂ ਵਸੂਲ ਕਰਨ ਦਾ ਹੱਕਦਾਰ ਹੈ–

(1) ਉਹ ਸਭ ਹਰਜਾਨਾ, ਜੋ ਅਦਾ ਕਰਨ ਲਈ ਉਹ ਕਿਸੇ ਅਜਿਹੇ ਦਾਵੇ ਵਿੱਚ ਮਜਬੂਰ ਕੀਤਾ ਜਾਵੇ, ਜੋ ਕਿਸੇ ਅਜਿਹੇ ਮਾਮਲੇ ਬਾਰੇ ਹੈ, ਜਿਸ ਨੂੰ ਹਾਨ-ਪੂਰਤੀ ਦਾ ਉਹ ਬਚਨ ਲਾਗੂ ਹੁੰਦਾ ਹੈ ;

(2) ਉਹ ਸਭ ਖ਼ਰਚਾ, ਜੋ ਅਜਿਹਾ ਕੋਈ ਦਾਵਾ ਕਰਨ ਜਾਂ ਉਸਦੀ ਜਵਾਬਦਿਹੀ ਕਰਨ ਵਿੱਚ ਅਦਾ ਕਰਨ ਲਈ ਉਸ ਨੂੰ ਮਜਬੂਰ ਕੀਤਾ ਜਾਵੇ, ਜੇ ਉਸਨੇ ਬਚਨਕਾਰ ਦੇ ਹੁਕਮਾਂ ਦੀ ਉਲੰਘਣਾ ਨ ਕੀਤੀ ਹੋਵੇ ਅਤੇ ਉਸੇ ਤਰ੍ਹਾਂ ਹੀ ਕਾਰਜ ਕੀਤਾ ਹੋਵੇ ਜਿਸ ਤਰ੍ਹਾਂ ਕਾਰਜ ਕਰਨਾ ਹਾਨ-ਪੂਰਤੀ ਦਾ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿੱਚ ਉਸਦੇ ਲਈ ਸਿਆਣਪ ਵਾਲਾ ਹੁੰਦਾ, ਜਾਂ ਜੇ ਬਚਨਕਾਰ ਨੇ ਉਹ ਦਾਵਾ ਕਰਨ ਜਾਂ ਉਸ ਦੀ ਜਵਾਬਦਿਹੀ ਕਰਨ ਲਈ ਉਸਨੂੰ ਅਖ਼ਤਿਆਰਤ ਕੀਤਾ ਹੋਵੇ ;

(3) ਉਹ ਸਭ ਰਕਮਾਂ ਜਿਹੜੀਆਂ ਉਸ ਨੇ ਕਿਸੇ ਅਜਿਹੇ ਦਾਵੇ ਵਿੱਚ ਕਿਸੇ ਰਾਜੀਨਾਮੇ ਦੇ ਨਿਬੰਧਨਾਂ ਅਧੀਨ ਅਦਾ ਕੀਤੀਆਂ ਹੋਣ, ਜੇ ਉਹ ਸਮਝੌਤਾ ਬਚਨਕਾਰ ਦੇ ਹੁਕਮਾਂ ਦੇ ਉਲਟ ਨਹੀਂ ਸੀ ਅਤੇ ਅਜਿਹਾ ਸੀ ਜੋ ਹਾਨ-ਪੂਰਤੀ ਦਾ ਮੁਆਇਦਾ ਨ ਹੋਣ ਦੀ ਸੂਰਤ ਵਿਚ ਬਚਨਦਾਰ ਲਈ ਕਰਨਾ ਸਿਆਣਪ ਵਾਲਾ ਹੁੰਦਾ, ਜਾਂ ਜੇ ਬਚਨਕਾਰ ਨੇ ਉਸ ਦਾਵੇ ਦਾ ਰਾਜੀਨਾਮਾ ਕਰਨ ਲਈ ਉਸ ਨੂੰ ਅਖ਼ਤਿਆਰਤ ਕੀਤਾ ਸੀ।

''ਗਰੰਟੀ ਦਾ ਮੁਆਇਦਾ'', ''ਜ਼ਾਮਨ'', ''ਮੂਲ ਰਿਣੀ'' ਅਤੇ ''ਲੈਣਦਾਰ''।

126. ''ਗਾਰੰਟੀ ਦਾ ਮੁਆਇਦਾ'', ਕਿਸੇ ਅਨਯ ਵਿਅਕਤੀ ਦਾ, ਉਸ ਦੀ ਕੋਤਾਹੀ ਦੀ ਸੂਰਤ ਵਿਚ, ਬਚਨ ਪਾਲਣ, ਜਾਂ ਉੱਤਰਦਾਇਤਾ ਦੇ ਨਿਭਾਉਣ ਦਾ ਮੁਆਇਦਾ ਹੈ। ਉਹ ਵਿਅਕਤੀ ਜਿਹੜਾ ਗਾਰੰਟੀ ਦਿੰਦਾ ਹੈ ''ਜ਼ਾਮਨ'' ਕਹਾਉਂਦਾ ਹੈ ; ਉਹ ਵਿਅਕਤੀ ਜਿਸਦੀ ਕੋਤਾਹੀ ਦੇ ਬਾਰੇ ਵਿਚ ਗਰੰਟੀ ਦਿੱਤੀ ਜਾਂਦੀ ਹੈ ''ਮੂਲ-ਰਿਣੀ'' ਕਹਾਉਂਦਾ ਹੈ, ਅਤੇ ਉਹ ਵਿਅਕਤੀ ਜਿਸਨੂੰ ਗਰੰਟੀ ਦਿੱਤੀ ਜਾਂਦੀ ਹੈ '' ਲੈਣਦਾਰ''ਕਹਾਉਂਦਾ ਹੈ। ਗਰੰਟੀ ਜਾਂ ਤਾਂ ਜ਼ਬਾਨੀ ਜਾਂ ਲਿਖਤੀ ਹੋ ਸਕੇਗੀ।

ਗਰੰਟੀ ਲਈ ਬਦਲ ।

127. ਮੂਲ-ਰਿਣੀ ਦੇ ਫ਼ਾਇਦੇ ਲਈ ਕੀਤੀ ਗਈ ਕੋਈ ਗੱਲ ਜਾਂ ਦਿੱਤਾ ਗਿਆ ਕੋਈ ਬਚਨ,ਜ਼ਾਮਨ ਦੁਆਰਾ ਗਰੰਟੀ ਦਿੱਤੇ ਜਾਣ ਲਈ ਕਾਫ਼ੀ ਬਦਲ ਹੋ ਸਕੇਗਾ।

**ਦ੍ਰਿਸ਼ਟਾਂਤ**

(ੳ) ੳ ਨੂੰ ਅ ਬੇਨਤੀ ਕਰਦਾ ਹੈ ਕਿ ਉਹ ਉਸਨੂੰ ਮਾਲ ਉਧਾਰ ਵੇਚੇ ਅਤੇ ਹਵਾਲੇ ਕਰੇ। ੳ ਅਜਿਹਾ ਕਰਨ ਲਈ ਇਸ ਸ਼ਰਤ ਤੇ ਸਹਿਮਤ ਹੋ ਜਾਂਦਾ ਹੈ ਕਿ ੲ ਮਾਲ ਦੀ ਕੀਮਤ ਦੀ ਅਦਾਇਗੀ ਦੀ ਗਰੰਟੀ ਦੇਵੇ। ੳ ਦੇ ਮਾਲ ਹਵਾਲੇ ਕਰਨ ਦੇ ਬਦਲ ਵਿੱਚ ੲ ਅਦਾਇਗੀ ਲਈ ਗਰੰਟੀ ਦਾ ਬਚਨ ਦਿੰਦਾ ਹੈ। ਇਹ ੲ ਦੇ ਬਚਨ ਲਈ ਕਾਫ਼ੀ ਬਦਲ ਹੈ।

(ਅ) ਅ ਨੂੰ ੳ ਮਾਲ ਵੇਚਦਾ ਅਤੇ ਹਵਾਲੇ ਕਰਦਾ ਹੈ। ਬਾਦ ਵਿੱਚ ੳ ਨੂੰ ੲ ਰਿਣ ਦੇ ਲਈ ਅ ਤੇ ਇੱਕ ਸਾਲ ਦਾਵਾ ਨ ਕਰਨ ਲਈ ਬੇਨਤੀ ਕਰਦਾ ਹੈ, ਅਤੇ ਬਚਨ ਦਿੰਦਾ ਹੈ ਕਿ ਜੇ ਉਹ ਅਜਿਹਾ ਕਰੇਗਾ ਤਾਂ, ਅ ਦੁਆਰਾ ਅਦਾਇਗੀ ਵਿੱਚ ਕੋਤਾਹੀ ਹੋਣ ਤੇ ੲ ਉਸ ਮਾਲ ਲਈ ਅਦਾਇਗੀ ਕਰੇਗਾ। ੳ ਬੇਨਤੀ ਅਨੁਸਾਰ ਅਜਿਹਾ ਕਰਨ ਲਈ ਸਹਿਮਤ ਹੋ ਜਾਂਦਾ ਹੈ। ਇਹ ੲ ਦੇ ਬਚਨ ਲਈ ਕਾਫ਼ੀ ਬਦਲ ਹੈ।

(ੲ) ਅ ਨੂੰ ੳ ਮਾਲ ਵੇਚਦਾ ਅਤੇ ਹਵਾਲੇ ਕਰਦਾ ਹੈ। ਬਾਦ ਵਿੱਚ ੲ, ਬਦਲ ਤੋਂ ਬਿਨਾਂ, ਕਰਾਰ ਕਰਦਾ ਹੈ ਕਿ ਅ ਵੱਲੋਂ ਕੋਤਾਹੀ ਹੋਣ ਤੇ ਉਹ ਮਾਲ ਲਈ ਅਦਾਇਗੀ ਕਰੇਗਾ, ਕਰਾਰ ਸੁੰਨ ਹੈ।

128. ਜ਼ਾਮਨ ਦੀ ਉੱਤਰਦਾਇਤਾ ਮੂਲ-ਰਿਣੀ ਦੀ ਉੱਤਰਦਾਇਤਾ ਦੇ ਸਮ-ਵਿਸਤਰਿਤ ਹੈ, ਜੇਕਰ ਮੁਆਇਦੇ ਦੁਆਰਾ ਹੋਰਵੇਂ ਉਪਬੰਧਤ ਨ ਹੋਵੇ। ਜ਼ਾਮਨ ਦੀ ਉੱਤਰਦਾਇਤਾ।

**ਦ੍ਰਿਸ਼ਟਾਂਤ**

ਅ ਨੂੰ, ਇੱਕ ਵਟਾਂਦਰਾ-ਬਿਲ ਦੇ ਸਵੀਕਾਰਕ, ੲ ਦੁਆਰਾ, ਅਦਾਇਗੀ ਦੀ ਗਰੰਟੀ ਦਿੰਦਾ ਹੈ। ਵਟਾਂਦਰਾ ਬਿਲ ੲ ਦੁਆਰਾ ਅਸਵੀਕਾਰਿਆ ਜਾਂਦਾ ਹੈ। ੳ ਨ ਕੇਵਲ ਉਸ ਵਟਾਂਦਰਾ-ਬਿਲ ਦੀ ਰਕਮ ਲਈ, ਸਗੋਂ ਉਸ ਵਿਆਜ ਅਤੇ ਉਨ੍ਹਾਂ ਖ਼ਰਚਾਂ ਲਈ ਵੀ ਉੱਤਰਦਾਈ ਹੈ, ਜਿਹੜੇ ਉਸ ਤੇ ਦੇਣਯੋਗ ਹੋ ਗਏ ਹੋਣ।

129. ਉਹ ਗਰੰਟੀ, ਜਿਸ ਦਾ ਵਿਸਤਾਰ ਵਿਹਾਰਾਂ ਦੀ ਕਿਸੇ ਲੜੀ ਤੱਕ ਹੁੰਦਾ ਹੈ, ''ਚਲੰਤ ਗਰੰਟੀ'' ਕਹਾਉਂਦੀ ਹੈ। ''ਚਲੰਤ ਗਰੰਟੀ''।

**ਦ੍ਰਿਸ਼ਟਾਂਤ**

(ੳ) ੳ, ਇਸ ਗੱਲ ਦੇ ਬਦਲ ਵਿੱਚ ਕਿ ੲ ਨੂੰ ਅ ਆਪਣੀ ਜ਼ਮੀਨਦਾਰੀ ਵਿੱਚ ਲਗਾਨ ਉਗਰਾਹੁਣ ਲਈ ਨਿਯੋਜਤ ਕਰੇਗਾ, ੲ ਦੁਆਰਾ ਉਸ ਲਗਾਨ ਦੀ ਠੀਕ ਉਗਰਾਹੀ ਅਤੇ ਅਦਾਇਗੀ ਲਈ 5,000 ਰੁਪਏ ਦੀ ਰਕਮ ਤੱਕ ਜ਼ਿੰਮੇਵਾਰ ਹੋਣ ਦਾ ਅ ਨੂੰ ਬਚਨ ਦਿੰਦਾ ਹੈ। ਇਹ ਚਲੰਤ ਗਰੰਟੀ ਹੈ।

(ਅ) ੳ ਇੱਕ ਚਾਹ ਦੇ ਵਪਾਰੀ, ਅ ਨੂੰ, ਉਸ ਚਾਹ ਦੇ ਲਈ, ਜਿਹੜੀ ਉਹ ਸਮੇਂ ਸਮੇਂ ਤੇ 'ੲ' ਨੂੰ ਸਪਲਾਈ ਕਰੇ, 100 ਪੌਂਡ ਤੱਕ ਦੀ ਰਕਮ ਦੀ ਅਦਾਇਗੀ ਕਰਨ ਦੀ ਗਰੰਟੀ ਦਿੰਦਾ ਹੈ। ੲ ਨੂੰ ਅ 100 ਪੌਂਡ ਤੋਂ ਵੱਧ ਮੁੱਲ ਦੀ ਚਾਹ ਸਪਲਾਈ ਕਰਦਾ ਹੈ ਅਤੇ ੲ ਉਸ ਦੇ ਲਈ ਅ ਨੂੰ ਅਦਾਇਗੀ ਕਰ ਦਿੰਦਾ ਹੈ। ਬਾਦ ਵਿੱਚ ੲ ਨੂੰ ਅ 200 ਪੌਂਡ ਦੀ ਮੁੱਲ ਦੀ ਚਾਹ ਸਪਲਾਈ ਕਰਦਾ ਹੈ। ੲ ਅਦਾਇਗੀ ਕਰਨ ਵਿੱਚ ਅਸਫਲ ਰਹਿੰਦਾ ਹੈ। ੳ ਦੁਆਰਾ ਦਿੱਤੀ ਗਈ ਗਰੰਟੀ ਚਲੰਤ ਗਰੰਟੀ ਸੀ, ਅਤੇ ਉਸ ਅਨੁਸਾਰ ਉਹ ਅ ਨੂੰ 100 ਪੌਂਡ ਤੱਕ ਉੱਤਰਦਾਈ ਹੈ।

(ਏ) ਅ ਦੁਆਰਾ ਏ ਦੇ ਹਵਾਲੇ ਕੀਤੀਆਂ ਜਾਣ ਵਾਲੀਆਂ ਆਟੇ ਦੀਆਂ ਪੰਜ ਬੋਰੀਆਂ ਦੀ ਕੀਮਤ ਦੀ ਅਦਾਇਗੀ ਦੀ, ਜਿਹੜੀ ਇੱਕ ਮਹੀਨੇ ਵਿੱਚ ਕੀਤੀ ਜਾਣੀ ਹੈ, ਅ ਨੂੰ ੳ ਗਰੰਟੀ ਦਿੰਦਾ ਹੈ। ਏ ਨੂੰ ਅ ਪੰਜ ਬੋਰੀਆਂ ਹਵਾਲੇ ਕਰਦਾ ਹੈ। ਏ ਉਨਾਂ ਲਈ ਅਦਾਇਗੀ ਕਰ ਦਿੰਦਾ ਹੈ । ਬਾਦ ਵਿੱਚ ਅ ਚਾਰ ਬੋਰੀਆਂ ਏ ਦੇ ਹਵਾਲੇ ਕਰਦਾ ਹੈ, ਜਿਨਾਂ ਲਈ ਏ ਅਦਾਇਗੀ ਨਹੀਂ ਕਰਦਾ। ੳ ਦੁਆਰਾ ਦਿੱਤੀ ਗਈ ਗਰੰਟੀ ਚਲੰਤ ਗਰੰਟੀ ਨਹੀਂ ਸੀ, ਅਤੇ ਇਸ ਲਈ ਉਹ ਉਨ੍ਹਾਂ ਚਾਰ ਬੋਰੀਆਂ ਦੀ ਕੀਮਤ ਲਈ ਉੱਤਰਦਾਈ ਨਹੀਂ ਹੈ।

ਚਲੰਤ ਗਰੰਟੀ ਦਾ ਪਰਤਾਉਣਾ ।

130. ਚਲੰਤ ਗਰੰਟੀ, ਭਵਿਖਤ ਵਿਹਾਰਾਂ ਬਾਬਤ, ਲੈਣਦਾਰ ਨੂੰ ਸੂਚਨਾ ਦੇਣ ਦੁਆਰਾ, ਜ਼ਾਮਨ ਕਿਸੇ ਵੀ ਸਮੇਂ ਪਰਤਾ ਸਕੇਗਾ।

**ਦ੍ਰਿਸ਼ਟਾਂਤ**

(ੳ) ਅਜਿਹੇ ਵਟਾਂਦਰਾ-ਬਿਲਾਂ ਨੂੰ, ਜੋ ਏ ਦੇ ਪੱਖ ਵਿੱਚ ਹੋਣ, ੳ ਦੀ ਬੇਨਤੀ ਤੇ , ਅ ਦੁਆਰਾ ਮਿਤੀ-ਕਾਟੇ ਤੇ ਅਦਾਇਗੀ ਦੇ ਬਦਲ ਵਿੱਚ, ਅ ਨੂੰ ੳ ਅਜਿਹੇ ਸਭ ਵਟਾਂਦਰਾ-ਬਿਲਾਂ ਤੇ, 5,000 ਰੁਪਏ ਦੀ ਹੱਦ ਤੱਕ ਦੀ ਠੀਕ ਅਦਾਇਗੀ ਦੀ ਬਾਰਾਂ ਮਹੀਨਿਆਂ ਲਈ ਗਰੰਟੀ ਦਿੰਦਾ ਹੈ। 2,000 ਰੁਪਏ ਤੱਕ ਦੇ ਅਜਿਹੇ ਵਟਾਂਦਰਾ-ਬਿਲਾਂ ਦੀ, ਜੋ ਏ ਦੇ ਪੱਖ ਵਿੱਚ ਹਨ, 'ਅ' ਮਿਤੀ-ਕਾਟੇ ਤੇ ਅਦਾਇਗੀ ਕਰਦਾ ਹੈ। ਬਾਦ ਵਿੱਚ, ਤਿੰਨ ਮਹੀਨਿਆਂ ਦੇ ਅੰਤ ਤੇ, ੳ ਉਹ ਗਰੰਟੀ ਪਰਤਾ ਲੈਂਦਾ ਹੈ। ਇਹ ਪਰਤਾਉਣ ੳ ਨੂੰ ਅ ਪ੍ਰਤਿ ਕਿਸੇ ਵੀ ਪਿੱਛੋਂ ਦੀ ਮਿਤੀ-ਕਾਟੇ ਤੇ ਅਦਾਇਗੀ ਦੇ ਲਈ ਸਾਰੀ ਉੱਤਰਦਾਇਤਾ ਤੋਂ ਮੁਕਤ ਕਰ ਦਿੰਦਾ ਹੈ। ਪਰ ਏ ਦੇ ਕੋਤਾਹੀ ਤੇ, ੳ ਉਸ 2,000 ਰਪੁਏ ਲਈ 'ਅ' ਨੂੰ ਉੱਤਰਦਾਈ ਹੈ।

(ਅ) 'ਅ' ਨੂੰ 'ੳ' 10,000 ਰੁਪਏ ਤੱਕ ਦੀ ਇਹ ਗਰੰਟੀ ਦਿੰਦਾ ਹੈ ਕਿ 'ੲ' ਉਨ੍ਹਾਂ ਸਭ ਵਟਾਂਦਰਾ- ਬਿਲਾਂ ਦੀ ਅਦਾਇਗੀ ਕਰੇਗਾ ਜਿਹੜੇ 'ਅ' ਉਸ ਦੇ ਨਾਂ ਲਿਖੇਗਾ। 'ੲ' ਦੇ ਨਾਂ 'ਅ' ਵਟਾਂਦਰਾ-ਬਿਲ ਲਿਖਦਾ ਹੈ। 'ੲ' ਉਹ ਵਟਾਂਦਰਾ-ਬਿਲ ਸਵੀਕਾਰ ਕਰਦਾ ਹੈ। ੳ ਪਰਤਾਉਣ ਦੀ ਸੂਚਨਾ ਦਿੰਦਾ ਹੈ। ੲ ਵਟਾਂਦਰਾ-ਬਿਲ ਨੂੰ ਉਸ ਦੇ ਪਰੱਪਕ ਹੋਣ ਤੇ ਅਣਆਦਰਦਾ ਹੈ। ੳ ਆਪਣੀ ਗਰੰਟੀ ਤੇ ਉੱਤਰਦਾਈ ਹੈ।

ਜ਼ਾਮਨ ਦੀ ਮੌਤ ਦੁਆਰਾ ਚਲੰਤ ਗਰੰਟੀ ਦਾ ਪਰਤਾਉਣ ।

131. ਇਸ ਦੇ ਉਲਟ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿੱਚ ਜ਼ਾਮਨ ਦੀ ਮੌਤ,ਭਵਿਖਤ ਵਿਹਾਰਾਂ ਦੀ ਬਾਬਤ, ਚਲੰਤ-ਗਰੰਟੀ ਦੇ ਪਰਤਾਉਣ ਵਜੋਂ ਅਮਲ ਵਿੱਚ ਆਉਂਦੀ ਹੈ।

ਮੁੱਖ ਰੂਪ ਵਿੱਚ ਉੱਤਰਦਾਈ ਦੋ ਵਿਅਕਤੀਆਂ ਦੀ ਉੱਤਰਦਾਇਤਾ ਤੇ, ਉਨ੍ਹਾਂ ਵਿਚਕਾਰ ਇਸ ਫ਼ੈਸਲੇ ਦੁਆਰਾ ਪ੍ਰਭਾਵ ਨਹੀਂ ਪੈਂਦਾ, ਕਿ ਉਨ੍ਹਾਂ ਵਿੱਚੋਂ ਇੱਕ ਦੀ ਕੋਤਾਹੀ ਤੇ ਦੂਜਾ ਜ਼ਾਮਨ ਹੋਵੇਗਾ ।

132. ਜਿੱਥੇ ਦੋ ਵਿਅਕਤੀ ਕੋਈ ਉੱਤਰਦਾਇਤਾ ਆਪਣੇ ਜ਼ਿੰਮੇ ਲੈਣ ਦਾ ਕਿਸੇ ਅਨਯ ਵਿਅਕਤੀ ਨਾਲ ਮੁਆਇਦਾ ਕਰਦੇ ਹਨ, ਅਤੇ ਇੱਕ ਦੂਜੇ ਨਾਲ ਵੀ , ਉਹ ਅਨਯ ਵਿਅਕਤੀ ਅਜਿਹੇ ਮੁਆਇਦੇ ਦੀ ਧਿਰ ਨ ਹੁੰਦੇ ਹੋਏ ਇਹ ਮੁਆਇਦਾ ਕਰਦੇ ਹਨ ਕਿ ਉਨ੍ਹਾਂ ਵਿੱਚ ਇੱਕ ਕੇਵਲ ਦੂਜੇ ਦੀ ਕੋਤਾਹੀ ਤੇ ਹੀ ਉੱਤਰਦਾਈ ਹੋਵੇਗਾ, ਉਥੇ ਅਜਿਹੇ ਦੋਹਾਂ ਵਿਅਕਤੀਆਂ ਵਿੱਚੋਂ ਹਰਿਕ ਦੀ ਪਹਿਲੇ ਮੁਆਇਦੇ ਅਧੀਨ ਉਸ ਅਨਯ ਵਿਅਕਤੀ ਪ੍ਰਤਿ ਉੱਤਰਦਾਇਤਾ ਤੇ, ਦੂਜੇ ਮੁਆਇਦੇ ਹੀ ਹੋਂਦ ਦਾ ਪ੍ਰਭਾਵ ਨਹੀਂ ਪੈਂਦਾ, ਭਾਵੇਂ ਉਸ ਅਨਯ ਵਿਅਕਤੀ ਨੂੰ ਉਸ ਦੀ ਹੋਂਦ ਦੀ ਜਾਣਕਾਰੀ ਰਹੀ ਹੋਵੇ।

### ਦ੍ਰਿਸ਼ਟਾਂਤ

ੳ ਅਤੇ ਅ ਇੱਕ ਸੰਯੁਕਤ ਅਤੇ ਅੱਲਗ ਅਲੱਗ ਉੱਤਰਦਾਇਤਾ ਵਾਲੇ ਪਰੋਨੋਟ ੲ ਨੂੰ ਲਿਖ ਦਿੰਦੇ ਹਨ। ੳ ਇਸ ਨੂੰ ਵਾਸਤਵ ਵਿੱਚ ਅ ਦੇ ਜ਼ਾਮਨ ਵਜੋਂ ਲਿਖਦਾ ਹੈ, ਅਤੇ ਜਿਸ ਸਮੇਂ ਉਹ ਪਰੋਨੋਟ ਲਿਖਿਆ ਜਾਂਦਾ ਹੈ ੲ ਇਹ ਗੱਲ ਜਾਣਦਾ ਹੈ। ਇਹ ਤੱਥ, ਕਿ ੳ ਨੇ 'ੲ' ਦੇ ਗਿਆਨ ਵਿੱਚ ਉਹ ਪਰੋਨੋਟ ਅ ਦੇ ਜ਼ਾਮਨ ਵਜੋਂ ਲਿਖਿਆ ਸੀ, ਪਰੋਨੋਟ ਦੇ ਅਧਾਰ ਤੇ ੳ ਦੇ ਵਿਰੁੱਧ 'ੲ' ਦੁਆਰਾ ਕੀਤੇ ਗਏ ਦਾਵੇ ਦਾ ਕੋਈ ਉੱਤਰ ਨਹੀ ਹੈ।

133. ਜ਼ਾਮਨ ਦੀ ਸੰਮਤੀ ਤੋਂ ਬਿਨਾਂ ਮੂਲ-ਰਿਣੀ ਅਤੇ ਲੈਣਦਾਰ ਦੇ ਵਿਚਕਾਰ ਮੁਆਇਦੇ ਦੇ ਨਿੰਬਧਨਾਂ ਵਿਚ ਕੀਤੇ ਗਏ ਕਿਸੇ ਅਦਲ-ਬਦਲ ਤੋਂ, ਉਸ ਅਦਲ-ਬਦਲ ਪਿੱਛੋਂ ਦੇ ਵਿਹਾਰ ਦੇ ਬਾਰੇ ਜ਼ਾਮਨ ਨੂੰ ਮੁਕਤ ਕਰ ਦਿੰਦਾ ਹੈ। ਮੁਆਇਦੇ ਦੇ ਨਿਬੰਧਨਾਂ ਵਿੱਚ ਅਦਲ-ਬਦਲ ਦੁਆਰਾ ਜ਼ਾਮਨ ਦਾ ਮੁਕਤ ਹੋਣਾ।

### ਦ੍ਰਿਸ਼ਟਾਂਤ

(ੳ) ੲ ਦੇ ਬੈਂਕ ਵਿੱਚ ਪ੍ਰਬੰਧਕ ਵਜੋਂ ਅ ਦੇ ਆਚਰਨ ਲਈ ੲ ਕੋਲ 'ੳ' ਜ਼ਾਮਨ ਬਣਦਾ ਹੈ। ਬਾਦ ਵਿਚ, ੳ ਦੀ ਸੰਮਤੀ ਤੋਂ ਬਿਨਾਂ, ਅ ਅਤੇ ੲ ਮੁਆਇਦਾ ਕਰਦੇ ਹਨ ਕਿ ਅ ਦੀ ਤਨਖਾਹ ਵਧਾ ਦਿੱਤੀ ਜਾਵੇਗੀ ਅਤੇ ਉਹ ਓਵਰਡਰਾਫਟ ਤੋ ਹੋਏ ਹਾਨਾਂ ਲਈ ਇੱਕ-ਚੋਥਾਈ ਦਾ ਉੱਤਰਦਾਈ ਹੋਵੇਗਾ। ਅ ਇੱਕ ਗਾਹਕ ਨੂੰ ਓਵਰਡਰਾਫਟ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਬੈਂਕ ਨੂੰ ਧਨ ਦੀ ਇੱਕ ਰਕਮ ਦਾ ਹਾਨ ਹੁੰਦਾ ਹੈ। ੳ ਉਸ ਦੀ ਸੰਮਤੀ ਦੇ ਬਿਨਾਂ ਕੀਤੇ ਗਏ ਅਦਲ-ਬਦਲ ਦੇ ਕਾਰਨ ਜ਼ਾਮਨੀ ਤੋਂ ਮੁਕਤ ਹੋ ਜਾਂਦਾ ਹੈ , ਅਤੇ ਉਹ ਇਹ ਹਾਨ ਪੂਰਾ ਕਰਨ ਲਈ ਉੱਤਰਦਾਈ ਨਹੀਂ ਹੈ।

(ਅ) ੳ ਕਿਸੇ ਅਹੁਦੇ ਤੇ, ਜਿਸ ਤੇ ਅ ਨੂੰ ੲ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ ਅਤੇ ਜਿਸ ਦੇ ਕਰੱਤਵ ਵਿਧਾਨ ਮੰਡਲ ਦੇ ਇੱਕ ਐਕਟ ਦੁਆਰਾ ਪਰਿਨਿਸਚਿਤ ਹਨ, ਅ ਦੇ ਦੁਰਾਚਾਰ ਦੇ ਵਿਰੁੱਧ ੲ ਨੂੰ ਗਰੰਟੀ ਦਿੰਦਾ ਹੈ। ਇੱਕ ਉੱਤਰਵਰਤੀ ਐਕਟ ਦੁਆਰਾ ਉਸ ਅਹੁਦੇ ਦੀ ਪ੍ਰਕਿਰਤੀ ਤਤਵਿਕ ਰੂਪ ਵਿਚ ਬਦਲ ਦਿੱਤੀ ਜਾਂਦੀ ਹੈ। ਉਸ ਤੋਂ ਪਿਛੋਂ ਅ ਦੁਰਾਚਾਰ ਕਰਦਾ ਹੈ। ਇਸ ਬਦਲੀ ਕਾਰਨ ੳ ਆਪਣੀ ਗਰੰਟੀ ਅਧੀਨ ਭਵਿੱਖਤ ਉੱਤਰਦਾਇਤਾ ਤੋਂ ਮੁਕਤ ਹੋ ਜਾਂਦਾ ਹੈ, ਭਾਵੇਂ ਅ ਦਾ ਉਹ ਦੁਰਾਚਾਰ ਅਜਿਹੇ ਕਰਤੱਵ ਦੇ ਸੰਬੰਧ ਵਿਚ ਹੈ ਜਿਸ ਤੇ ਮਗਰਲੇ ਐਕਟ ਦਾ ਪ੍ਰਭਾਵ ਨਹੀਂ ਪੈਂਦਾ।

(ੲ) ਅ ਨੂੰ ੲ ਮਾਲ ਵੇਚਣ ਲਈ ਸਾਲਾਨਾ ਤਨਖ਼ਾਹ ਤੇ ਆਪਣਾ ਕਲਰਕ ਨਿਯੁਕਤ ਕਰਨ ਦਾ ਕਰਾਰ ਇਸ ਗੱਲ ਤੇ ਕਰਦਾ ਹੈ ਕਿ ਅਜਿਹੇ ਕਲਰਕ ਵਜੋਂ 'ਅ' ਦੁਆਰਾ ਪ੍ਰਾਪਤ ਧਨ ਦਾ ਠੀਕ ਤੌਰ ਤੇ ਲੇਖਾ ਦੇਣ ਲਈ 'ੲ' ਪ੍ਰਤਿ 'ੳ' ਜ਼ਾਮਨ ਬਣੇ। ਬਾਦ ਵਿੱਚ, ੳ ਦੇ ਗਿਆਨ ਜਾਂ ਸੰਮਤੀ ਤੋਂ ਬਿਨ੍ਹਾਂ, ੲ ਅਤੇ ਅ ਕਰਾਰ ਕਰਦੇ ਹਨ ਕਿ ਅ ਨੂੰ ਉਸ ਦੁਆਰਾ ਵੇਚੇ ਗਏ ਮਾਲ ਤੇ ਕਮਿਸ਼ਨ ਦੇ ਰੂਪ ਵਿਚ ਅਦਾਇਗੀ ਕੀਤੀ ਜਾਵੇ ਨ ਕਿ ਨਿਯਤ ਤਨਖ਼ਾਹ ਦੇ ਰੂਪ ਵਿਚ । ਅ ਦੇ ਉੱਤਰਵਰਤੀ ਦੁਰਾਚਾਰ ਲਈ 'ੳ' ਉੱਤਰਦਾਈ ਨਹੀਂ ਹੈ।

(ਸ) ੲ ਦੁਆਰਾ ਅ ਨੂੰ ਉਧਾਰ ਤੇ ਸਪਲਾਈ ਕੀਤੇ ਜਾਣ ਵਾਲੇ ਕਿਸੇ ਤੇਲ ਲਈ ੲ ਨੂੰ ੳ 3,000 ਰੁਪਏ ਤੱਕ ਦੀ ਚਲੰਤ ਗਰੰਟੀ ਦਿੰਦਾ ਹੈ। ਬਾਦ ਵਿਚ ਅ ਮਾਲੀ ਔਕੜ ਵਿਚ ਫਸ ਜਾਂਦਾ ਹੈ, ਅਤੇ, ੳ ਦੇ ਗਿਆਨ ਤੋਂ ਬਿਨਾਂ, ਅ ਅਤੇ ੲ ਮੁਆਇਦਾ ਕਰਦੇ ਹਨ ਕਿ ਅ ਨੂੰ ੲ ਨਕਦ ਧਨ ਤੇ ਤੇਲ ਸਪਲਾਈ ਕਰਨਾ ਜਾਰੀ ਰੱਖੇਗਾ ਅਤੇ ਅਦਾਇਗੀਆਂ ਅ ਅਤੇ ੲ ਦੇ ਵਿਚਕਾਰ ਉਸ ਸਮੇਂ ਵਰਤਮਾਨ ਰਿਣਾਂ ਲਈ ਲਾਈਆਂ ਜਾਣਗੀਆਂ। ੳ ਇਸ ਨਵੇਂ ਫ਼ੈਸਲੇ ਪਿਛੋਂ ਸਪਲਾਈ ਕੀਤੇ ਗਏ ਕਿਸੇ ਮਾਲ ਲਈ ਆਪਣੀ ਗਰੰਟੀ ਦੇ ਅਧੀਨ ਉੱਤਰਦਾਈ ਨਹੀਂ ਹੈ।

(ਹ) ਅ ਨੂੰ ਏ ਪਹਿਲੀ ਮਾਰਚ ਨੂੰ 5,000 ਰੁਪਏ ਉਧਾਰ ਦੇਣ ਦਾ ਮੁਆਇਦਾ ਕਰਦਾ ਹੈ। ਓ ਉਸ ਦੀ ਮੁੜ-ਅਦਾਇਗੀ ਦੀ ਗਰੰਟੀ ਦਿੰਦਾ ਹੈ। ਏ ਉਹ 5,000 ਰੁਪਏ ਅ ਨੂੰ ਪਹਿਲੀ ਜਨਵਰੀ ਨੂੰ ਅਦਾ ਕਰ ਦਿੰਦਾ ਹੈ। ਓ ਆਪਣੀ ਉੱਤਰਦਾਇਤਾ ਤੋਂ ਮੁਕਤ ਹੋ ਜਾਂਦਾ ਹੈ, ਕਿਉਂਕਿ ਮੁਆਇਦੇ ਵਿਚ ਇਹ ਅਦਲ-ਬਦਲ ਹੋ ਗਿਆ ਕਿ ਏ ਧਨ ਲਈ ਅ ਤੇ ਪਹਿਲੀ ਮਾਰਚ ਤੋਂ ਪਹਿਲਾਂ ਦਾਵਾ ਕਰ ਸਕਦਾ ਹੈ।

ਮੂਲ-ਰਿਣੀ ਦੇ ਛੁਟਕਾਰੇ ਜਾਂ ਮੁਕਤ ਕਰ ਦਿੱਤੇ ਜਾਣ ਦੁਆਰਾ ਜ਼ਾਮਨ ਦਾ ਮੁਕਤ ਹੋਣਾ ।

134. ਲੈਣਦਾਰ ਅਤੇ ਮੂਲ-ਰਿਣੀ ਦੇ ਵਿਚਕਾਰ ਕਿਸੇ ਅਜਿਹੇ ਮੁਆਇਦੇ ਦੁਆਰਾ, ਜਿਸ ਨਾਲ ਮੂਲ-ਰਿਣੀ ਦਾ ਛੁਟਕਾਰਾ ਹੋ ਜਾਂਦਾ ਹੈ ਜਾਂ ਲੈਣਦਾਰ ਦੇ ਕਿਸੇ ਅਜਿਹੇ ਕਾਰਜ ਜਾਂ ਉਕਾਈ ਦੁਆਰਾ, ਜਿਸਦਾ ਕਾਨੂੰਨੀ ਪਰਿਣਾਮ ਮੂਲ- ਰਿਣੀ ਨੂੰ ਮੁਕਤ ਕਰਨਾ ਹੈ, ਜ਼ਾਮਨ ਮੁਕਤ ਹੋ ਜਾਂਦਾ ਹੈ।

### ਦ੍ਰਿਸ਼ਟਾਂਤ

(ੳ) ਏ ਦੁਆਰਾ ਅ ਨੂੰ ਸਪਲਾਈ ਕੀਤੇ ਜਾਣ ਵਾਲੇ ਮਾਲ ਲਈ ਏ ਨੂੰ ਓ ਗਰੰਟੀ ਦਿੰਦਾ ਹੈ। ਅ ਨੂੰ ਏ ਮਾਲ ਸਪਲਾਈ ਕਰਦਾ ਹੈ, ਅਤੇ ਬਾਦ ਵਿਚ ਅ ਮਾਲੀ ਔਕੜ ਵਿਚ ਫਸ ਜਾਂਦਾ ਹੈ ਅਤੇ (ਏ ਸਮੇਤ) ਆਪਣੇ ਲੈਣਦਾਰਾਂ ਨਾਲ, ਉਨ੍ਹਾਂ ਦੀਆਂ ਮੰਗਾਂ ਤੋ ਉਸ ਨੂੰ ਛੁਟਕਾਰਾ ਦਿੱਤੇ ਜਾਣ ਦੇ ਬਦਲ ਵਿਚ ਉਨ੍ਹਾਂ ਨੂੰ ਆਪਣੀ ਸੰਮਤੀ ਸੌਂਪਣ ਦਾ ਮੁਆਇਦਾ ਕਰਦਾ ਹੈ। ਇਥੇ 'ਅ' ਨੂੰ ਏ ਨਾਲ ਕੀਤੇ ਮੁਆਇਦੇ ਦੁਆਰਾ ਆਪਣੇ ਰਿਣ ਤੋਂ ਛੁਟਕਾਰਾ ਮਿਲ ਜਾਂਦਾ ਹੈ, ਅਤੇ ਓ ਆਪਣੀ ਜ਼ਾਮਨੀ ਤੋਂ ਮੁਕਤ ਹੋ ਜਾਂਦਾ ਹੈ।

(ਅ) ਅ ਨਾਲ ਓ ਆਪਣੀ ਜ਼ਮੀਨ ਤੇ ਨੀਲ ਦੀ ਫ਼ਸਲ ਉਗਾਂਉਣ ਅਤੇ ਉਸ ਨੂੰ ਨਿਯਤ ਦਰ ਤੇ ਅ ਦੇ ਹਵਾਲੇ ਕਰਨ ਦਾ ਮੁਆਇਦਾ ਕਰਦਾ ਹੈ ਅਤੇ ਏ ਇਸ ਮੁਆਇਦੇ ਦਾ ਓ ਵੱਲੋਂ ਪਾਲਣ ਕੀਤੇ ਜਾਣ ਦੀ ਗਰੰਟੀ ਦਿੰਦਾ ਹੈ। ਪਾਣੀ ਦੀ ਇੱਕ ਨਦੀ ਜਿਹੜੀ ਓ ਦੀ ਜ਼ਮੀਨ ਦੀ ਸਿੰਜਾਈ ਲਈ ਜ਼ਰੂਰੀ ਹੈ, ਦਾ ਰੁਖ਼ ਮੋੜ ਦਿੰਦਾ ਹੈ ਅਤੇ ਉਸ ਦੁਆਰਾ ਉਸ ਨੂੰ ਨੀਲ ਉਗਾਉਣ ਤੋਂ ਰੋਕ ਦਿੰਦਾ ਹੈ। ਏ ਹੁਣ ਆਪਣੀ ਗਰੰਟੀ ਤੇ ਉੱਤਰਦਾਈ ਨਹੀਂ ਰਿਹਾ।

(ੲ) ਅ ਲਈ ਓ ਇੱਕ ਮਕਾਨ ਸਮੇਤ ਅਨੁਬੰਧਤ ਸਮੇਂ ਦੇ ਅੰਦਰ ਨਿਯਤ ਕੀਮਤ ਤੇ ਉਸਾਰਨ ਦਾ ਅ ਨਾਲ ਮੁਆਇਦਾ ਕਰਦਾ ਹੈ, ਜਿਸ ਦੇ ਲਈ ਜ਼ਰੂਰੀ ਇਮਾਰਤੀ ਲਕੜੀ ਅ ਸਪਲਾਈ ਕਰੇਗਾ। ਏ ਇਸ ਮੁਆਇਦੇ ਦਾ ਓ ਵੱਲੋਂ ਪਾਲਣ ਕੀਤੇ ਜਾਣ ਦੀ ਗਰੰਟੀ ਦਿੰਦਾ ਹੈ। ਇਮਾਰਤੀ ਲਕੜੀ ਸਪਲਾਈ ਕਰਨ ਵਿਚ 'ਅ' ਉਕਾਈ ਕਰਦਾ ਹੈ। 'ਏ' ਆਪਣੀ ਜ਼ਾਮਨੀ ਤੋਂ ਮੁਕਤ ਹੋ ਜਾਂਦਾ ਹੈ।

ਜ਼ਾਮਨ ਦਾ ਮੁਕਤ ਹੋਣਾ ਜਦ ਲੈਣਦਾਰ ਮੂਲ-ਰਿਣੀ ਨਾਲ ਤਸਫ਼ੀਆ ਕਰ ਲੈਂਦਾ ਹੈ, ਉਸਨੂੰ ਸਮਾਂ ਦਿੰਦਾ ਹੈ ਜਾਂ ਉਸ ਤੇ ਦਾਵਾ ਨ ਕਰਨ ਦਾ ਕਰਾਰ ਕਰਦਾ ਹੈ ।

135. ਲੈਣਦਾਰ ਅਤੇ ਮੂਲ-ਰਿਣੀ ਵਿਚਕਾਰ ਕੋਈ ਮੁਆਇਦਾ, ਜਿਸ ਦੁਆਰਾ ਲੈਣਦਾਰ ਮੂਲ-ਰਿਣੀ ਨਾਲ ਤਸਫ਼ੀਆ ਕਰਦਾ ਹੈ ਜਾਂ ਉਸ ਨੂੰ ਸਮਾਂ ਦੇਣ, ਜਾਂ ਉਸ ਤੇ ਦਾਵਾ ਨ ਕਰਨ ਦਾ ਬਚਨ ਦਿੰਦਾ ਹੈ, ਜ਼ਾਮਨ ਨੂੰ ਮੁਕਤ ਕਰ ਦਿੰਦਾ ਹੈ, ਜੇਕਰ ਜ਼ਾਮਨ ਅਜਿਹੇ ਮੁਆਇਦੇ ਲਈ ਅਨੁਮਤੀ ਨ ਦੇਵੇ।

ਜਦ ਮੂਲ ਰਿਣੀ ਨੂੰ ਸਮਾਂ ਦੇਣ ਦਾ ਕਰਾਰ ਅਨਯ ਵਿਅਕਤੀ ਨਾਲ ਕੀਤਾ ਜਾਂਦਾ ਹੈ ਤਦ ਜ਼ਾਮਨ ਮੁਕਤ ਨਹੀਂ ਹੁੰਦਾ ।

136. ਜਿੱਥੇ ਮੂਲ-ਰਿਣੀ ਨੂੰ ਸਮਾਂ ਦੇਣ ਦਾ ਮੁਆਇਦਾ ਕਿਸੇ ਲੈਣਦਾਰ ਦੁਆਰਾ ਕਿਸੇ ਅਨਯ ਵਿਅਕਤੀ ਨਾਲ, ਨ ਕਿ ਮੂਲ-ਰਿਣੀ ਨਾਲ, ਕੀਤਾ ਜਾਂਦਾ ਹੈ, ਉੱਥੇ ਜ਼ਾਮਨ ਮੁਕਤ ਨਹੀਂ ਹੁੰਦਾ ।

### ਦ੍ਰਿਸ਼ਟਾਂਤ

ਏ ਅਜਿਹੇ ਮਿਤੀ-ਬੀਤ ਵਟਾਂਦਰਾ-ਬਿਲ ਦਾ ਧਾਰਕ ਹੈ, ਜੋ ਓ ਨੇ ਅ ਦੇ ਜ਼ਾਮਨ ਵਜੋਂ ਲਿਖਿਆ

ਹੈ ਅਤੇ ਜਿਹੜਾ ਅ ਦੁਆਰਾ ਸਵੀਕਾਰ ਕੀਤਾ ਗਿਆ ਹੈ, ਅ ਨੂੰ ਏ ਸਮਾਂ ਦੇਣ ਦਾ ਮੁਆਇਦਾ ਜ ਨਾਲ ਕਰਦਾ ਹੈ। ੳ ਮੁਕਤ ਨਹੀਂ ਹੁੰਦਾ ।

137. ਲੈਣਦਾਰ ਦਾ ਮੂਲ-ਰਿਣੀ ਤੇ ਕੇਵਲ ਦਾਵਾ ਨ ਕਰਨਾ ਜਾਂ ਉਸ ਦੇ ਵਿਰੁਧ ਕੋਈ ਹੋਰ ਚਾਰਾਜੋਈ ਨਾਫ਼ਜ ਨ ਕਰਨਾ, ਗਰੰਟੀ ਵਿੱਚ ਇਸ ਦੇ ਉਲਟ ਕੋਈ ਉਪਬੰਧ ਨ ਹੋਣ ਦੀ ਸੂਰਤ ਵਿੱਚ, ਜ਼ਾਮਨ ਨੂੰ ਮੁਕਤ ਨਹੀਂ ਕਰਦਾ। ਲੈਣਦਾਰ ਦਾ ਦਾਵਾ ਨ ਕਰਨਾ ਜ਼ਾਮਨ ਨੂੰ ਮੁਕਤ ਨਹੀਂ ਕਰਦਾ ।

### ਦ੍ਰਿਸ਼ਟਾਂਤ

ਅ ਨੇ ੳ ਦੁਆਰਾ ਗਰੰਟੀ ਕੀਤਾ ੲ ਦਾ ਇੱਕ ਰਿਣ ਦੇਣਾ ਹੈ। ਰਿਣ ਅਦਾਇਗੀਯੋਗ ਹੋ ਜਾਂਦਾ ਹੈ। ਰਿਣ ਦੇ ਅਦਾਇਗੀ ਯੋਗ ਹੋ ਜਾਣ ਪਿਛੋ ਇੱਕ ਸਾਲ ਤੱਕ ਅ ਤੇ ੲ ਦਾਵਾ ਨਹੀਂ ਕਰਦਾ। ੳ ਆਪਣੀ ਜ਼ਾਮਨੀ ਤੋਂ ਮੁਕਤ ਨਹੀਂ ਹੁੰਦਾ।

138. ਜਿੱਥੇ ਸਹਿ-ਜਾਮਨ ਹੋਣ ਉਥੇ ਲੈਣਦਾਰ ਦੁਆਰਾ ਉਨ੍ਹਾਂ ਵਿਚੋਂ ਇੱਕ ਦਾ ਛੁਟਕਾਰਾ ਹੋਰਨਾਂ ਨੂੰ ਮੁਕਤ ਨਹੀਂ ਕਰਦਾ, ਅਤੇ ਨ ਹੀ ਇਹ ਇਸ ਤਰ੍ਹਾਂ ਛੁਟਕਾਰਾ ਪਾਉਣ ਵਾਲੇ ਜ਼ਾਮਨ ਨੂੰ ਹੋਰ ਜ਼ਾਮਨਾਂ ਦੇ ਪ੍ਰਤਿ ਆਪਣੀ ਜ਼ਿੰਮੇਵਾਰੀ ਤੋਂ ਸੁਤੰਤਰ ਕਰਦਾ ਹੈ। ਇਕ ਸਹਿ-ਜ਼ਾਮਨ ਦਾ ਛੁਟਕਾਰਾ ਹੋਰਨਾਂ ਨੂੰ ਮੁਕਤ ਨਹੀਂ ਕਰਦਾ ।

139. ਜੇ ਲੈਣਦਾਰ ਕੋਈ ਅਜਿਹਾ ਕਾਰਜ ਕਰਦਾ ਹੈ, ਜਿਹੜਾ ਜ਼ਾਮਨ ਦੇ ਅਧਿਕਾਰਾਂ ਨਾਲ ਅਸੰਗਤ ਹੈ, ਜਾਂ ਕਿਸੇ ਅਜਿਹੇ ਕਾਰਜ ਨੂੰ ਕਰਨ ਵਿਚ ਉਕਾਈ ਕਰਦਾ ਹੈ, ਜਿਸ ਦਾ ਕੀਤਾ ਜਾਣਾ ਉਸ ਦਾ ਜ਼ਾਮਨ ਦੇ ਪ੍ਰਤਿ ਕਰਤੱਵ ਲੋੜੀਂਦਾ ਹੈ ਅਤੇ ਉਸ ਦੁਆਰਾ ਮੂਲ-ਰਿਣੀ ਦੇ ਵਿਰੁੱਧ ਖ਼ੁਦ ਜ਼ਾਮਨ ਦੇ ਪਰਿਣਾਮਕ ਚਾਰੇ ਨੂੰ ਜ਼ੁਹਫ਼ ਪਹੁੰਚਾਦਾ ਹੈ ਤਾ ਜ਼ਾਮਨ ਮੁਕਤ ਹੋ ਜਾਂਦਾ ਹੈ । ਲੈਣਦਾਰ ਦੇ ਕਾਰਜ ਜਾਂ ਉਕਾਈ ਦੁਆਰਾ ਜ਼ਾਮਨ ਦੇ ਪਰਿਣਾਮਕ ਦਾਵੇ ਨੂੰ ਜ਼ੁਹਫ਼ ਪਹੁੰਚਾਉਣ ਨਾਲ ਜ਼ਾਮਨ ਦਾ ਮੁਕਤ ਹੋਣਾ ।

### ਦ੍ਰਿਸ਼ਟਾਂਤ

(ੳ) ੲ ਲਈ ਅ ਇੱਕ ਨਿਸਚਿਤ ਰਕਮ ਲਈ ਇੱਕ ਸਮੁੰਦਰੀ ਜਹਾਜ਼ ਬਣਾਉਣ ਦਾ ਮੁਆਇਦਾ ਕਰਦਾ ਹੈ। ਰਕਮ ਕਿਸ਼ਤਾਂ ਵਿੱਚ ਜਿਵੇਂ ਜਿਵੇਂ ਕੰਮ ਨਿਸਚਿਤ ਪੜਾਵਾਂ ਤੇ ਪੁਜੱਣਾ ਹੈ, ਅਦਾ ਕੀਤੀ ਜਾਣੀ ਹੈ। ਅ ਦੁਆਰਾ ਮੁਆਇਦੇ ਦੇ ਠੀਕ ਪਾਲਣ ਲਈ ੲ ਕੋਲ ੳ ਜ਼ਾਮਨ ਬਣ ਜਾਂਦਾ ਹੈ। ੳ ਦੇ ਗਿਆਨ ਤੋਂ ਬਿਨਾਂ, ਅ ਨੂੰ ਆਖ਼ਰੀ ਦੋ ਕਿਸ਼ਤਾਂ ੲ ਪਹਿਲਾਂ ਅਦਾ ਕਰ ਦਿੰਦਾ ਹੈ। ਇਸ ਪੂਰਵ-ਅਦਾਇਗੀ ਦੁਆਰਾ ੳ ਮੁਕਤ ਹੋ ਜਾਂਦਾ ਹੈ।

(ਅ) ੲ ਦੇ ਪੱਖ ਵਿੱਚ ਅ ਦੁਆਰਾ, ਅਤੇ ਅ ਦੇ ਜ਼ਾਮਨ ਵੱਜੋਂ ੳ ਦੁਆਰਾ, ਲਿਖੇ ਇੱਕ ਸਯੁੰਕਤ ਅਤੇ ਅਲੱਗ ਅਲੱਗ ਉੱਤਰਦਾਇਤਾ ਵਲ ਪਰੋਨੋਟ ਦੀ ਸੀਕਿਉਰਟੀ ਤੇ, ਜਿਸ ਦੇ ਨਾਲ ਅ ਦੇ ਫ਼ਰਨੀਚਰ ਦਾ ਵਿਕਰੀ-ਅਧਿਕਾਰ ਪੱਤਰ ਵੀ ਹੈ, ਜਿਹੜਾ ੲ ਨੂੰ ਉਹ ਫ਼ਰਨੀਚਰ ਵੇਚ ਦੇਣ ਅਤੇ ਉਸ ਦੀ ਵੱਟਕ ਨੂੰ ਪਰੋਨੋਟ ਦਾ ਨਿਸਤਾਰਾ ਕਰਨ ਲਈ ਲਾਉਣ ਦੀ ਸ਼ਕਤੀ ਦਿੰਦਾ ਹੈ, ਅ ਨੂੰ ੲ ਧਨ ਉਧਾਰਾ ਦਿੰਦਾ ਹੈ। ਉਸ ਪਿੱਛੋਂ ੲ ਉਹ ਫ਼ਰਨੀਚਰ ਵੇਚ ਦਿੰਦਾ ਹੈ, ਪਰ, ਉਸ ਦੇ ਦੁਰਾਚਾਰ ਅਤੇ ਜਾਣ-ਬੁਝ ਕੇ ਕੀਤੀ ਅਣਗਹਿਲੀ ਦੇ ਕਾਰਨ ਕੇਵਲ ਥੋੜੀ ਜਿਹੀ ਕੀਮਤ ਵਸੂਲ ਹੁੰਦੀ ਹੈ। ੳ ਉਸ ਪਰੋਨੋਟ ਅਧੀਨ ਉੱਤਰਦਾਇਤਾ ਤੋਂ ਮੁਕਤ ਹੋ ਜਾਂਦਾ ਹੈ।

(ੲ) ਜ ਨੂੰ ਅ ਦੇ ਪਾਸ 'ੳ' ਸਿਖਿਆਰਥੀ ਵਜੋਂ ਰਖਵਾਉਂਦਾ ਹੈ ਅਤੇ ਅ ਨੂੰ ਜ ਦੀ ਵਫ਼ਾਦਾਰੀ ਲਈ ਗਰੰਟੀ ਦਿੰਦਾ ਹੈ। ਅ ਆਪਣੀ ਤਰਫੋਂ ਬਚਨ ਦਿੰਦਾ ਹੈ ਕਿ ਉਹ ਮਹੀਨੇ ਵਿੱਚ ਘੱਟ ਤੋਂ ਘੱਟ ਇੱਕ ਵਾਰੀ ਵੇਖੇਗਾ ਕਿ 'ਜ' ਦੀ ਰੋਕੜ ਪੂਰੀ ਹੈ। 'ਅ' ਅਜਿਹਾ ਕਰਨ ਤੋ ਉਕਾਈ

ਕਰਦਾ ਹੈ ਅਤੇ ਜ ਗ਼ਬਨ ਕਰ ਲੈਂਦਾ ਹੈ। ਆਪਣੀ ਗਰੰਟੀ ਤੇ ਅ ਨੂੰ ਉੱਤਰਦਾਈ ਨਹੀਂ ਹੈ।

ਅਦਾਇਗੀ ਜਾਂ ਪਾਲਣ ਕਰਨ ਤੇ ਜ਼ਾਮਨ ਦੇ ਅਧਿਕਾਰ ।

140. ਜਿਥੇ ਕੋਈ ਗਰੰਟੀ ਕੀਤਾ ਰਿਣ ਦੇਣਯੋਗ ਹੋ ਗਿਆ ਹੈ, ਜਾਂ ਗਰੰਟੀ ਕੀਤੇ ਕਰਤੱਵ ਦਾ ਪਾਲਣ ਕਰਨ ਵਿਚ ਮੂਲ-ਰਿਣੀ ਵਲੋਂ ਕੋਤਾਹੀ ਹੋ ਗਈ ਹੈ, ਉਥੇ ਜ਼ਾਮਨ ਦੁਆਰਾ ਉਸ ਸਭ ਦੀ ਅਦਾਇਗੀ ਜਾਂ ਪਾਲਣ ਕਰਨ ਤੇ, ਜਿਸ ਦੇ ਲਈ ਉਹ ਉੱਤਰਦਾਈ ਹੈ, ਉਹ ਸਭ ਅਧਿਕਾਰ ਜੋ ਲੈਣਦਾਰ ਨੂੰ ਮੂਲ-ਰਿਣੀ ਦੇ ਵਿਰੁੱਧ ਪ੍ਰਾਪਤ ਸਨ, ਜ਼ਾਮਨ ਵਿਚ ਨਿਹਿਤ ਹੋ ਜਾਂਦੇ ਹਨ।

ਲੈਣਦਾਰ ਦੀਆਂ ਸੀਕਿਉਰਿਟਿਆਂ ਦਾ ਫ਼ਾਇਦਾ ਉਠਾਉਣ ਦਾ ਜ਼ਾਮਨ ਦਾ ਅਧਿਕਾਰ ।

141. ਜ਼ਾਮਨ ਹਰਿਕ ਅਜਿਹੀ ਸੀਕਿਉਰਟੀ ਦੇ ਫ਼ਾਇਦੇ ਦਾ ਹੱਕਦਾਰ ਹੈ, ਜਿਹੜੀ ਲੈਣਦਾਰ ਨੂੰ ਮੂਲ-ਰਿਣੀ ਦੇ ਵਿਰੱਧ ਉਸ ਸਮੇਂ ਪ੍ਰਾਪਤ ਹੈ, ਜਦ ਜ਼ਾਮਨੀ ਦਾ ਮੁਆਇਦਾ ਕੀਤਾ ਜਾਂਦਾ ਹੈ, ਭਾਵੇਂ ਜ਼ਾਮਨ ਉਸ ਸੀਕਿਉਰਿਟੀ ਦੀ ਹੋਂਦ ਨੂੰ ਜਾਣਦਾ ਹੈ ਜਾਂ ਨਹੀ ; ਅਤੇ ਜੇ ਲੈਣਦਾਰ ਉਸ ਸੀਕਿਉਰਿਟੀ ਨੂੰ ਖੋ ਦਿੰਦਾ ਹੈ, ਜਾਂ ਜ਼ਾਮਨ ਦੀ ਸੰਪਤੀ ਦੇ ਬਿਨਾਂ ਉਸ ਨੂੰ ਛੱਡ ਦਿੰਦਾ ਹੈ ਤਾਂ ਜ਼ਾਮਨ ਉਸ ਸੀਕਿਉਰਿਟੀ ਦੇ ਮੁੱਲ ਦੀ ਹੱਦ ਤੱਕ ਮੁਕਤ ਹੋ ਜਾਂਦਾ ਹੈ।

### ਦ੍ਰਿਸ਼ਟਾਂਤ

(ੳ) ੳ ਦੀ ਗਰੰਟੀ ਤੇ ੲ ਆਪਣੇ ਕਿਰਾਏਦਾਰ ਅ ਨੂੰ 2,000 ਰੁਪਏ ਉਧਾਰ ਦਿੰਦਾ ਹੈ। ੲ ਦੇ ਪਾਸ ਉਸ 2,000 ਰੁਪਏ ਲਈ ਅ ਦੇ ਫ਼ਰਨੀਚਰ ਦੇ ਰਹਿਨ ਦੇ ਰੂਪ ਵਿੱਚ ਇੱਕ ਹੋਰ ਸੀਕਿਉਰਟੀ ਵੀ ਹੈ। ੲ ਉਸ ਰਹਿਨ ਨੂੰ ਰੱਦ ਕਰ ਦਿੰਦਾ ਹੈ। ਅ ਦਿਵਾਲੀਆ ਹੋ ਜਾਂਦਾ ਹੈ, ਅਤੇ ੳ ਦੀ ਗਰੰਟੀ ਦੇ ਅਧਾਰ ਤੇ 'ੲ' ਉਸ ਤੇ ਦਾਵਾ ਕਰਦਾ ਹੈ। ੳ ਉਸ ਫ਼ਰਨੀਚਰ ਦੇ ਮੁੱਲ ਦੀ ਰਕਮ ਤੱਕ ਉੱਤਰਦਾਈ ਹੋਣ ਤੋਂ ਮੁੱਕਤ ਹੋ ਜਾਂਦਾ ਹੈ।

(ਅ) ਇੱਕ ਲੈਣਦਾਰ ੲ ਜਿਸ ਦਾ ਅ ਨੂੰ ਦਿੱਤਾ ਉਧਾਰ,ਡਿਗਰੀ ਦੁਆਰਾ ਸੁਰੱਖਿਅਤ ਹੈ, ਉਸ ਉਧਾਰ ਲਈ ੳ ਤੋਂ ਵੀ ਗਰੰਟੀ ਪ੍ਰਾਪਤ ਕਰਦਾ ਹੈ। 'ੲ' ਬਾਦ ਵਿਚ ਅ ਦਾ ਮਾਲ ਡਿਗਰੀ ਅਧੀਨ ਇਜਰਾ ਵਿੱਚ ਲੈ ਲੈਂਦਾ ਹੈ ਅਤੇ ਤਦ, ੳ ਦੇ ਗਿਆਨ ਤੋਂ ਬਿਨਾਂ, ਉਹ ਇਜਰਾ ਵਾਪਸ ਲੈ ਲੈਂਦਾ ਹੈ। ੳ ਮੁੱਕਤ ਹੋ ਜਾਂਦਾ ਹੈ।

(ੲ) ਅ ਦੁਆਰਾ 'ੲ' ਤੋਂ ਲਿਆ ਗਿਆ ਕਰਜ਼ਾ ਸੁਰੱਖਿਅਤ ਕਰਨ ਵਾਸਤੇ, ਅ ਨਾਲ 'ੳ' ਸੰਯੁਕਤ ਤੌਰ ਤੇ ਇੱਕ ਬੌਂਡ, ਅ ਦੇ ਜ਼ਾਮਨ ਵਜੋਂ, ੲ ਨੂੰ ਲਿਖ ਦਿੰਦਾ ਹੈ। ਬਾਦ ਵਿਚ ੲ ਉਸੇ ਰਿਣ ਲਈ ਅ ਤੋਂ ਇੱਕ ਹੋਰ ਸੀਕਿਉਰਿਟੀ ਹਾਸਲ ਕਰਦਾ ਹੈ। ਉਸ ਤੋਂ ਪਿੱਛੋਂ, ੲ ਉਹ ਹੋਰ ਸੀਕਿਉਰਿਟੀ ਛੱਡ ਦਿੰਦਾ ਹੈ। ੳ ਮੁਕਤ ਨਹੀਂ ਹੁੰਦਾ।

ਗ਼ਲਤ ਦਰਸਾਵੇ ਦੁਆਰਾ ਹਾਸਲ ਕੀਤੀ ਗਰੰਟੀ ਦਾ ਨਾਜਾਇਜ਼ ਹੋਣਾ ।

142. ਕੋਈ ਵੀ ਉਹ ਗਰੰਟੀ ਨਾਜਾਇਜ ਹੈ, ਜੋ ਲੈਣਦਾਰ ਦੁਆਰਾ, ਜਾਂ ਉਸਦੇ ਗਿਆਨ ਅਤੇ ਅਨੁਮਤੀ ਨਾਲ,ਵਿਹਾਰ ਦੇ ਅਹਿਮ ਭਾਗ ਦੇ ਬਾਰੇ ਕੀਤੇ ਗਏ ਗ਼ਲਤ-ਦਰਸਾਵੇ ਦੁਆਰਾ ਹਾਸਲ ਕੀਤੀ ਗਈ ਹੈ।

ਲੁਕੋ ਦੁਆਰਾ ਹਾਸਲ ਕੀਤੀ ਗਰੰਟੀ ਦਾ ਨਾਜਾਇਜ਼ ਹੋਣਾ ।

143. ਕੋਈ ਵੀ ਉਹ ਗਰੰਟੀ ਨਾਜਾਇਜ਼ ਹੈ ਜੋ ਲੈਣਦਾਰ ਨੇ ਅਹਿਮ ਤਫ਼ਸੀਲ ਬਾਰੇ ਚੁੱਪ ਰਹਿਣ ਦੁਆਰਾ ਹਾਸਲ ਕੀਤੀ ਹੈ।

### ਦ੍ਰਿਸ਼ਟਾਂਤ

(ੳ) ੳ ਆਪਣੇ ਲਈ ਧਨ ਉਗਰਾਹੁਣ ਵਾਸਤੇ ਅ ਨੂੰ ਕਲਰਕ ਦੇ ਤੌਰ ਤੇ ਰਖਦਾ ਹੈ। ਅ ਆਪਣੀਆਂ ਕੁਝ ਪ੍ਰਾਪਤ ਰਕਮਾਂ ਦਾ ਲੇਖਾ ਦੇਣ ਤੋਂ ਅਸਫਲ ਰਹਿੰਦਾ ਹੈ, ਅਤੇ ੳ ਪਰਿਣਾਮ ਵਜੋਂ ਉਸ ਨੂੰ ਉਸਦੇ ਠੀਕ ਤੌਰ ਤੇ ਲੇਖਾ ਦੇਣ ਵਾਸਤੇ ਸੀਕਿਉਰਿਟੀ ਦੇਣ ਲਈ ਕਹਿੰਦਾ ਹੈ, ਅ ਦੁਆਰਾ ਠੀਕ

ਤੌਰ ਤੇ ਲੇਖਾ ਦਿਤੇ ਜਾਣ ਦੀ ਇ ਗਰੰਟੀ ਦਿੰਦਾ ਹੈ। ਅ ਦੇ ਪਿਛਲੇ ਆਚਰਨ ਤੋਂ 'ੲ' ਨੂੰ ੳ ਵਾਕਫ਼ ਨਹੀਂ ਕਰਾਉਂਦਾ। ਬਾਦ ਵਿੱਚ 'ਅ' ਕੋਤਾਹੀ ਕਰਦਾ ਹੈ। ਗਰੰਟੀ ਨਾਜਾਇਜ਼ ਹੈ।

(ਅ) ੲ ਦੁਆਰਾ ਅ ਨੂੰ ਸਪਲਾਈ ਕੀਤੇ ਜਾਣ ਵਾਲੇ 2,000 ਟਨ ਵਜਨ ਲੋਹੇ ਲਈ ਅਦਾਇਗੀ ਕਰਨ ਦੀ ੳ ਗਰੰਟੀ ਦਿੰਦਾ ਹੈ। ਅ ਅਤੇ ੲ ਨੇ ਅੰਦਰਖ਼ਾਨੇ ਕਰਾਰ ਲਿਆ ਹੈ ਕਿ ਅ ਬਜ਼ਾਰ-ਕੀਮਤ ਤੋ ਪੰਜ ਰੁਪਏ ਪ੍ਰਤੀ ਟਨ ਵੱਧ ਅਦਾ ਕਰੇਗਾ, ਅਜਿਹੀ ਵਧ ਰਕਮ ਇੱਕ ਪੁਰਾਣੇ ਰਿਣ ਨੂੰ ਚੁਕਾਉਣ ਲਈ ਲਾਈ ਜਾਵੇਗੀ। ਇਹ ਕਰਾਰ ੳ ਤੋਂ ਲੁਕੋਇਆ ਗਿਆ ਹੈ। ੳ ਜ਼ਾਮਨ ਵਜੋਂ ਉੱਤਰਦਾਈ ਨਹੀਂ ਹੈ।

144. ਜਿੱਥੇ ਕੋਈ ਵਿਅਕਤੀ ਇਸ ਮੁਆਇਦੇ ਤੇ ਗਰੰਟੀ ਦਿੰਦਾ ਹੈ ਕਿ ਲੈਣਦਾਰ ਉਸ ਤੇ ਤਦ ਤੱਕ ਕਾਰਜ ਨਹੀਂ ਕਰੇਗਾ ਜਦ ਤੱਕ ਕਿ ਕੋਈ ਹੋਰ ਵਿਅਕਤੀ ਸਹਿ-ਜ਼ਾਮਨ ਵਜੋਂ ਉਸ ਵਿਚ ਸ਼ਾਮਲ ਨਹੀਂ ਹੋ ਜਾਂਦਾ, ਉਥੇ ਜੇ ਉਹ ਹੋਰ ਵਿਅਕਤੀ ਸ਼ਾਮਲ ਨਹੀਂ ਹੁੰਦਾ ਤਾਂ ਉਹ ਗਰੰਟੀ ਜਾਇਜ਼ ਨਹੀਂ ਹੈ।

ਇਸ ਮੁਆਇਦੇ ਤੇ ਗਰੰਟੀ ਦੇਣਾ ਕਿ ਲੈਣਦਾਰ ਉਸ ਤੇ ਤਦ ਤੱਕ ਕਾਰਜ ਨਹੀਂ ਕਰੇਗਾ ਜਦ ਤੱਕ ਸਹਿ-ਜ਼ਾਮਨ ਸ਼ਾਮਲ ਨਹੀਂ ਹੋ ਜਾਂਦਾ ।

145. ਗਰੰਟੀ ਦੇ ਹਰਿਕ ਮੁਆਇਦੇ ਵਿਚ ਮੂਲ-ਰਿਣੀ ਦੁਆਰਾ ਜ਼ਾਮਨ ਦੀ ਹਾਨ-ਪੂਰਤੀ ਕੀਤੇ ਜਾਣ ਦਾ ਅਰਥਾਵਾਂ ਬਚਨ ਹੁੰਦਾ ਹੈ ; ਅਤੇ ਜ਼ਾਮਨ ਮੂਲ-ਰਿਣੀ ਤੋਂ ਕੋਈ ਉਹ ਰਕਮ ਵਸੂਲ ਕਰਨ ਦਾ ਹੱਕਦਾਰ ਹੈ, ਜਿਹੜੀ ਉਸ ਨੇ ਗਰੰਟੀ ਅਧੀਨ ਅਧਿਕਾਰ-ਪੂਰਬਕ ਅਦਾ ਕੀਤੀ ਹੋਵੇ, ਪਰ ਉਹ ਰਕਮਾਂ ਨਹੀਂ, ਜਿਹੜੀਆਂ ਉਸਨੇ ਦੋਸ਼ ਪੂਰਬਕ ਅਦਾ ਕੀਤੀਆਂ ਹੋਣ।

ਜ਼ਾਮਨ ਦੀ ਹਾਨ-ਪੂਰਤੀ ਕਰਨ ਦਾ ਅਰਥਾਵਾਂ ਬਚਨ ।

**ਦ੍ਰਿਸ਼ਟਾਂਤ**

(ੳ) ੲ ਦਾ ਅ ਰਿਣੀ ਹੈ, ਅਤੇ ੳ ਉਸ ਰਿਣ ਲਈ ਜ਼ਾਮਨ ਹੈ। ੳ ਤੇ ੲ ਅਦਾਇਗੀ ਦੀ ਮੰਗ ਕਰਦਾ ਹੈ, ਅਤੇ ਉਸਦੇ ਇਨਕਾਰ ਕਰਨ ਤੇ ਉਸ ਰਕਮ ਲਈ ਉਸ ਤੇ ਦਾਵਾ ਕਰਦਾ ਹੈ। ਜਵਾਬਦਿਹੀ ਦਾ ਵਾਜਬੀ ਅਧਾਰ ਹੋਣ ਕਰਕੇ ੳ ਦਾਵੇ ਵਿਚ ਜਵਾਬਦਿਹੀ ਕਰਦਾ ਹੈ, ਪਰ ਉਸ ਰਿਣ ਦੀ ਰਕਮ ਨੂੰ ਖ਼ਰਚੇ ਸਮੇਤ ਅਦਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਉਹ ਅ ਤੋਂ ਮੂਲ ਰਿਣ ਅਤੇ ਨਾਲੇ ਉਸ ਦੁਆਰਾ ਖ਼ਰਚੇ ਵਜੋਂ ਅਦਾ ਕੀਤੀ ਗਈ ਰਕਮ ਵੀ ਵਸੂਲ ਕਰ ਸਕਦਾ ਹੈ।

(ਅ) ਅ ਨੂੰ ੲ ਧਨ ਦੀ ਇੱਕ ਰਕਮ ਕਰਜ਼ ਦਿੰਦਾ ਹੈ, ਅਤੇ ਅ ਦੀ ਬੇਨਤੀ ਤੇ , ੳ ਉਸ ਰਕਮ ਨੂੰ ਸੁਰੱਖਿਅਤ ਕਰਨ ਲਈ ਅ ਦੁਆਰਾ ੳ ਦੇ ਨਾਂ ਲਿਖਿਆ ਵਟਾਂਦਰਾ-ਬਿਲ ਸਵੀਕਾਰ ਕਰਦਾ ਹੈ। ਬਿਲ ਦਾ ਧਾਰਕ ੲ, ਉਸਦੀ ਅਦਾਇਗੀ ਦੀ ਮੰਗ ੳ ਪਾਸੋਂ ਕਰਦਾ ਹੈ, ਅਤੇ, ੳ ਦੇ ਅਦਾ ਕਰਨ ਤੋਂ ਇਨਕਾਰ ਤੇ, ਉਸ ਉਤੇ ਉਸ ਵਟਾਂਦਰਾ-ਬਿਲ ਦੇ ਅਧਾਰ ਤੇ ਦਾਵਾ ਕਰਦਾ ਹੈ। ੳ ਅਜਿਹਾ ਕਰਨ ਦੇ ਲਈ ਵਾਜਬੀ ਆਧਾਰ ਨ ਰਖਦਿਆਂ ਹੋਇਆਂ, ਦਾਵੇ ਵਿਚ ਜਵਾਬਦਿਹੀ ਕਰਦਾ ਹੈ, ਅਤੇ ਉਸ ਨੂੰ ਉਸ ਵਟਾਂਦਰਾ-ਬਿਲ ਦੀ ਰਕਮ ਅਤੇ ਖ਼ਰਚੇ ਅਦਾ ਕਰਨਾ ਪੈਂਦਾ ਹੈ। ਉਹ ਵਟਾਂਦਰਾ-ਬਿਲ ਦੀ ਰਕਮ ਅ ਤੋਂ ਵਸੂਲ ਕਰ ਸਕਦਾ ਹੈ ਪਰ ਖ਼ਰਚੇ ਲਈ ਅਦਾ ਕੀਤੀ ਰਕਮ ਵਸੂਲ ਨਹੀਂ ਕਰ ਸਕਦਾ, ਕਿਉਂਕਿ ਉਸ ਨਾਲਸ਼ ਵਿਚ ਜਵਾਬਦਿਹੀ ਕਰਨ ਲਈ ਕੋਈ ਵਾਸਤਵਿਕ ਆਧਾਰ ਨਹੀਂ ਸੀ।

(ੲ) ੲ ਦੁਆਰਾ ਅ ਨੂੰ ਸਪਲਾਈ ਕੀਤੇ ਜਾਣ ਵਾਲੇ ਚਾਉਲਾਂ ਲਈ ੳ 2,000 ਰੁਪਏ ਤੱਕ ਦੀ ਅਦਾਇਗੀ ਦੀ ਗਰੰਟੀ ੲ ਨੂੰ ਦਿੰਦਾ ਹੈ। ਅ ਨੂੰ ੲ 2,000 ਰੁਪਏ ਤੋਂ ਘੱਟ ਦੀ ਰਕਮ ਦੇ ਚਾਉਲ ਸਪਲਾਈ ਕਰਦਾ ਹੈ, ਪਰ ਸਪਲਾਈ ਕੀਤੇ ਗਏ ਚਾਉਲਾਂ ਦੇ ਸਬੰਧ ਵਿਚ ੳ ਤੋਂ 2,000 ਰੁਪਏ ਦੀ ਰਕਮ ਦੀ ਅਦਾਇਗੀ ਹਾਸਲ ਕਰ ਲੈਂਦਾ ਹੈ। ਅ ਤੋਂ ੳ ਵਾਸਤਵਿਕ ਤੌਰ ਤੇ ਸਪਲਾਈ

ਕੀਤੇ ਗਏ ਚਾਉਲਾਂ ਦੀ ਕੀਮਤ ਤੋਂ ਵੱਧ ਵਸੂਲ ਨਹੀਂ ਕਰ ਸਕਦਾ ।

ਸਹਿ-ਜ਼ਾਮਨ ਬਰਾਬਰ ਬਰਾਬਰ ਅੰਸ਼ਦਾਨ ਕਰਨ ਦੇ ਉੱਤਰਦਾਈ ਹੁੰਦੇ ਹਨ ।

146. ਜਿੱਥੇ ਦੋ ਜਾਂ ਵੱਧ ਵਿਅਕਤੀ ਉਸੇ ਰਿਣ ਜਾਂ ਕਰਤੱਵ ਲਈ, ਜਾਂ ਤਾਂ ਸੰਯੁਕਤ ਤੌਰ ਤੇ ਜਾਂ ਅਲੱਗ-ਅਲੱਗ ਅਤੇ ਭਾਵੇਂ ਇੱਕ ਹੀ ਜਾਂ ਵੱਖ-ਵੱਖ ਮੁਆਇਦਿਆਂ ਦੇ ਅਧੀਨ, ਅਤੇ ਭਾਵੇਂ ਇੱਕ ਦੂਜੇ ਦੇ ਗਿਆਨ ਨਾਲ ਜਾਂ ਗਿਆਨ ਤੋਂ ਬਿਨਾਂ ਸਹਿ-ਜ਼ਾਮਨ ਹੋਣ, ਉਥੇ ਉਨ੍ਹਾਂ ਸਹਿ-ਜ਼ਾਮਨਾਂ ਵਿਚੋਂ ਹਰੇਕ, ਇਸਦੇ ਉਲਟ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿਚ, ਜਿੱਥੋਂ ਤੱਕ ਉਨ੍ਹਾਂ ਦੇ ਆਪਣੇ ਵਿਚਕਾਰ ਦਾ ਸਬੰਧ ਹੈ, ਸਾਰੇ ਰਿਣ ਦਾ ਜਾਂ ਉਸਦੇ ਉਸ ਭਾਗ ਦਾ ਜਿਹੜਾ ਮੂਲ-ਰਿਣੀ ਵੱਲੋਂ ਅਣ-ਅਦਾ ਕੀਤਾ ਰਹਿ ਗਿਆ ਹੋਵੇ, ਬਰਾਬਰ-ਬਰਾਬਰ ਹਿੱਸਾ ਅਦਾ ਕਰਨ ਦੇ ਉੱਤਰਦਾਈ ਹਨ।

### ਦ੍ਰਿਸ਼ਟਾਂਤ

(ੳ) ਹ ਨੂੰ ਕਰਜ ਦਿੱਤੇ ਗਏ 3,000 ਰੁਪਏ ਦੀ ਰਕਮ ਲਈ, ਸ ਪ੍ਰਤਿ ੳ, ਅ ਅਤੇ ੲ ਜ਼ਾਮਨ ਹਨ। ਹ ਅਦਾਇਗੀ ਵਿਚ ਕੋਤਾਹੀ ਕਰਦਾ ਹੈ । ੳ, ਅ ਅਤੇ ੲ, ਜਿੱਥੋਂ ਤੱਕ ਉਨ੍ਹਾਂ ਦੇ ਵਿਚਕਾਰ ਦਾ ਸੰਬੰਧ ਹੈ, ਹਰੇਕ ਇੱਕ-ਇੱਕ ਹਜ਼ਾਰ ਰੁਪਿਆ ਅਦਾ ਕਰਨ ਦਾ ਉੱਤਰਦਾਈ ਹੈ।

(ਅ) ਹ ਨੂੰ ਕਰਜ਼ ਦਿੱਤੇ ਗਏ 1,000 ਰੁਪਏ ਲਈ ਸ ਪ੍ਰਤਿ ੳ ਅ ਅਤੇ ੲ ਜ਼ਾਮਨ ਹਨ ਅਤੇ ੳ ਅ ਅਤੇ ੲ ਦੇ ਵਿਚਕਾਰ ਇਹ ਮੁਆਇਦਾ ਹੈ ਕਿ ੳ ਇੱਕ-ਚੌਥਾਈ ਤੱਕ ਦੇ ਲਈ, ਅ ਇੱਕ-ਚੌਥਾਈ ਤੱਕ ਦੇ ਲਈ, ਅਤੇ ੲ ਅੱਧੇ ਤੱਕ ਦੇ ਲਈ ਜ਼ਿੰਮੇਵਾਰ ਹੋਵੇਗਾ। ਹ ਅਦਾਇਗੀ ਵਿਚ ਕੋਤਾਹੀ ਕਰਦਾ ਹੈ। ਜਿੱਥੋਂ ਤੱਕ ਕਿ ਜ਼ਾਮਨਾ ਦੇ ਆਪਣੇ ਵਿਚਕਾਰ ਦਾ ਸੰਬੰਧ ਹੈ, ੳ 250 ਰੁਪਏ ਅ 250 ਰੁਪਏ ਅਤੇ ੲ 500 ਰੁਪਏ ਅਦਾ ਕਰਨ ਦਾ ਉੱਤਰਦਾਈ ਹੈ ।

ਵੱਖ ਵੱਖ ਰਕਮਾਂ ਲਈ ਪਾਬੰਦ ਸਹਿ-ਜ਼ਾਮਨਾਂ ਦੀ ਉੱਤਰਦਾਇਤਾ ।

147. ਸ਼ਹਿ-ਜ਼ਾਮਨ, ਜਿਹੜੇ ਵੱਖ ਵੱਖ ਰਕਮਾਂ ਦੇ ਲਈ ਪਾਬੰਦ ਹਨ, ਜਿੱਥੋਂ ਤੱਕ ਉਨ੍ਹਾਂ ਦੀਆਂ ਆਪੋ ਆਪਣੀਆਂ ਬਾਂਧਾਂ ਦੀਆਂ ਸੀਮਾਵਾਂ ਇਜਾਜ਼ਤ ਦੇਣ, ਬਰਾਬਰ ਬਰਾਬਰ ਅਦਾ ਕਰਨ ਦੇ ਉੱਤਰਦਾਈ ਹਨ।

### ਦ੍ਰਿਸ਼ਟਾਂਤ

(ੳ) ਸ਼ਰਤ ਇਹ ਹੈ ਕਿ ਹ ਨੂੰ ਸ ਠੀਕ ਤੌਰ ਤੇ ਲੇਖਾ ਦੇਵੇਗਾ, ਸ ਪ੍ਰਤਿ ਜ਼ਾਮਨਾਂ ਵਜੋਂ ੳ, ਅ ਅਤੇ ੲ, ਤਿੰਨ ਅਲੱਗ-ਅਲੱਗ ਬੌਂਡ ਲਿਖ ਦਿੰਦੇ ਹਨ,ਜਿਨ੍ਹਾਂ ਵਿਚੋਂ ਹਰੇਕ ਵੱਖ-ਵੱਖ ਡੰਨ ਵਾਲਾ ਹੈ, ਅਰਥਾਤ, ੳ ਦਾ 10,000 ਰੁਪਏ ਦੇ , ਅ ਦਾ 20,000 ਰੁਪਏ ਦੇ, ੲ ਦਾ 40,000 ਰੁਪਏ ਦੇ ਡੰਨ ਦਾ ਹੈ। ਸ 30,000 ਰੁਪਏ ਦਾ ਲੇਖਾ ਨਹੀਂ ਦਿੰਦਾ । ੳ, ਅ ਅਤੇ ੲ ਹਰੇਕ 10,000 ਰੁਪਏ ਅਦਾ ਕਰਨ ਦੇ ਉੱਤਰਦਾਈ ਹਨ।

(ਅ) ਸ਼ਰਤ ਇਹ ਹੈ ਕਿ ਹ ਨੂੰ ਸ ਠੀਕ ਤੌਰ ਤੇ ਲੇਖਾ ਦੇਵੇਗਾ, ਸ ਪ੍ਰਤਿ ਜ਼ਾਮਨਾਂ ਵਜੋਂ ੳ, ਅ ਅਤੇ ੲ ਤਿੰਨ ਅਲੱਗ-ਅਲੱਗ ਬੌਂਡ ਲਿਖ ਦਿੰਦੇ ਹਨ, ਜਿਨ੍ਹਾਂ ਵਿਚੋਂ ਹਰੇਕ ਵੱਖ-ਵੱਖ ਡੰਨ ਵਾਲਾ ਹੈ ; ਅਰਥਾਤ, ੳ ਦਾ 10,000 ਰੁਪਏ ਦੇ, ਅ ਦਾ 20,000 ਰੁਪਏ ਦੇ , ੲ ਦਾ 40,000 ਰੁਪਏ ਦੇ ਡੰਨ ਦਾ ਹੈ। ਸ 40,000 ਰੁਪਏ ਦਾ ਲੇਖਾ ਨਹੀਂ ਦਿੰਦਾ । ੳ 10,000 ਰੁਪਏ ਅਤੇ ਅ ਅਤੇ ੲ ਹਰੇਕ 15,000 ਰੁਪਏ ਅਦਾ ਕਰਨ ਦੇ ਉੱਤਰਦਾਈ ਹਨ।

(ੲ) ਸ਼ਰਤ ਇਹ ਹੈ ਕਿ ਹ ਨੂੰ ਸ ਠੀਕ ਤੌਰ ਤੇ ਲੇਖਾ ਦੇਵੇਗਾ, ਸ ਪ੍ਰਤਿ ਜ਼ਾਮਨਾਂ ਵਜੋਂ ੳ, ਅ ਅਤੇ ੲ ਤਿੰਨ ਅਲੱਗ-ਅਲੱਗ ਬੌਂਡ ਲਿਖ ਦਿੰਦੇ ਹਨ, ਜਿਨ੍ਹਾਂ ਵਿਚ ਹਰੇਕ ਵੱਖ-ਵੱਖ ਡੰਨ ਵਾਲਾ ਹੈ, ਅਰਥਾਤ, ੳ ਦਾ 10,000 ਰੁਪਏ ਦੇ, ਅ ਦਾ 20,000 ਰੁਪਏ ਦੇ, ੲ ਦਾ 40,000 ਰੁਪਏ ਦੇ ਡੰਨ ਦਾ ਹੈ। ਸ 70,000 ਰੁਪਏ ਦਾ ਲੇਖਾ ਨਹੀਂ ਦਿੰਦਾ। ੳ, ਅ ਅਤੇ ੲ, ਹਰੇਕ ਨੂੰ

ਆਪੋ ਆਪਣੇ ਬੌਂਡ ਦਾ ਪੂਰਾ ਡੰਨ ਅਦਾ ਕਰਨਾ ਹੋਵੇਗਾ।

## ਅਧਿਆਏ IX

### ਅਮਾਨਤ ਬਾਰੇ

148. ''ਅਮਾਨਤ'' ਇੱਕ ਵਿਅਕਤੀ ਦੁਆਰਾ ਦੂਜੇ ਵਿਅਕਤੀ ਨੂੰ ਕਿਸੇ ਪ੍ਰਯੋਜਨ ਲਈ ਇਸ ਮੁਆਇਦੇ ਤੇ ਮਾਲ ਦੀ ਹਵਾਲਗੀ ਹੈ ਕਿ ਜਦ ਉਹ ਪ੍ਰਯੋਜਨ ਪੂਰਾ ਹੋ ਜਾਵੇ ਤਦ ਉਹ ਵਾਪਸ ਕਰ ਦਿੱਤਾ ਜਾਵੇਗਾ ਜਾਂ ਹਵਾਲੇ ਕਰਨ ਵਾਲੇ ਵਿਅਕਤੀ ਦੇ ਨਿਦੇਸ਼ਾਂ ਅਨੁਸਾਰ ਉਸਦਾ ਹੋਰਵੇਂ ਨਿਪਟਾਰਾ ਕਰ ਦਿੱਤਾ ਜਾਵੇਗਾ। ਮਾਲ ਹਵਾਲੇ ਕਰਨ ਵਾਲਾ ਵਿਅਕਤੀ ''ਅਮਾਨਤਕਾਰ'' ਕਹਾਉਂਦਾ ਹੈ। ਮਾਲ ਜਿਸ ਵਿਅਕਤੀ ਦੇ ਹਵਾਲੇ ਕੀਤਾ ਜਾਂਦਾ ਹੈ ''ਅਮਾਨਤਦਾਰ'' ਕਹਾਉਂਦਾ ਹੈ। ''ਅਮਾਨਤ''. ''ਅਮਾਨਤਕਾਰ'' ਅਤੇ ''ਅਮਾਨਤਦਾਰ'' ਦੀ ਪਰਿਭਾਸ਼ਾ ।

ਵਿਆਖਿਆ.– ਜੇ ਉਹ ਵਿਅਕਤੀ, ਜਿਹੜਾ ਕਿਸੇ ਹੋਰ ਦੇ ਮਾਲ ਤੇ ਪਹਿਲਾਂ ਹੀ ਕਬਜ਼ਾ ਰਖਦਾ ਹੋਵੇ, ਉਸ ਨੂੰ ਅਮਾਨਤਦਾਰ ਵਜੋਂ ਧਾਰਨ ਕਰਨ ਦਾ ਮੁਆਇਦਾ ਕਰੇ ਤਾਂ ਉਹ ਉਸ ਦੁਆਰਾ ਅਮਾਨਤਦਾਰ ਹੋ ਜਾਂਦਾ ਹੈ, ਅਤੇ ਮਾਲਕ ਅਜਿਹੇ ਮਾਲ ਦਾ ਅਮਾਨਤਦਾਰ ਹੋ ਜਾਂਦਾ ਹੈ, ਭਾਵੇਂ ਉਹ ਮਾਲ ਅਮਾਨਤ ਦੇ ਤੌਰ ਤੇ ਹਵਾਲੇ ਨ ਕੀਤਾ ਗਿਆ ਹੋਵੇ ।

149. ਅਮਾਨਤਦਾਰ ਨੂੰ ਹਵਾਲਗੀ ਕੋਈ ਅਜਿਹੀ ਗੱਲ ਕਰਨ ਨਾਲ ਕੀਤੀ ਜਾ ਸਕੇਗੀ ਜਿਸਦਾ ਪ੍ਰਭਾਵ ਉਸ ਮਾਲ ਨੂੰ ਚਿਤਵੇ ਅਮਾਨਤਦਾਰ ਜਾਂ ਉਸਦੇ ਨਮਿਤ ਉਸ ਨੂੰ ਧਾਰਨ ਕਰਨ ਲਈ ਅਖ਼ਤਿਆਰ ਕਿਸੇ ਵਿਅਕਤੀ ਦੇ ਕਬਜ਼ੇ ਵਿੱਚ ਰੱਖ ਦੇਣਾ ਹੋਵੇ । ਅਮਾਨਤਦਾਰ ਨੂੰ ਹਵਾਲਗੀ ਕਿਸ ਤਰ੍ਹਾਂ ਕੀਤੀ ਜਾਵੇ।

150. ਅਮਾਨਤਕਾਰ, ਅਮਾਨਤਦਾਰ ਨੂੰ ਅਮਾਨਤ ਮਾਲ ਦੇ ਉਹ ਨੁਕਸ ਪ੍ਰਗਟ ਕਰਨ ਲਈ ਪਾਬੰਦ ਹੈ, ਜਿਨ੍ਹਾਂ ਤੋਂ ਅਮਾਨਤਕਾਰ ਜਾਣੂ ਹੈ ਅਤੇ ਜੋ ਉਸ ਦੀ ਵਰਤੋਂ ਵਿੱਚ ਤਤਵਿਕ ਤੌਰ ਤੇ ਵਿਘਨ ਪਾਉਂਦੇ ਹੋਣ, ਜਾਂ ਜੋ ਅਮਾਨਤਦਾਰ ਨੂੰ ਅਸਾਧਰਨ ਜੋਖਮ ਵਿੱਚ ਪਾਉਂਦੇ ਹੋਣ ; ਅਤੇ ਜੇ ਉਹ ਅਜਿਹਾ ਪ੍ਰਗਟਾਉ ਨਹੀਂ ਕਰਦਾ ਹੈ, ਤਾਂ ਉਹ ਅਮਾਨਤਦਾਰ ਨੂੰ ਅਜਿਹੇ ਨੁਕਸਾਂ ਤੋਂ ਸਿੱਧੇ ਤੌਰ ਤੇ ਪੈਦਾ ਹੋਏ ਨੁਕਸਾਨ ਲਈ ਜ਼ਿੰਮੇਵਾਰ ਹੈ। ਅਮਾਨਤ ਮਾਲ ਦੇ ਨੁਕਸ ਪ੍ਰਗਟ ਕਰਨ ਦਾ ਅਮਾਨਤਕਾਰ ਦਾ ਕਰਤੱਵ ।

ਜੇ ਮਾਲ ਭਾੜੇ ਤੇ ਅਮਾਨਤ ਲਈ ਦਿੱਤਾ ਜਾਵੇ, ਤਾ ਅਮਾਨਤਕਾਰ ਅਜਿਹੇ ਨੁਕਸਾਨ ਲਈ ਜ਼ਿੰਮੇਵਾਰ ਹੈ, ਭਾਵੇਂ ਉਹ ਅਮਾਨਤ ਦਿੱਤੇ ਮਾਲ ਦੇ ਅਜਿਹੇ ਨੁਕਸਾਂ ਦੀ ਹੋਂਦ ਤੋਂ ਜਾਣੂ ਸੀ ਜਾਂ ਨਹੀਂ।

### ਦ੍ਰਿਸ਼ਟਾਂਤ

(ੳ) ਅ ਨੂੰ 'ੳ' ਇੱਕ ਘੋੜਾ ਉਧਾਰ ਦਿੰਦਾ ਹੈ, ਜਿਸ ਦੇ ਬਾਰੇ ਉਹ ਜਾਣਦਾ ਹੈ ਕਿ ਉਹ ਅਥਰਾ ਹੈ। ਉਹ ਇਹ ਤੱਥ ਪ੍ਰਗਟ ਨਹੀਂ ਕਰਦਾ ਕਿ ਉਹ ਘੋੜਾ ਅਥਰਾ ਹੈ। ਘੋੜਾ ਭਜ ਪੈਂਦਾ ਹੈ, ਅ ਨੂੰ ਡੇਗ ਦਿੰਦਾ ਹੈ ਅਤੇ ਉਸ ਨੂੰ ਸੱਟ ਲਗ ਜਾਂਦੀ ਹੈ। ਉਠਾਏ ਨੁਕਸਾਨ ਲਈ ਅ 'ੳ' ਦੇ ਪ੍ਰਤਿ ਜ਼ਿੰਮੇਵਾਰ ਹੈ।

(ਅ) ਅ ਦੀ ਇੱਕ ਗੱਡੀ ੳ ਭਾੜੇ ਤੇ ਲੈਂਦਾ ਹੈ। ਗੱਡੀ ਅਣਸੁਰੱਖਿਅਤ ਹੈ, ਭਾਵੇ 'ਅ' ਇਸ ਤੋਂ ਜਾਣੂ ਨਹੀ ਹੈ, ਅਤੇ 'ੳ' ਨੂੰ ਸੱਟ ਲੱਗ ਜਾਂਦੀ ਹੈ। ੳ ਦੇ ਪ੍ਰਤਿ 'ਅ' ਸ਼ੱਟ ਲਈ ਜ਼ਿੰਮੇਵਾਰ ਹੈ।

*ਅਮਾਨਤਦਾਰ ਦੁਆਰਾ ਕੀਤੀ ਜਾਣ ਵਾਲੀ ਦੇਖ-ਰੇਖ ।*

151. ਅਮਾਨਤ ਦੀਆਂ ਸਭ ਸੂਰਤਾਂ ਵਿੱਚ ਅਮਾਨਤ ਦਾ ਅਮਾਨਤੀ ਮਾਲ ਦੀ ਉੱਨੀਂ ਹੀ ਦੇਖ-ਰੇਖ ਕਰਨ ਲਈ ਪਾਬੰਦ ਹੈ ਜਿੰਨੀਂ ਕਿ ਇੱਕ ਸਾਧਾਰਨ ਸਿਆਣਪ ਵਾਲਾ ਮਨੁੱਖ, ਉਹੋ ਜਿਹੇ ਹਾਲਾਤ ਅਧੀਨ, ਆਪਣੇ ਅਜਿਹੇ ਮਾਲ ਦੀ ਕਰਦਾ, ਜੋ ਉਸੇ ਆਕਾਰ, ਕੁਆਲਿਟੀ ਅਤੇ ਮੁੱਲ ਦਾ ਹੋਵੇ ਜਿਹਾ ਅਮਾਨਤੀ ਮਾਲ ਦਾ ਹੈ।

*ਅਮਾਨਤੀ ਚੀਜ਼ ਦੇ ਹਾਨ ਆਦਿ ਲਈ ਅਮਾਨਦਾਰ ਕਦ ਉੱਤਰਦਾਈ ਨਹੀਂ ਹੈ।*

152. ਕੋਈ ਵਿਸ਼ੇਸ ਮੁਆਇਦਾ ਨ ਹੋਣ ਦੀ ਸੂਰਤ ਵਿੱਚ, ਅਮਾਨਤੀ ਚੀਜ਼ ਦੇ ਹਾਨ, ਨਾਸ਼ ਜਾਂ ਖ਼ਰਾਬੀ ਲਈ ਅਮਾਨਤਦਾਰ ਜ਼ਿੰਮੇਵਾਰ ਨਹੀਂ ਹੈ, ਜੇ ਉਸਨੇ ਧਾਰਾ 151 ਵਿੱਚ ਵਰਣਤ ਜਿੰਨੀ ਦੇਖ-ਰੇਖ ਕੀਤੀ ਹੈ।

*ਅਮਾਨਤਦਾਰ ਦੇ ਅਜਿਹੇ ਕਾਰਜ ਦੁਆਰਾ ਜੋ ਸ਼ਰਤਾਂ ਨਾਲ ਅਸੰਗਤ ਹੈ ਅਮਾਨਤ ਦੀ ਸਮਾਪਤੀ ।*

153. ਜੇ ਅਮਾਨਤਦਾਰ ਅਮਾਨਤੀ ਮਾਲ ਦੇ ਸੰਬੰਧ ਵਿਚ ਅਮਾਨਤ ਦੀਆਂ ਸ਼ਰਤਾਂ ਨਾਲ ਅਸੰਗਤ ਕੋਈ ਕਾਰਜ ਕਰੇ ਤਾਂ ਅਮਾਨਤ ਦਾ ਮੁਆਇਦਾ ਅਮਾਨਤਕਾਰ ਦੀ ਮਰਜ਼ੀ ਤੇ ਸੁੰਨਕਰਣਯੋਗ ਹੈ।

**ਦ੍ਰਿਸ਼ਟਾਂਤ**

ਅ ਨੂੰ ੳ ਇੱਕ ਘੋੜਾ ਉਸਦੀ ਆਪਣੀ ਸਵਾਰੀ ਲਈ ਭਾੜੇ ਤੇ ਦਿੰਦਾ ਹੈ। ਅ ਉਸ ਘੋੜੇ ਨੂੰ ਆਪਣੀ ਗੱਡੀ ਅੱਗੇ ਜੋੜਦਾ ਹੈ। ਇਹ ੳ ਦੀ ਮਰਜ਼ੀ ਤੇ, ਅਮਾਨਤ ਦੀ ਸਮਾਪਤੀ ਹੈ।

*ਅਮਾਨਤੀ ਮਾਲ ਦੀ ਅਣ-ਅਧਿਕਾਰਤ ਵਰਤੋਂ ਕਰਨ ਵਾਲੇ ਅਮਾਨਤਦਾਰ ਦੀ ਉੱਤਰਦਾਇਤਾ ।*

154. ਜੇ ਅਮਾਨਤਦਾਰ ਅਮਾਨਤੀ ਮਾਲ ਦੀ ਕੋਈ ਅਜਿਹੀ ਵਰਤੋਂ ਕਰੇ ਜੋ ਅਮਾਨਤ ਦੀਆਂ ਸ਼ਰਤਾ ਦੇ ਅਨੁਸਾਰ ਨ ਹੋਵੇ, ਤਾਂ ਉਹ ਉਸਦੀ ਅਜਿਹੀ ਵਰਤੋਂ ਦੁਆਰਾ ਜਾਂ ਦੇ ਦੌਰਾਨ ਉਸ ਮਾਲ ਨੂੰ ਹੋਏ ਨੁਕਸਾਨ ਲਈ ਅਮਾਨਤਦਾਰ ਨੂੰ ਮੁਆਵਜ਼ਾ ਦੇਣ ਲਈ ਉੱਤਰਦਾਈ ਹੈ ।

**ਦ੍ਰਿਸ਼ਟਾਂਤ**

(ੳ) ਅ ਨੂੰ ੳ ਇੱਕ ਘੋੜਾ ਕੇਵਲ ਉਸਦੀ ਆਪਣੀ ਸਵਾਰੀ ਲਈ ਉਧਾਰ ਦਿੰਦਾ ਹੈ। ਅ ਆਪਣੇ ਪਰਿਵਾਰ ਦੇ ਇੱਕ ਬੰਦੇ ੲ ਨੂੰ ਉਸ ਘੋੜੇ ਤੇ ਸਵਾਰੀ ਕਰਨ ਦਿੰਦਾ ਹੈ। ੲ ਸਾਵਧਾਨੀ ਨਾਲ ਸਵਾਰੀ ਕਰਦਾ ਹੈ, ਪਰ ਇਤਫਾਕ ਨਾਲ ਘੋੜਾ ਡਿਗ ਪੈਂਦਾ ਹੈ ਅਤੇ ਘੋੜੇ ਨੂੰ ਸੱਟ ਲੱਗ ਜਾਂਦੀ ਹੈ । ਅ ਘੋੜੇ ਨੂੰ ਲਗੀ ਸੱਟ ਲਈ ੳ ਨੂੰ ਮੁਆਵਜ਼ਾ ਦੇਣ ਲਈ ਉੱਤਰਦਾਈ ਹੈ।

(ਅ) ੳ ਕਲਕੱਤੇ ਵਿੱਚ ਅ ਤੋਂ ਇੱਕ ਘੋੜਾ ਸਪੱਸ਼ਟ ਤੌਰ ਤੇ ਬਨਾਰਸ ਜਾਣ ਲਈ ਲੈਂਦਾ ਹੈ। ੳ ਵਾਜਬ ਸਾਵਧਾਨੀ ਨਾਲ ਸਵਾਰੀ ਕਰਦਾ ਹੈ, ਪਰ ਬਜਾਏ ਬਨਾਰਸ ਤੋਂ ਕਟਕ ਨੂੰ ਜਾਂਦਾ ਹੈ। ਇਤਫ਼ਾਕ ਨਾਲ ਘੋੜਾ ਡਿਗ ਪੈਂਦਾ ਹੈ ਅਤੇ ਘੋੜੇ ਨੂੰ ਸਟ ਲਗ ਜਾਂਦੀ ਹੈ । ੳ ਘੋੜੇ ਨੂੰ ਲੱਗੀ ਸਟ ਲਈ ਅ ਨੂੰ ਮੁਆਵਜ਼ਾ ਦੇਣ ਲਈ ਉੱਤਰਦਾਈ ਹੈ ।

*ਅਮਾਨਤਕਾਰ ਦੀ ਸੰਮਤੀ ਨਾਲ ਉਸਦਾ ਮਾਲ ਅਮਾਨਤਦਾਰ ਦੇ ਮਾਲ ਵਿੱਚ ਮਿਲਾਉਣ ਦਾ ਪ੍ਰਭਾਵ ।*

155. ਜੇ ਅਮਾਨਤਦਾਰ ਅਮਾਨਤਕਾਰ ਦੀ ਸੰਮਤੀ ਨਾਲ ਅਮਾਨਤਕਾਰ ਦੇ ਮਾਲ ਨੂੰ ਆਪਣੇ ਮਾਲ ਵਿਚ ਮਿਲਾ ਦਿੰਦਾ ਹੈ, ਤਾਂ ਅਮਾਨਤਕਾਰ ਅਤੇ ਅਮਾਨਤਦਾਰ ਇਸ ਤਰ੍ਹਾਂ ਉਤਪਾਦਤ ਮਿਸ਼ਰਣ ਵਿਚ ਆਪੋ ਆਪਣੇ ਹਿਸਿਆਂ ਦੇ ਅਨੁਪਾਤ ਵਿਚ ਹਿਤ ਰੱਖਣਗੇ ।

*ਜਦ ਮਾਲ ਵੱਖ ਕੀਤਾ ਜਾ ਸਕਦਾ ਹੋਵੇ ਤਦ ਅਮਾਨਤਦਾਰ ਦੀ ਸੰਮਤੀ ਤੋਂ ਬਿਨਾਂ ਮਿਲਾ ਦੇਣ ਦਾ ਪ੍ਰਭਾਵ ।*

156. ਜੇ ਅਮਾਨਤਦਾਰ ਅਮਾਨਤਕਾਰ ਦੀ ਸੰਮਤੀ ਤੋਂ ਬਿਨਾਂ ਅਮਾਨਤਕਾਰ ਦੇ ਮਾਲ ਨੂੰ ਆਪਣੇ ਮਾਲ ਵਿਚ ਮਿਲਾ ਦਿੰਦਾ ਹੈ, ਅਤੇ ਮਾਲ ਵੱਖ ਕੀਤੇ ਜਾਂ ਵੰਡੇ ਜਾ ਸਕਦੇ ਹਨ, ਤਾਂ ਮਾਲ

ਵਿਚ ਸੰਪੱਤੀ ਧਿਰਾਂ ਦੀ ਆਪੋ ਆਪਣੀ ਰਹਿੰਦੀ ਹੈ, ਪਰ ਅਮਾਨਤਦਾਰ ਵੱਖ ਕਰਨ ਜਾਂ ਵੰਡਣ ਦੇ ਖ਼ਰਚ, ਅਤੇ ਮਿਲਾਉਣ ਤੋਂ ਪੈਦਾ ਹੋਏ ਕਿਸੇ ਨੁਕਸਾਨ ਨੂੰ ਬਰਦਾਸ਼ਤ ਕਰਨ ਲਈ ਪਾਬੰਦ ਹੈ।

**ਦ੍ਰਿਸ਼ਟਾਂਤ**

ੳ ਇੱਕ ਖ਼ਾਸ ਨਿਸ਼ਾਨ ਲਗੀਆਂ ਰੂੰ ਦੀਆਂ 100 ਗੱਠਾਂ ਅ ਪਾਸ ਅਮਾਨਤ ਰੱਖਦਾ ਹੈ। ੳ ਦੀ ਸੰਮਤੀ ਤੋਂ ਬਿਨਾਂ ਅ ਉਨ੍ਹਾਂ 100 ਗੱਠਾਂ ਨੂੰ ਇੱਕ ਵੱਖਰੇ ਨਿਸ਼ਾਨ ਵਾਲੀਆ ਆਪਣੀਆਂ ਹੋਰ ਗੱਠਾਂ ਨਾਲ ਮਿਲਾ ਦਿੰਦਾ ਹੈ : ੳ ਨੂੰ ਹੱਕ ਹੈ ਕਿ ਉਹ ਆਪਣੀਆਂ 100 ਗੱਠਾਂ ਵਾਪਸ ਕਰਵਾ ਲਵੇ, ਅਤੇ ਅ ਗੱਠਾਂ ਦੇ ਵੱਖ ਕਰਨ ਵਿਚ ਹੋਏ ਸਾਰੇ ਖ਼ਰਚ, ਅਤੇ ਕੋਈ ਹੋਰ ਅਨੁਸੰਗਕ ਨੁਕਸਾਨ ਬਰਦਾਸ਼ਤ ਕਰਨ ਲਈ ਪਾਬੰਦ ਹੈ ।

157. ਜੇ ਅਮਾਨਤਦਾਰ ਅਮਾਨਤਕਾਰ ਦੇ ਮਾਲ ਨੂੰ, ਅਮਾਨਤਕਾਰ ਦੀ ਸੰਪਤੀ ਤੋਂ ਬਿਨਾਂ, ਆਪਣੇ ਮਾਲ ਨਾਲ ਇਸ ਤਰੀਕੇ ਨਾਲ ਮਿਲਾ ਦੇਵੇ ਕਿ ਅਮਾਨਤੀ ਮਾਲ ਨੂੰ ਹੋਰ ਮਾਲ ਤੋਂ ਵੱਖ ਕਰਨਾ, ਅਤੇ ਉਸ ਨੂੰ ਵਾਪਸ ਹਵਾਲੇ ਕਰਨਾ ਅਸੰਭਵ ਹੋਵੇ, ਤਾਂ ਅਮਾਨਤਕਾਰ ਉਸ ਮਾਲ ਦੇ ਹਾਨ ਲਈ ਅਮਾਨਤਦਾਰ ਤੋਂ ਮੁਆਵਜ਼ਾ ਲੈਣ ਦਾ ਹੱਕਦਾਰ ਹੈ।

ਜਦ ਮਾਲ ਵੱਖ ਨ ਕੀਤਾ ਜਾ ਸਕਦਾ ਹੋਵੇ ਤਦ ਅਮਾਨਤਕਾਰ ਦੀ ਸੰਮਤੀ ਤੋਂ ਬਿਨਾਂ ਮਿਲਾ ਦੇਣ ਦਾ ਪ੍ਰਭਾਵ ।

**ਦ੍ਰਿਸ਼ਟਾਂਤ**

ੳ 45 ਰੁਪਏ ਦੀ ਕੀਮਤ ਵਾਲੇ ਕੇਪ ਦੇ ਆਟੇ ਦਾ ਬੈਰਲ ਅ ਦੇ ਪਾਸ ਅਮਾਨਤ ਰਖਦਾ ਹੈ । ੳ ਦੀ ਸੰਮਤੀ ਤੋਂ ਬਿਨਾਂ ਅ ਉਸ ਆਟੇ ਨੂੰ ਕੇਵਲ 25 ਰੁਪਏ ਪ੍ਰਤੀ ਬੈਰਲ ਦੀ ਕੀਮਤ ਵਾਲੇ ਆਪਣੇ ਦੇਸੀ ਆਟੇ ਨਾਲ ਮਿਲਾ ਦਿੰਦਾ ਹੈ । ਅ ਲਈ ਜ਼ਰੂਰੀ ਹੈ ਕਿ ੳ ਨੂੰ ਉਸਦੇ ਆਟੇ ਦੇ ਹਾਨ ਲਈ ਮੁਆਵਜ਼ਾ ਦੇਵੇ।

158. ਜਿੱਥੇ ਅਮਾਨਤ ਦੀਆਂ ਸ਼ਰਤਾਂ ਅਨੁਸਾਰ ਅਮਾਨਤਕਾਰ ਵਾਸਤੇ ਅਮਾਨਤਦਾਰ ਦੁਆਰਾ ਮਾਲ ਰੱਖਿਆ ਜਾਣਾ ਜਾਂ ਲਿਜਾਇਆ ਜਾਣਾ ਹੈ ਜਾਂ ਉਸ ਤੇ ਕੰਮ ਕਰਵਾਇਆ ਜਾਣਾ ਹੈ, ਅਤੇ ਅਮਾਨਤਦਾਰ ਨੂੰ ਕੋਈ ਮਿਹਨਤਾਨਾ ਨਹੀਂ ਮਿਲਣਾ ਹੈ, ਉਥੇ ਅਮਾਨਤਦਾਰ ਨੂੰ ਉਸ ਦੁਆਰਾ ਅਮਾਨਤ ਦੇ ਪ੍ਰਯੋਜਨ ਲਈ ਉਠਾਏ ਗਏ ਜ਼ਰੂਰੀ ਖ਼ਰਚ ਅਮਾਨਤਕਾਰ ਮੁੜ-ਅਦਾ ਕਰੇਗਾ ।

ਅਮਾਨਤਕਾਰ ਦੁਆਰਾ ਜ਼ਰੂਰੀ ਖ਼ਰਚਾਂ ਦੀ ਮੁੜ-ਅਦਾਇਗੀ ।

159. ਕਿਸੇ ਚੀਜ਼ ਨੂੰ ਵਰਤੋਂ ਲਈ ਉਧਾਰ ਦੇਣ ਵਾਲਾ, ਜੇ ਉਹ ਉਧਾਰ ਬਿਨਾਂ-ਇਵਜ਼ ਦਿੱਤਾ ਗਿਆ ਹੋਵੇ, ਕਿਸੇ ਵੀ ਸਮੇਂ ਉਸਦੀ ਵਾਪਸੀ ਲੋੜ ਸਕੇਗਾ, ਭਾਵੇਂ ਉਸ ਨੇ ਉਹ ਉਲਿਖਤ ਸਮੇਂ ਜਾਂ ਪ੍ਰਯੋਜਨ ਲਈ ਉਧਾਰ ਦਿੱਤੀ ਹੋਵੇ। ਪਰ ਉਲਿਖਤ ਸਮੇਂ ਜਾਂ ਪ੍ਰਯੋਜਨ ਦੇ ਲਈ ਦਿੱਤੇ ਗਏ ਅਜਿਹੇ ਉਧਾਰ ਦੇ ਵਿਸ਼ਵਾਸ ਤੇ, ਜੇ ਉਧਾਰ ਲੈਣ ਵਾਲੇ ਨੇ ਅਜਿਹੇ ਤਰੀਕੇ ਨਾਲ ਕਾਰਜ ਕੀਤਾ ਹੋਵੇ ਕਿ ਉਧਾਰ ਦਿੱਤੀ ਚੀਜ਼ ਦੀ ਕਰਾਰ ਕੀਤੇ ਸਮੇਂ ਤੋ ਪਹਿਲਾ ਵਾਪਸੀ ਨਾਲ, ਉਸ ਨੂੰ ਉਸ ਦੁਆਰਾ ਵਾਸਤਵ ਵਿਚ ਪ੍ਰਾਪਤ ਹੋਏ ਫ਼ਾਇਦੇ ਤੋਂ ਵੱਧ ਹਾਨ ਹੋਵੇਗਾ, ਤਾਂ ਉਧਾਰ ਦੇਣ ਵਾਲੇ ਲਈ ਜ਼ਰੂਰੀ ਹੈ ਕਿ, ਜੇ ਉਹ ਉਸਦੀ ਵਾਪਸੀ ਲਈ ਮਜਬੂਰ ਕਰੇ ਤਾਂ, ਉਧਾਰ ਲੈਣ ਵਾਲੇ ਦੀ ਉੱਨੀ ਰਕਮ ਤੱਕ ਹੀ ਹਾਨ-ਪੂਰਤੀ ਕਰੇ ਜਿੰਨਾਂ ਇਸ ਤਰ੍ਹਾਂ ਹੋਇਆ ਹਾਨ, ਇਸ ਤਰ੍ਹਾਂ ਪ੍ਰਾਪਤ ਹੋਏ ਫ਼ਾਇਦੇ ਤੋਂ ਵੱਧ ਹੈ ।

ਬਿਨਾਂ-ਇਵਜ਼ ਉਧਾਰ ਦਿੱਤੇ ਗਏ ਮਾਲ ਦਾ ਮੋੜ ਲੈਣਾ ।

160. ਅਮਾਨਤਦਾਰ ਦਾ ਇਹ ਕਰਤੱਵ ਹੈ ਕਿ ਅਮਾਨਤੀ ਮਾਲ, ਉਹ ਸਮਾਂ ਗੁਜ਼ਰਦੇ ਸਾਰ ਜਾਂ ਉਹ ਪ੍ਰਯੋਜਨ ਪੂਰਾ ਹੁੰਦੇ ਸਾਰ ਜਿਸ ਲਈ ਉਹ ਮਾਲ ਅਮਾਨਤ ਰੱਖਿਆ ਗਿਆ ਸੀ, ਬਿਨਾਂ ਮੰਗੇ ਵਾਪਸ ਕਰ ਦੇਵੇ ਜਾਂ ਅਮਾਨਤਕਾਰ ਦੇ ਨਿਦੇਸ਼ਾਂ ਅਨੁਸਾਰ ਹਵਾਲੇ ਕਰ ਦੇਵੇ।

ਸਮਾਂ ਗੁਜ਼ਰਨ ਜਾਂ ਪ੍ਰਯੋਜਨ ਦੇ ਪੂਰਾ ਹੋਣ ਤੇ ਅਮਾਨਤੀ ਮਾਲ ਦੀ ਵਾਪਸੀ।

| | |
|---|---|
| ਜਦ ਮਾਲ ਠੀਕ ਤਰ੍ਹਾਂ ਵਾਪਸ ਨਹੀਂ ਕੀਤਾ ਜਾਂਦਾ ਤਦ ਅਮਾਨਤਦਾਰ ਦੀ ਜ਼ਿੰਮੇਵਾਰੀ । | 161. ਜੇ ਅਮਾਨਤਦਾਰ ਦੇ ਕਸੂਰ ਕਾਰਨ, ਮਾਲ ਉਚਿਤ ਸਮੇਂ ਤੇ ਵਾਪਸ ਜਾਂ ਹਵਾਲੇ ਜਾਂ ਪੇਸ਼ ਨ ਕੀਤਾ ਜਾਵੇ ਤਾਂ ਉਸ ਸਮੇਂ ਤੋਂ ਮਾਲ ਦੇ ਕਿਸੇ ਵੀ ਹਾਨ, ਨਾਸ਼ ਜਾਂ ਵਿਗਾੜ ਲਈ ਉਹ ਅਮਾਨਤਕਾਰ ਪ੍ਰਤੀ ਜ਼ਿੰਮੇਵਾਰ ਹੈ । |
| ਬਿਨਾਂ-ਇਵਜ਼ ਅਮਾਨਤ ਦੀ ਮੌਤ ਦੁਆਰਾ ਸਮਾਪਤੀ। | 162. ਬਿਨਾਂ-ਇਵਜ਼ ਅਮਾਨਤ ਅਮਾਨਤਕਾਰ ਜਾਂ ਅਮਾਨਤਦਾਰ ਮੌਤ ਦੁਆਰਾ ਸਮਾਪਤ ਹੋ ਜਾਂਦੀ ਹੈ । |
| ਅਮਾਨਤਕਾਰ ਅਮਾਨਤੀ ਮਾਲ ਤੋਂ ਹੋਏ ਵਾਧੇ ਜਾਂ ਲਾਭ ਦਾ ਹੱਕਦਾਰ ਹੈ । | 163. ਇਸ ਦੇ ਉਲਟ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿਚ, ਅਮਾਨਤਦਾਰ ਕੋਈ ਵਾਧਾ ਜਾਂ ਲਾਭ ਜਿਹੜਾ ਅਮਾਨਤੀ ਮਾਲ ਤੋਂ ਉਤਪੰਨ ਹੋਇਆ ਹੋਵੇ, ਅਮਾਨਤਕਾਰ ਨੂੰ, ਜਾਂ ਉਸਦੇ ਨਿਦੇਸ਼ਾ ਅਨੁਸਾਰ, ਹਵਾਲੇ ਕਰਨ ਲਈ ਪਾਬੰਦ ਹੈ । |

**ਦ੍ਰਿਸ਼ਟਾਂਤ**

ੳ ਇੱਕ ਗਾਂ ਦੇਖ-ਰੇਖ ਲਈ ਅ ਦੀ ਸੰਭਾਲ ਵਿਚ ਛੱਡਦਾ ਹੈ। ਗਾਂ ਵੱਛਾ ਦਿੰਦੀ ਹੈ। 'ੳ' ਗਾਂ ਅਤੇ ਨਾਲੇ ਵੱਛਾ ਵੀ 'ਅ' ਦੇ ਹਵਾਲੇ ਕਰਨ ਲਈ ਪਾਬੰਦ ਹੈ ।

| | |
|---|---|
| ਅਮਾਨਤਦਾਰ ਪ੍ਰਤਿ ਅਮਨਾਤਕਾਰ ਦੀ ਜ਼ਿੰਮੇਵਾਰੀ । | 164. ਅਮਾਨਤਕਾਰ ਕਿਸੇ ਅਜਿਹੇ ਹਾਨ ਲਈ ਆਮਾਨਤਦਾਰ ਪ੍ਰਤੀ ਜ਼ਿੰਮੇਵਾਰ ਹੈ ਜੋ ਅਮਾਨਤਦਾਰ ਇਸ ਕਾਰਨ ਉਠਾਵੇ ਕਿ ਅਮਾਨਤਕਾਰ ਅਮਾਨਤ ਦੇਣ, ਜਾਂ ਮਾਲ ਵਾਪਸ ਕਰਨ, ਜਾਂ ਉਸ ਦੇ ਸੰਬੰਧ ਵਿੱਚ ਨਿਦੇਸ਼ ਦੇਣ ਦਾ ਹੱਕਦਾਰ ਨਹੀਂ ਸੀ। |
| ਕਈ ਸੰਯੁਕਤ ਮਾਲਕਾਂ ਦੁਆਰਾ ਅਮਾਨਤ । | 165. ਜੇ ਮਾਲ ਦੇ ਕਈ ਸੰਯੁਕਤ ਮਾਲਕ,ਉਸ ਨੂੰ ਅਮਾਨਤ ਕਰਦੇ ਹਨ, ਤਾਂ ਅਮਾਨਤਦਾਰ, ਇਸ ਦੇ ਉਲਟ ਕੋਈ ਕਰਾਰ ਨ ਹੋਣ ਦੀ ਸੂਰਤ ਵਿੱਚ, ਸਭ ਮਾਲਕਾਂ ਦੀ ਸੰਮਤੀ ਤੋ ਬਿਨਾਂ ਇੱਕ ਸੰਯੁਕਤ ਮਾਲਕ ਨੂੰ, ਜਾਂ ਉਸ ਦੇ ਨਿਦੇਸ਼ਾਂ ਅਨੁਸਾਰ, ਮਾਲ ਵਾਪਸ ਹਵਾਲੇ ਕਰ ਸਕੇਗਾ। |
| ਬਿਨਾਂ ਹੱਕ ਵਾਲੇ ਅਮਾਨਤਕਾਰ ਨੂੰ ਵਾਪਸ ਹਵਾਲੇ ਕਰਨ ਤੇ ਅਮਾਨਤਦਾਰ ਜ਼ਿੰਮੇਵਾਰ ਨਹੀਂ ਹੋਵੇਗਾ । | 166. ਜੇ ਅਮਾਨਤਕਾਰ ਦਾ ਮਾਲ ਤੇ ਕੋਈ ਹੱਕ ਨ ਹੋਵੇ, ਅਤੇ ਅਮਾਨਤਦਾਰ ਨੇਕ-ਨੀਤੀ ਨਾਲ, ਉਹ ਅਮਾਨਤਕਾਰ ਨੂੰ, ਜਾਂ ਉਸ ਦੇ ਨਿਦੇਸ਼ਾਂ ਅਨੁਸਾਰ, ਵਾਪਸ ਹਵਾਲੇ ਕਰ ਦੇਵੇ, ਤਾਂ ਅਮਾਨਤਦਾਰ ਅਜਿਹੀ ਹਵਾਲਗੀ ਬਾਰੇ ਉਸਦੇ ਮਾਲਕ ਪ੍ਰਤਿ ਜ਼ਿੰਮੇਵਾਰ ਨਹੀਂ ਹੈ । |
| ਅਮਾਨਤੀ ਮਾਲ ਦਾ ਦਾਅਵਾ ਕਰਨ ਵਾਲੇ ਅਨਯ ਵਿਅਕਤੀ ਦਾ ਅਧਿਕਾਰ । | 167. ਜੇ ਅਮਾਨਤਕਾਰ ਤੋ ਬਿਨਾਂ ਹੋਰ ਕੋਈ ਵਿਅਕਤੀ ਅਮਾਨਤੀ ਮਾਲ ਤੇ ਦਾਅਵਾ ਕਰਦਾ ਹੈ ਤਾਂ ਉਹ ਅਦਾਲਤ ਨੂੰ ਦਰਖ਼ਾਸਤ ਦੇ ਸਕੇਗਾ ਕਿ ਅਮਾਨਤਕਾਰ ਨੂੰ ਮਾਲ ਦੀ ਹਵਾਲਗੀ ਰੋਕ ਦਿੱਤੀ ਜਾਵੇ, ਅਤੇ ਮਾਲ ਤੇ ਹੱਕ ਦਾ ਫ਼ੈਸਲਾ ਕੀਤਾ ਜਾਵੇ । |
| ਉਸ ਵਿਅਕਤੀ ਦਾ ਅਧਿਕਾਰ ਜਿਸ ਨੂੰ ਮਾਲ ਲਭੇ , ਉਹ ਪੇਸ਼ਕਸ਼ ਕੀਤੇ ਵਿਸ਼ੇਸ਼ ਸਿਲੇ ਲਈ ਦਾਵਾ ਕਰ ਸਕੇਗਾ । | 168. ਜਿਸ ਨੂੰ ਮਾਲ ਲੱਭੇ ਉਸ ਨੂੰ ਮਾਲ ਦੀ ਸੰਭਾਲ ਅਤੇ ਮਾਲਕ ਦਾ ਪਤਾ ਲਾਉਣ ਵਿਚ ਉਸ ਦੁਆਰਾ ਸਵੈ-ਇੱਛਾ ਨਾਲ ਉਠਾਈ ਗਈ ਤਕਲੀਫ਼ ਅਤੇ ਖ਼ਰਚ ਦੇ ਲਈ ਮੁਆਵਜ਼ੇ ਦਾ ਮਾਲਕ ਤੇ ਦਾਵਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ ; ਪਰ ਉਹ ਉਸ ਮਾਲ ਨੂੰ ਮਾਲਕ ਦੇ ਵਿਰੁੱਧ ਤਦ ਤੱਕ ਰਖੀ ਰੱਖ ਸਕੇਗਾ ਜਦ ਤੱਕ ਉਸ ਨੂੰ ਅਜਿਹਾ ਮੁਆਵਜ਼ਾ ਨ ਮਿਲ ਜਾਵੇ ; ਅਤੇ ਜਿੱਥੇ ਮਾਲਕ ਨੇ ਗੁਆਚੇ ਮਾਲ ਦੀ ਵਾਪਸੀ ਲਈ ਕਿਸੇ ਵਿਸ਼ੇਸ਼ ਸਿਲੇ ਦੀ ਪੇਸ਼ਕਸ਼ ਕੀਤੀ ਹੈ, ਉਥੇ ਲੱਭਣ ਵਾਲਾ ਅਜਿਹੇ ਸਿਲੇ ਲਈ ਦਾਵਾ ਕਰ ਸਕੇਗਾ, ਅਤੇ ਜਦ ਤੱਕ ਉਹ ਸਿਲਾ ਪ੍ਰਾਪਤ ਨ ਕਰ ਲਵੇ ਤਦ |

ਤੱਕ ਮਾਲ ਨੂੰ ਰੱਖੀ ਰੱਖ ਸਕੇਗਾ ।

169. ਜਦ ਕੋਈ ਚੀਜ਼ ਜਿਹੜੀ ਆਮ ਤੌਰ ਤੇ ਵਿਕਰੀ ਦਾ ਵਿਸ਼ਾ ਹੋਵੇ, ਗੁਆਚ ਜਾਵੇ, ਤਦ ਜੇ ਵਾਜਬ ਉੱਦਮ ਨਾਲ ਮਾਲਕ ਦਾ ਪਤਾ ਨ ਲਾਇਆ ਜਾ ਸਕੇ, ਜਾਂ ਜੇ ਉਹ ਲੱਭਣ ਵਾਲੇ ਦੇ ਕਾਨੂੰਨ-ਪੂਰਨ ਸੇਵਾਫਲ ਨੂੰ ਮੰਗੇ ਜਾਣ ਤੇ ਅਦਾ ਕਰਨ ਤੋਂ ਇਨਕਾਰ ਕਰੇ, ਤਾਂ ਲੱਭਣ ਵਾਲਾ ਉਸ ਨੂੰ ਵੇਚ ਸਕੇਗਾ, ਜਦ– ਆਮ ਵਿਕਰੀ ਦੀ ਚੀਜ਼ ਨੂੰ ਲੱਭਣ ਵਾਲਾ ਉਸ ਨੂੰ ਕਦ ਵੇਚ ਸਕੇਗਾ।

(1) ਇਹ ਖ਼ਤਰਾ ਹੋਵੇ ਕਿ ਉਹ ਚੀਜ਼ ਨਸ਼ਟ ਹੋ ਜਾਵੇਗੀ ਜਾਂ ਆਪਣੇ ਮੁੱਲ ਦੇ ਵਡੇਰੇ ਭਾਗ ਨੂੰ ਗੁਆ ਬੈਠੇਗੀ, ਜਾਂ,

(2) ਲੱਭੀ ਚੀਜ਼ ਬਾਰੇ ਲੱਭਣ ਵਾਲੇ ਦੇ ਕਾਨੂੰਨ-ਪੂਰਨ ਸੇਵਾਫਲ ਉਸ ਦੇ ਮੁੱਲ ਦੇ ਦੋ-ਤਿਹਾਈ ਦੇ ਬਰਾਬਰ ਹੋ ਜਾਣ ।

170. ਜਿੱਥੇ ਅਮਾਨਤਦਾਰ ਨੇ, ਅਮਾਨਤ ਦੇ ਪ੍ਰਯੋਜਨ ਦੀ ਅਨੁਸਾਰਤਾ ਵਿੱਚ ਅਮਾਨਤੀ ਮਾਲ ਦੇ ਬਾਰੇ ਮਿਹਨਤ ਜਾਂ ਹੁਨਰਮੰਦੀ ਪਲਚਵੀਂ ਕੋਈ ਸੇਵਾ ਕੀਤੀ ਹੈ, ਉਥੇ ਇਸ ਦੇ ਉਲਟ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿੱਚ, ਉਸ ਨੂੰ ਅਜਿਹੇ ਮਾਲ ਨੂੰ ਤਦ ਤੱਕ ਰੱਖੀ ਰੱਖਣ ਦਾ ਅਧਿਕਾਰ ਹੈ ਜਦ ਤਕ ਕਿ ਉਹ ਉਨ੍ਹਾਂ ਸੇਵਾਵਾਂ ਲਈ, ਜਿਹੜੀਆਂ ਉਸ ਨੇ ਉਨ੍ਹਾਂ ਦੇ ਬਾਰੇ ਕੀਤੀਆਂ ਹਨ, ਯੋਗ ਮਿਹਨਤਾਨਾ ਪ੍ਰਾਪਤ ਨਹੀਂ ਕਰ ਲੈਂਦਾ। ਅਮਾਨਤਦਾਰ ਦਾ ਖ਼ਾਸ-ਅਧਿਕਾਰ ।

### ਦ੍ਰਿਸ਼ਟਾਂਤ

(ੳ) ੳ, ਇੱਕ ਜੌਹਰੀ ਅ ਨੂੰ, ਅਣਘੜਿਆ ਹੀਰਾ ਘੜਨ ਅਤੇ ਪਾਲਸ਼ ਕਰਨ ਲਈ ਹਵਾਲੇ ਕਰਦਾ ਹੈ, ਜਿਹੜਾ ਕਿ ਉਸ ਅਨੁਸਾਰ ਕਰ ਦਿੱਤਾ ਜਾਂਦਾ ਹੈ । ਅ ਉਸ ਹੀਰੇ ਨੂੰ ਤਦ ਤੱਕ ਰੱਖੀ ਰੱਖਣ ਦਾ ਹੱਕਦਾਰ ਹੈ ਜਦ ਤੱਕ ਉਸ ਨੂੰ ਉਨ੍ਹਾਂ ਸੇਵਾਵਾ ਲਈ, ਜਿਹੜੀਆਂ ਉਸ ਨੇ ਕੀਤੀਆਂ ਹਨ, ਅਦਾਇਗੀ ਨਹੀਂ ਕਰ ਦਿੱਤੀ ਜਾਂਦੀ ।

(ਅ) ੳ, ਇੱਕ ਦਰਜ਼ੀ ਅ ਨੂੰ, ਕੋਟ ਬਣਾਉਣ ਲਈ ਕੱਪੜਾ ਦਿੰਦਾ ਹੈ । ਅ ਬਚਨ ਦਿੰਦਾ ਹੈ ਕਿ ਕੋਟ ਜਿਉਂ ਹੀ ਪੂਰਾ ਹੋ ਗਿਆ ੳ ਦੇ ਹਵਾਲੇ ਕਰ ਦੇਵੇਗਾ, ਅਤੇ ਕੀਮਤ ਲਈ ਤਿੰਨ ਮਹੀਨੇ ਦਾ ਉਧਾਰ ਦੇਵੇਗਾ । ਅ ਉਸ ਕੋਟ ਨੂੰ ਅਦਾਇਗੀ ਹੋਣ ਤੱਕ ਰੱਖੀ ਰੱਖਣ ਦਾ ਹੱਕਦਾਰ ਨਹੀਂ ਹੈ ।

171. ਬੈਂਕਰ, ਫੈਕਟਰ, ਘਾਟਵਾਲ, ਉੱਚ ਅਦਾਲਤ ਦੇ ਅਟਾਰਨੀ ਅਤੇ ਬੀਮਾਂ ਦਲਾਲ ਉਨ੍ਹਾਂ ਕੋਲ ਅਮਾਨਤ ਰੱਖੇ ਮਾਲ ਨੂੰ, ਇਸ ਦੇ ਉਲਟ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿੱਚ, ਲੇਖੇ ਦੀ ਆਮ ਬਾਕੀ ਦੇ ਲਈ, ਸੀਕਿਉਰਿਟੀ ਵੱਜੋਂ ਰੱਖੀ ਰੱਖ ਸਕਣਗੇ ; ਪਰ ਜੇਕਰ ਇਸ ਆਸ਼ੇ ਦਾ ਕੋਈ ਸਪੱਸ਼ਟ ਮੁਆਇਦਾ ਨ ਹੋਵੇ, ਤਾਂ ਹੋਰ ਵਿਅਕਤੀਆਂ ਨੂੰ ਕੋਈ ਅਧਿਕਾਰ ਨਹੀਂ ਹੈ ਕਿ ਉਨ੍ਹਾਂ ਕੋਲ ਅਮਾਨਤ ਰੱਖੇ ਮਾਲ ਨੂੰ ਅਜਿਹੀ ਬਾਕੀ ਲਈ ਸੀਕਿਉਰਿਟੀ ਵੱਜੋਂ ਰੱਖੀ ਰੱਖਣ । ਬੈਂਕਰਾਂ, ਫੈਕਟਰਾਂ, ਘਾਟਵਾਲਾਂ, ਅਟਾਰਨੀਆਂ ਅਤੇ ਬੀਮਾ ਦਲਾਲਾਂ ਦਾ ਆਮ ਧਾਰਨ-ਅਧਿਕਾਰ ।

### ਗਿਰਵੀ-ਰੂਪੀ ਅਮਾਨਤਾਂ

172. ਕਿਸੇ ਰਿਣ ਦੀ ਅਦਾਇਗੀ ਲਈ ਜਾਂ ਕਿਸੇ ਬਚਨ ਦੇ ਪਾਲਣ ਲਈ ਸੀਕਿਉਰਿਟੀ ਦੇ ਤੌਰ ਤੇ ਮਾਲ ਦੀ ਅਮਾਨਤ ''ਗਿਰਵੀ''ਕਹਾਉਂਦੀ ਹੈ। ਉਸ ਸੂਰਤ ਵਿਚ ਅਮਾਨਤਕਾਰ ''ਗਿਰਵੀਕਾਰ'' ਕਹਾਉਂਦਾ ਹੈ । ਅਮਾਨਤਦਾਰ ''ਗਿਰਵੀਦਾਰ'' ਕਹਾਉਂਦਾ ਹੈ । ''ਗਿਰਵੀ'', 'ਗਿਰਵੀਕਾਰ' ਅਤੇ 'ਗਿਰਵੀਦਾਰ' ਦੀ ਪਰਿਭਾਸ਼ਾ ।

ਗਿਰਵੀਦਾਰ ਦਾ ਰੱਖੀ ਰੱਖਣ ਦਾ ਅਧਿਕਾਰ ।

173. ਗਿਰਵੀਦਾਰ ਗਿਰਵੀ ਰੱਖੇ ਮਾਲ ਨੂੰ, ਕੇਵਲ ਰਿਣ ਦੀ ਅਦਾਇਗੀ ਲਈ, ਜਾਂ ਬਚਨ ਦੇ ਪਾਲਣ ਲਈ ਹੀ ਨਹੀਂ, ਸਗੋਂ ਰਿਣ ਦੇ ਵਿਆਜ, ਅਤੇ ਗਿਰਵੀ-ਰੱਖੇ ਮਾਲ ਦੇ ਕਬਜ਼ੇ ਜਾਂ ਸੰਭਾਲ ਬਾਰੇ ਉਸ ਦੁਆਰਾ ਉਠਾਏ ਗਏ ਸਭ ਜ਼ਰੂਰੀ ਖ਼ਰਚਿਆਂ ਲਈ ਵੀ, ਰੱਖੀ ਰੱਖ ਸਕੇਗਾ ।

ਜਿਸ ਰਿਣ ਜਾਂ ਬਚਨ ਲਈ ਮਾਲ ਗਿਰਵੀ ਰੱਖਿਆ ਗਿਆ ਹੈ, ਉਸ ਤੋਂ ਬਿਨਾਂ ਕਿਸੇ ਹੋਰ ਰਿਣ ਜਾਂ ਬਚਨ ਲਈ ਗਿਰਵੀਦਾਰ ਨਹੀਂ ਰੱਖੀ ਰਖੇਗਾ। ਬਾਦ ਦੀਆਂ ਪੇਸ਼ਗੀਆਂ ਦੀ ਸੂਰਤ ਵਿੱਚ ਕਿਆਸ ।

174. ਗਿਰਵੀਦਾਰ ਗਿਰਵੀ ਰੱਖੇ ਮਾਲ ਨੂੰ ਉਸ ਰਿਣ ਜਾਂ ਬਚਨ ਜਿਸਦੇ ਲਈ ਉਹ ਗਿਰਵੀ ਰੱਖਿਆ ਗਿਆ ਹੈ ਤੋਂ ਬਿਨਾਂ ਕਿਸੇ ਹੋਰ ਰਿਣ ਜਾਂ ਬਚਨ ਲਈ, ਇਸ ਆਸ਼ੇ ਦਾ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿੱਚ, ਨਹੀਂ ਰੱਖੀ ਰਖੇਗਾ ; ਪਰ ਗਿਰਵੀਦਾਰ ਦੁਆਰਾ ਦਿੱਤੀਆਂ ਗਈਆਂ ਪਿਛੋਂ ਦੀਆਂ ਪੇਸ਼ਗੀਆਂ ਦੇ ਬਾਰੇ, ਇਸਦੇ ਉਲਟ ਕੋਈ ਗੱਲ ਨ ਹੋਣ ਦੀ ਸੂਰਤ ਵਿੱਚ, ਅਜਿਹੇ ਮੁਆਇਦੇ ਦਾ ਕਿਆਸ ਕਰ ਲਿਆ ਜਾਵੇਗਾ।

ਉਠਾਏ ਗਏ ਅਸਾਧਾਰਨ ਖ਼ਰਚਿਆਂ ਬਾਰੇ ਗਿਰਵੀਦਾਰ ਦਾ ਅਧਿਕਾਰ ।

175. ਗਿਰਵੀਦਾਰ ਗਿਰਵੀ ਰੱਖੇ ਮਾਲ ਦੀ ਸੰਭਾਲ ਰੱਖਣ ਲਈ ਉਸ ਦੁਆਰਾ ਉਠਾਏ ਗਏ ਅਸਾਧਾਰਨ ਖ਼ਰਚੇ ਗਿਰਵੀਕਾਰ ਤੋਂ ਪ੍ਰਾਪਤ ਕਰਨ ਦਾ ਹੱਕਦਾਰ ਹੈ ।

ਜਿੱਥੇ ਗਿਰਵੀਕਾਰ ਕੋਤਾਹੀ ਕਰਦਾ ਹੈ ਉਥੇ ਗਿਰਵੀਦਾਰ ਦਾ ਅਧਿਕਾਰ ।

176. ਜੇ ਗਿਰਵੀਕਾਰ, ਉਸ ਰਿਣ ਦੀ ਅਦਾਇਗੀ ਕਰਨ ਵਿੱਚ ਜਾਂ ਅਨੁਬੰਧਤ ਸਮੇਂ ਤੇ ਉਸ ਬਚਨ ਦਾ ਪਾਲਣ ਕਰਨ ਵਿੱਚ ਕੋਤਾਹੀ ਕਰੇ, ਜਿਸਦੇ ਬਾਰੇ ਮਾਲ ਗਿਰਵੀ ਰੱਖਿਆ ਗਿਆ ਸੀ, ਤਾਂ ਗਿਰਵੀਦਾਰ ਉਸ ਰਿਣ ਜਾਂ ਬਚਨ ਤੇ ਗਿਰਵੀਕਾਰ ਦੇ ਵਿਰੁੱਧ ਦਾਵਾ ਕਰ ਸਕੇਗਾ, ਅਤੇ ਗਿਰਵੀ ਰੱਖੇ ਮਾਲ ਨੂੰ ਪ੍ਰਸੰਗਕ ਸੀਕਿਉਰਿਟੀ ਵੱਜੋਂ ਰੱਖੀ ਰੱਖ ਸਕੇਗਾ ; ਜਾਂ ਗਿਰਵੀਕਾਰ ਨੂੰ ਵਿਕਰੀ ਦਾ ਵਾਜਬ ਨੋਟਿਸ ਦੇ ਕੇ ਗਿਰਵੀ ਰੱਖੀ ਚੀਜ਼ ਵੇਚ ਸਕੇਗਾ ।

ਜੇ ਅਜਿਹੀ ਵਿਕਰੀ ਦੀ ਵੱਟਕ ਉਸ ਰਕਮ ਤੋਂ ਘੱਟ ਹੋਵੇ, ਜੋ ਰਿਣ ਜਾਂ ਬਚਨ ਦੇ ਬਾਰੇ ਦੇਣਯੋਗ ਹੈ, ਤਾਂ ਗਿਰਵੀਕਾਰ ਫਿਰ ਵੀ ਬਾਕੀ ਅਦਾ ਕਰਨ ਲਈ ਉੱਤਰਦਾਈ ਰਹਿੰਦਾ ਹੈ। ਜੇ ਵਿਕਰੀ ਦੀ ਵੱਟਕ ਇਸ ਤਰ੍ਹਾਂ ਦੇਣਯੋਗ ਰਕਮ ਤੋਂ ਵੱਧ ਹੋਵੇ ਤਾ ਗਿਰਵੀਦਾਰ ਉਹ ਵਾਫ਼ਰ ਰਕਮ ਗਿਰਵੀਕਾਰ ਨੂੰ ਅਦਾ ਕਰ ਦੇਵੇਗਾ ।

ਕੋਤਾਹੀ ਕਰਨ ਵਾਲੇ ਗਿਰਵੀਕਾਰ ਦਾ ਛੁਡਾਉਣ ਅਧਿਕਾਰ ।

177. ਜੇ ਉਸ ਰਿਣ ਦੀ ਅਦਾਇਗੀ ਜਾਂ ਉਸ ਬਚਨ ਦੇ ਪਾਲਣ ਲਈ, ਜਿਸ ਦੇ ਲਈ ਗਿਰਵੀ ਕੀਤੀ ਗਈ ਹੈ, ਕੋਈ ਸਮਾਂ ਅਨੁਬੰਧਤ ਹੋਵੇ ਅਤੇ ਗਿਰਵੀਕਾਰ ਰਿਣ ਦੀ ਅਦਾਇਗੀ ਜਾਂ ਬਚਨ ਦਾ ਪਾਲਣ ਅਨੁਬੰਧਤ ਸਮੇਂ ਤੇ ਕਰਨ ਵਿਚ ਕੋਤਾਹੀ ਕਰੇ, ਤਾ ਉਹ ਉਸ ਤੋ ਪਿਛੋਂ, ਉਸ ਦੀ ਵਾਸਤਵਿਕ ਵਿਕਰੀ ਤੋਂ ਪਹਿਲਾ ਕਿਸੇ ਵੀ ਸਮੇਂ, ਉਸ ਮਾਲ ਨੂੰ ਛੁਡਾ ਸਕੇਗਾ ਪਰ ਉਸ ਸੂਰਤ ਵਿੱਚ ਉਸ ਲਈ ਜ਼ਰੂਰੀ ਹੋਵੇਗਾ ਕਿ ਉਹ ਉਸ ਤੋਂ ਇਲਾਵਾ ਅਜਿਹੇ ਖ਼ਰਚ ਅਦਾ ਕਰੇ ਜਿਹੜੇ ਉਸਦੀ ਕੋਤਾਹੀ ਤੋਂ ਪੈਦਾ ਹੋਏ ਹੋਣ ।

ਵਪਾਰਕ ਏਜੰਟ ਦੁਆਰਾ ਗਿਰਵੀ।

178. ਜਿੱਥੇ ਕੋਈ ਵਪਾਰਕ ਏਜੰਟ, ਮਾਲਕ ਦੀ ਸੰਮਤੀ ਨਾਲ, ਮਾਲ ਤੇ ਜਾਂ ਮਾਲ ਤੇ ਹੱਕ ਦੀਆਂ ਦਸਤਾਵੇਜ਼ਾਂ ਤੇ ਕਬਜ਼ਾ ਰੱਖਦਾ ਹੈ, ਉਥੇ ਆਪਣੇ ਵਪਾਰਕ ਏਜੰਟ ਦੇ ਕਾਰੋਬਾਰ ਦੇ ਸਾਧਾਰਨ ਅਨੁਕ੍ਰਮ ਵਿੱਚ ਕਾਰਜ ਕਰਦਿਆਂ ਹੋਇਆਂ ਉਸ ਦੁਆਰਾ ਕੀਤੀ ਗਈ ਕੋਈ ਗਿਰਵੀ ਉੱਨੀਂ ਹੀ ਜਾਇਜ਼ ਹੋਵੇਗੀ ਮਾਨੋ ਉਹ ਮਾਲ ਦੇ ਮਾਲਕ ਦੁਆਰਾ ਸਪੱਸ਼ਟ ਤੌਰ ਤੇ ਇਸ ਤਰ੍ਹਾਂ ਕਰਨ ਲਈ ਅਖ਼ਤਿਆਰਤ ਹੋਵੇ ; ਪਰੰਤੂ ਇਹ ਤਦ ਜਦ ਗਿਰਵੀਦਾਰ ਨੇਕ-ਨੀਤੀ ਨਾਲ ਕਾਰਜ ਕਰੇ ਅਤੇ ਗਿਰਵੀ ਦੇ ਸਮੇਂ ਉਸ ਨੂੰ ਇਹ ਸੂਚਨਾ ਨ ਹੋਵੇ ਕਿ ਗਿਰਵੀਕਾਰ ਗਿਰਵੀ ਕਰਨ ਦੀ ਸੱਤਾ ਨਹੀਂ ਰਖਦਾ।

**ਵਿਆਖਿਆ :—** ਇਸ ਧਾਰਾ ਵਿੱਚ ''ਵਪਾਰਕ ਏਜੰਟ'' ਅਤੇ ''ਹੱਕ ਦੀਆਂ ਦਸਤਾਵੇਜ਼ਾ'' ਪਦਾਂ ਦੇ ਉਹ ਹੀ ਅਰਥ ਹੋਣਗੇ ਜਿਹੜੇ ਉਨ੍ਹਾਂ ਨੂੰ ਭਾਰਤੀ ਮਾਲ ਵਿੱਕਰੀ ਐਕਟ, 1930 ਵਿੱਚ ਦਿੱਤੇ ਗਏ ਹਨ ।

ਸੁੰਨਕਰਣਯੋਗ ਮੁਆਇਦੇ ਅਧੀਨ ਕਬਜ਼ਾ ਰੱਖਣ ਵਾਲੇ ਵਿਅਕਤੀ ਦੁਆਰਾ ਗਿਰਵੀ।

178ੳ. ਜਦ ਗਿਰਵੀਕਾਰ ਨੇ ਗਿਰਵੀ ਮਾਲ ਦਾ ਕਬਜ਼ਾ, ਧਾਰਾ 19 ਜਾਂ ਧਾਰਾ 19ੳ ਦੇ ਅਧੀਨ ਸੁੰਨਕਰਣਯੋਗ ਕਿਸੇ ਮੁਆਇਦੇ ਅਧੀਨ ਹਾਸਲ ਕੀਤਾ ਹੋਵੇ, ਪਰ ਮੁਆਇਦੇ ਗਿਰਵੀ ਦੇ ਸਮੇਂ ਵਿਖੰਡਤ ਨ ਹੋ ਚੁਕਿਆ ਹੋਵੇ, ਤਾਂ ਗਿਰਵੀ-ਦਾਰ ਉਸ ਮਾਲ ਤੇ ਚੰਗਾ ਹੱਕ ਅਰਜਤ ਕਰ ਲੈਂਦਾ ਹੈ, ਪਰੰਤੂ ਇਹ ਤਦ ਜਦ ਉਹ ਨੇਕ-ਨੀਤੀ ਨਾਲ ਅਤੇ ਗਿਰਵੀਕਾਰ ਦੇ ਹੱਕ ਦੇ ਨੁਕਸ ਦੀ ਸੂਚਨਾ ਤੋ ਬਿਨਾਂ ਕਾਰਜ ਕਰੇ ।

ਜਿੱਥੇ ਗਿਰਵੀਕਾਰ ਕੇਵਲ ਸੀਮਤ ਹਿੱਤ ਰੱਖਦਾ ਹੈ ਉਥੇ ਗਿਰਵੀ।

179. ਜਿੱਥੇ ਕੋਈ ਵਿਅਕਤੀ ਅਜਿਹੇ ਮਾਲ ਨੂੰ ਗਿਰਵੀ ਕਰਦਾ ਹੈ ਜਿਸ ਵਿੱਚ ਉਹ ਕੇਵਲ ਸੀਮਤ ਹਿੱਤ ਰੱਖਦਾ ਹੈ, ਉਥੇ ਗਿਰਵੀ ਉਸ ਹਿੱਤ ਦੀ ਹੱਦ ਤੱਕ ਜਾਇਜ਼ ਹੈ ।

### ਅਮਾਨਤਦਾਰਾਂ ਜਾਂ ਅਮਾਨਤਕਾਰਾਂ ਦੁਆਰਾ ਦੋਸ਼-ਕਰਤਿਆਂ ਵਿਰੁੱਧ ਦਾਵੇ

ਅਮਾਨਤਕਾਰ ਜਾਂ ਅਮਾਨਤਦਾਰ ਦੁਆਰਾ ਦੋਸ਼-ਕਰਤਾ ਵਿਰੁੱਧ ਦਾਵਾ।

180. ਜੇ ਕੋਈ ਅਨਯ ਵਿਅਕਤੀ ਅਮਾਨਤਦਾਰ ਨੂੰ ਅਮਾਨਤੀ ਮਾਲ ਦੀ ਵਰਤੋਂ ਜਾਂ ਉਸਤੇ ਕਬਜ਼ੇ ਤੋਂ ਦੋਸ਼-ਪੂਰਬਕ ਵਾਂਝਿਆਂ ਕਰੇ, ਜਾਂ ਮਾਲ ਨੂੰ ਕੋਈ ਹਾਨੀ ਪਹੁੰਚਾਵੇ, ਤਾਂ ਅਮਾਨਤਦਾਰ 1930 ਦਾ 3 ਅਜਿਹੇ ਚਾਰਿਆਂ ਦੀ ਵਰਤੋਂ ਕਰਨ ਦਾ ਹੱਕਦਾਰ ਹੈ ਜਿਨ੍ਹਾਂ ਦੀ ਉਹੋ ਜਿਹੀ ਸੂਰਤ ਵਿੱਚ ਮਾਲਕ ਵਰਤੋਂ ਕਰ ਸਕਦਾ ਜੇ ਅਮਾਨਤ ਨ ਕੀਤੀ ਗਈ ਹੁੰਦੀ ; ਅਤੇ ਜਾਂ ਤਾਂ ਅਮਾਨਤਕਾਰ ਜਾਂ ਅਮਾਨਤਦਾਰ ਅਜਿਹੇ ਵਾਂਝੇ ਕੀਤੇ ਜਾਣ ਜਾਂ ਅਜਿਹੀ ਹਾਨੀ ਲਈ ਅਨਯ ਵਿਅਕਤੀ ਵਿਰੁੱਧ ਦਾਵਾ ਕਰ ਸਕੇਗਾ।

ਅਜਿਹੇ ਦਾਵਿਆਂ ਦੁਆਰਾ ਹਾਸਲ ਹੋਈ ਦਾਦਰਸੀ ਜਾਂ ਮੁਆਵਜ਼ੇ ਦੀ ਹਿੱਸੇ-ਵੰਡ।

181. ਅਜਿਹੇ ਕਿਸੇ ਦਾਵੇ ਵਿੱਚ ਦਾਦਰਸੀ ਜਾਂ ਮੁਆਵਜ਼ੇ ਵਜੋਂ ਜੋ ਕੁਝ ਵੀ ਹਾਸਲ ਕੀਤਾ ਜਾਵੇ, ਜਿੱਥੋਂ ਤੱਕ ਅਮਾਨਤਕਾਰ ਅਤੇ ਅਮਾਨਤਦਾਰ ਦੇ ਵਿਚਕਾਰ ਦਾ ਸੰਬੰਧ ਹੈ, ਉਹ ਉਨ੍ਹਾਂ ਦੇ ਆਪੋ ਆਪਣੇ ਹਿੱਤਾਂ ਦੇ ਅਨੁਸਾਰ ਵੰਡਿਆ ਜਾਵੇਗਾ।

## ਅਧਿਆਏ X

## ਏਜੰਸੀ

### ਏਜੰਟਾਂ ਦੀ ਨਿਯੁਕਤੀ ਅਤੇ ਸੱਤਾ

''ਏਜੰਟ'' ਅਤੇ ''ਮਾਲਕ'' ਦੀ ਪਰਿਭਾਸ਼ਾ।

182. ''ਏਜੰਟ'' ਉਹ ਵਿਅਕਤੀ ਹੈ ਜਿਹੜਾ ਕਿਸੇ ਹੋਰ ਦੇ ਲਈ ਕੋਈ ਕਾਰਜ ਕਰਨ ਲਈ ਜਾਂ ਅਨਯ ਵਿਅਕਤੀਆਂ ਨਾਲ ਵਿਹਾਰਾਂ ਵਿੱਚ ਕਿਸੇ ਹੋਰ ਦੀ ਪ੍ਰਤੀਨਿਧਤਾ ਕਰਨ ਲਈ ਨਿਯੋਜਤ ਹੈ। ਉਹ ਵਿਅਕਤੀ ਜਿਸ ਦੇ ਲਈ ਅਜਿਹਾ ਕਾਰਜ ਕੀਤਾ ਜਾਂਦਾ ਹੈ,ਜਾਂ ਜਿਸਦੀ ਇਸ ਤਰ੍ਹਾਂ ਪ੍ਰਤੀਨਿਧਤਾ ਕੀਤੀ ਜਾਂਦੀ ਹੈ, ''ਮਾਲਕ'' ਕਹਾਉਂਦਾ ਹੈ।

ਏਜੰਟ ਕੌਣ ਨਿਯੋਜਤ ਕਰ ਸਕੇਗਾ।

183. ਕੋਈ ਵਿਅਕਤੀ,ਜਿਹੜਾ ਉਸ ਕਾਨੂੰਨ ਅਨੁਸਾਰ ਜਿਸਦੇ ਉਹ ਤਾਬੇ ਹੈ, ਬਾਲਗ ਉਮਰ ਦਾ ਹੈ, ਅਤੇ ਜਿਹੜਾ ਠੀਕ-ਚਿੱਤ ਹੈ, ਏਜੰਟ ਨਿਯੋਜਤ ਕਰ ਸਕੇਗਾ ।

ਏਜੰਟ ਕੌਣ ਹੋ ਸਕੇਗਾ।

184. ਜਿਥੋਂ ਤੱਕ ਮਾਲਕ ਅਤੇ ਅਨਯ ਵਿਅਕਤੀ ਦੇ ਵਿਚਕਾਰ ਦਾ ਸੰਬੰਧ ਹੈ, ਕੋਈ ਵੀ ਵਿਅਕਤੀ ਏਜੰਟ ਬਣ ਸਕੇਗਾ, ਪਰ ਕੋਈ ਵਿਅਕਤੀ, ਜਿਹੜਾ ਬਾਲਗ-ਉਮਰ ਦਾ ਅਤੇ ਠੀਕ-ਚਿੱਤ ਨ ਹੋਵੇ, ਇਸ ਤਰ੍ਹਾਂ ਏਜੰਟ ਨਹੀਂ ਹੋ ਸਕੇਗਾ ਕਿ ਇਸ ਵਿਚ ਉਸ ਨਮਿਤ ਦਰਜ ਉਪਬੰਧਾ ਦੇ ਅਨੁਸਾਰ

ਆਪਣੇ ਮਾਲਕ ਦੇ ਪ੍ਰਤਿ ਜ਼ਿੰਮੇਵਾਰ ਹੋਵੇ।

ਬਦਲ ਜ਼ਰੂਰੀ ਨਹੀਂ।

185. ਏਜੰਸੀ ਸਿਰਜਣ ਲਈ ਕੋਈ ਬਦਲ ਜ਼ਰੂਰੀ ਨਹੀਂ ਹੈ।

ਏਜੰਟ ਦੀ ਸੱਤਾ ਸਪੱਸ਼ਟ ਜਾਂ ਅਰਥਾਵੀਂ ਹੋ ਸਕੇਗੀ।

186. ਏਜੰਟ ਦੀ ਸੱਤਾ ਸਪੱਸ਼ਟ ਜਾਂ ਅਰਥਾਵੀ ਹੋ ਸਕੇਗੀ ।

ਸਪੱਸ਼ਟ ਅਤੇ ਅਰਥਾਵੀਂ ਸੱਤਾ ਦੀਆਂ ਪਰਿਭਾਸ਼ਾਵਾਂ।

187. ਸੱਤਾ ਸਪੱਸ਼ਟ ਕਹੀ ਜਾਂਦੀ ਹੈ ਜਦ ਉਹ ਬੋਲੇ ਗਏ ਜਾਂ ਲਿਖਤੀ ਸ਼ਬਦਾਂ ਦੁਆਰਾ ਦਿੱਤੀ ਜਾਵੇ । ਸੱਤਾ ਅਰਥਾਵੀਂ ਕਹੀ ਜਾਂਦੀ ਹੈ ਜਦ ਉਸਦਾ ਅਨੁਮਾਨ ਮਾਮਲੇ ਦੇ ਹਾਲਾਤਾਂ ਤੋਂ ਕਰਨਾ ਹੋਵੇ ; ਅਤੇ ਬੋਲੀਆਂ ਗਈਆਂ ਜਾਂ ਲਿਖਤੀ ਗੱਲਾਂ, ਜਾਂ ਵਿਹਾਰ ਦੇ ਸਧਾਰਨ ਅਨੁਕ੍ਰਮ, ਦੀ ਮਾਮਲੇ ਦੇ ਹਾਲਾਤ ਵਿੱਚ ਗਿਣਤੀ ਕੀਤੀ ਜਾ ਸਕੇਗੀ ।

**ਦ੍ਰਿਸ਼ਟਾਂਤ**

ਓ, ਖੁਦ ਕਲਕੱਤੇ ਰਹਿੰਦਾ ਹੈ, ਸੀਰਾਮਪੁਰ ਵਿੱਚ ਇੱਕ ਦੁਕਾਨ ਦਾ ਮਾਲਕ ਹੈ, ਅਤੇ ਉਸ ਦੁਕਾਨ ਤੇ ਕਦੀ-ਕਦੀ ਜਾਂਦਾ ਹੈ । ਦੁਕਾਨ ਦਾ ਪ੍ਰਬੰਧ ਅ ਦੁਆਰਾ ਕੀਤਾ ਜਾਂਦਾ ਹੈ, ਅਤੇ ਉਹ ਦੁਕਾਨ ਦੇ ਪ੍ਰਯੋਜਨਾ ਲਈ ਓ ਦੇ ਨਾਂ ਤੇ 'ੲ' ਨੂੰ ਮਾਲ ਲਈ ਆਰਡਰ ਦਿੰਦਾ ਰਹਿੰਦਾ ਹੈ, ਅਤੇ ਓ ਦੀ ਗਿਆਤ ਵਿੱਚ ਓ ਦੇ ਫ਼ੰਡ ਵਿੱਚੋਂ ਉਸ ਵਾਸਤੇ ਅਦਾਇਗੀ ਕਰਦਾ ਰਹਿੰਦਾ ਹੈ। ਅ ਦੁਕਾਨ ਦੇ ਪ੍ਰਯੋਜਨਾ ਲਈ ਓ ਦੇ ਨਾਂ ੲ ਨੂੰ ਮਾਲ ਆਰਡਰ ਦੇਣ ਦਾ ਓ ਦੀ ਤਰਫ਼ੋਂ ਅਰਥਾਵੀਂ ਸੱਤਾ ਰੱਖਦਾ ਹੈ ।

ਏਜੰਟ ਦੀ ਸੱਤਾ ਦਾ ਵਿਸਤਾਰ।

188. ਕੋਈ ਕਾਰਜ ਕਰਨ ਦੀ ਸੱਤਾ ਰੱਖਣ ਵਾਲਾ ਏਜੰਟ, ਹਰੇਕ ਅਜਿਹੀ ਕਾਨੂੰਨ-ਪੂਰਨ ਗੱਲ ਕਰਨ ਦੀ ਸੱਤਾ ਰੱਖਦਾ ਹੈ ਜੋ ਅਜਿਹਾ ਕਾਰਜ ਕਰਨ ਲਈ ਜ਼ਰੂਰੀ ਹੋਵੇ ।

ਕੋਈ ਕਾਰੋਬਾਰ ਚਲਾਉਣ ਦੀ ਸੱਤਾ ਰੱਖਣ ਵਾਲਾ ਏਜੰਟ, ਅਜਿਹਾ ਕਾਰੋਬਾਰ ਚਲਾਉਣ ਦੇ ਪ੍ਰਯੋਜਨ ਲਈ ਜ਼ਰੂਰੀ ਜਾਂ ਉਸ ਦੇ ਅਨੁਕ੍ਰਮ ਵਿੱਚ ਆਮ ਤੌਰ ਤੇ ਕੀਤੀ ਜਾਂਦੀ ਹਰਿਕ ਕਾਨੂੰਨ-ਪੂਰਨ ਗੱਲ ਕਰਨ ਦੀ ਸੱਤਾ ਰੱਖਦਾ ਹੈ ।

**ਦ੍ਰਿਸ਼ਟਾਂਤ**

(ੳ) 'ਅ' ਲੰਦਨ ਰਹਿੰਦਾ ਹੈ,ਬੰਬਈ ਵਿੱਚ 'ਅ' ਨੂੰ ਦੇਣਯੋਗ ਰਿਣ ਵਸੂਲ ਕਰਨ ਲਈ ਉਹ 'ਓ' ਨੂੰ ਨਿਯੋਜਤ ਕਰਦਾ ਹੈ । ਓ ਉਸ ਰਿਣ ਨੂੰ ਵਸੂਲ ਕਰਨ ਦੇ ਪ੍ਰਯੋਜਨਾਂ ਲਈ ਜ਼ਰੂਰੀ ਕੋਈ ਵੀ ਕਾਨੂੰਨੀ ਅਮਲ ਅਪਣਾ ਸਕੇਗਾ, ਅਤੇ ਉਸਦੇ ਲਈ ਜਾਇਜ਼ ਨਿਸਤਾਰਾ ਦੇ ਸਕੇਗਾ ।

(ਅ) ਓ, ਆਪਣਾ ਜਹਾਜ਼ ਨਿਰਮਾਤਾ ਦਾ ਕਾਰੋਬਾਰ ਚਲਾਉਣ ਲਈ ਅ ਨੂੰ ਆਪਣਾ ਏਜੰਟ ਬਣਾਉਂਦਾ ਹੈ । ਅ ਉਸ ਕਾਰੋਬਾਰ ਨੂੰ ਚਲਾਉਣ ਦੇ ਪ੍ਰਯੋਜਨ ਲਈ ਇਮਾਰਤੀ ਲਕੜੀ ਅਤੇ ਹੋਰ ਸਮੱਗਰੀ ਖ਼ਰੀਦ ਸਕੇਗਾ ਅਤੇ ਕਾਮਿਆ ਨੂੰ ਭਾੜੇ ਤੇ ਰੱਖ ਸਕੇਗਾ ।

ਸੰਕਟ ਸਮੇਂ ਵਿੱਚ ਏਜੰਟ ਦੀ ਸੱਤਾ।

189. ਏਜੰਟ ਨੂੰ ਸੰਕਟ ਵਿੱਚ ਇਹ ਸੱਤਾ ਹੈ ਕਿ ਆਪਣੇ ਮਾਲਕ ਦੀ ਹਾਨ ਤੋਂ ਹਿਫ਼ਾਜਤ ਦੇ ਪ੍ਰਯੋਜਨ ਲਈ ਅਜਿਹੇ ਸਭ ਕਾਰਜ ਕਰੇ, ਜੋ ਇੱਕ ਸਧਾਰਨ ਸਿਆਣਪ ਵਾਲਾ ਵਿਅਕਤੀ, ਆਪਣੇ ਮਾਮਲੇ ਵਿੱਚ, ਉਹੋ ਜਿਹੇ ਹਾਲਾਤ ਅਧੀਨ ਕਰਦਾ ।

### ਦ੍ਰਿਸ਼ਟਾਂਤ

(ੳ) ਜੇ ਜ਼ਰੂਰੀ ਹੋਵੇ ਤਾ ਵਿਕਰੀ ਕਰਨ ਵਾਲਾ ਏਜੰਟ ਮਾਲ ਦੀ ਮੁਰਮੰਤ ਕਰਾ ਸਕੇਗਾ ।

(ਅ) ੳ, ਕਲਕੱਤੇ ਵਿੱਚ ਅ ਨੂੰ ਇਨ੍ਹਾਂ ਨਿਦੇਸ਼ਾਂ ਨਾਲ ਰਸਦ ਭੇਜਦਾ ਹੈ ਕਿ ਉਹ ਉਸ ਨੂੰ ਤੁਰੰਤ ਕਟਕ ੲ ਨੂੰ ਭੇਜ ਦੇਵੇ। ਜੇ ਉਹ ਰਸਦ ਕਟਕ ਦੇ ਸਫ਼ਰ ਵਿੱਚ ਖ਼ਰਾਬ ਹੋਣ ਤੋਂ ਨਹੀਂ ਬਚ ਸਕਦੀ ਤਾਂ ਅ ਉਸ ਰਸਦ ਨੂੰ ਕਲਕੱਤੇ ਵਿੱਚ ਵੇਚ ਸਕੇਗਾ ।

### ਉਪ-ਏਜੰਟ

190. ਕੋਈ ਏਜੰਟ ਉਨ੍ਹਾਂ ਕਾਰਜਾਂ ਦੇ ਪਾਲਣ ਲਈ, ਜਿਨ੍ਹਾਂ ਦੀ ਜ਼ਾਤੀ ਤੌਰ ਤੇ ਪਾਲਣਾ ਕਰਨ ਦਾ ਉਸ ਨੇ ਸਪੱਸ਼ਟ ਜਾਂ ਅਰਥ੍ਾਵੇ ਤੌਰ ਤੇ ਜ਼ਿੰਮਾ ਲਿਆ ਹੋਵੇ, ਕਿਸੇ ਹੋਰ ਵਿਅਕਤੀ ਨੂੰ ਕਾਨੂੰਨ-ਪੂਰਬਕ ਨਿਯੋਜਤ ਨਹੀਂ ਕਰ ਸਕੇਗਾ ਸਿਵਾਏ ਤਦ ਦੇ ਜਦ ਵਪਾਰ ਦੇ ਸਧਾਰਨ ਰਵਾਜ ਦੁਆਰਾ ਉਪ-ਏਜੰਟ ਨਿਯੋਜਤ ਕੀਤਾ ਜਾ ਸਕਦਾ ਹੋਵੇ, ਜਾਂ ਏਜੰਸੀ ਦੀ ਪ੍ਰਕਿਰਤੀ ਦੇ ਅਨੁਸਾਰ ਉਪ-ਏਜੰਟ ਨਿਯੋਜਤ ਕਰਨਾ ਜ਼ਰੂਰੀ ਹੋਵੇ । ਏਜੰਟ ਕਦ ਸੌਂਪਣ ਨਹੀਂ ਕਰ ਸਕਦਾ।

191. ''ਉਪ-ਏਜੰਟ'' ਉਹ ਵਿਅਕਤੀ ਹੈ ਜੋ ਏਜੰਸੀ ਦੇ ਕਾਰੋਬਾਰ ਵਿਚ ਮੂਲ ਏਜੰਟ ਦੁਆਰਾ ਨਿਯੋਜਤ ਹੋਵੇ ਅਤੇ ਉਸ ਦੇ ਕੰਟਰੋਲ ਅਧੀਨ ਕਾਰਜ ਕਰਦਾ ਹੋਵੇ । ''ਉਪ-ਏਜੰਟ'' ਦੀ ਪਰਿਭਾਸ਼ਾ ।

192. ਜਿੱਥੇ ਕੋਈ ਉਪ-ਏਜੰਟ ਉਚਿਤ ਤੌਰ ਤੇ ਨਿਯੁਕਤ ਕੀਤਾ ਗਿਆ ਹੈ ਉਥੇ, ਜਿਥੇ ਤੱਕ ਅਨਯ ਵਿਅਕਤੀਆਂ ਦਾ ਸੰਬੰਧ ਹੈ, ਮਾਲਕ ਦੀ ਪ੍ਰਤੀਨਿਧਤਾ ਉਪ-ਏਜੰਟ ਦੁਆਰਾ ਕੀਤੀ ਜਾਂਦੀ ਹੈ, ਅਤੇ ਉਸ ਦੇ ਕਾਰਜਾਂ ਲਈ ਉਹ ਉਵੇਂ ਹੀ ਪਾਬੰਦ ਹੈ ਅਤੇ ਜ਼ਿੰਮੇਵਾਰ ਹੈ ਮਾਨੋ ਉਹ ਮਾਲਕ ਦੁਆਰਾ ਮੂਲ ਰੂਪ ਵਿੱਚ ਏਜੰਟ ਨਿਯੁਕਤ ਕੀਤਾ ਗਿਆ ਹੋਵੇ । ਉਚਿਤ ਤੌਰ ਤੇ ਨਿਯੁਕਤ ਉਪ ਏਜੰਟ ਦੁਆਰਾ ਮਾਲਕ ਦੀ ਪ੍ਰਤੀਨਿਧਤਾ।

ਉਪ-ਏਜੰਟ ਦੇ ਕਾਰਜਾਂ ਲਈ ਏਜੰਟ ਮਾਲਕ ਪ੍ਰਤਿ ਜ਼ਿੰਮੇਵਾਰ ਹੈ। ਉਪ-ਏਜੰਟ ਲਈ ਏਜੰਟ ਦੀ ਜ਼ਿੰਮੇਵਾਰੀ।

ਉਪ-ਏਜੰਟ ਆਪਣੇ ਕਾਰਜਾਂ ਲਈ ਏਜੰਟ ਪ੍ਰਤਿ ਜ਼ਿੰਮੇਵਾਰ ਹੈ, ਪਰ ਮਾਲਕ ਪ੍ਰਤਿ ਨਹੀਂ, ਸਿਵਾਏ ਕਪਟ ਜਾਂ ਜਾਣ-ਬੁਝ ਕੇ ਕੀਤੇ ਦੋਸ਼ ਦੀ ਸੂਰਤ ਦੇ । ਉਪ-ਏਜੰਟ ਦੀ ਜ਼ਿੰਮੇਵਾਰੀ।

193. ਜਿਥੇ ਕਿਸੇ ਏਜੰਟ ਨੇ ਉਪ-ਏਜੰਟ ਨਿਯੁਕਤ ਕਰਨ ਦੀ ਸੱਤਾ ਤੋਂ ਬਿਨਾਂ ਕਿਸੇ ਵਿਅਕਤੀ ਨੂੰ ਉਪ-ਏਜੰਟ ਵੱਜੋਂ ਕਾਰਜ ਕਰਨ ਲਈ ਨਿਯੁਕਤ ਕੀਤਾ ਹੋਵੇ, ਉਥੇ ਏਜੰਟ ਦਾ ਅਜਿਹੇ ਵਿਅਕਤੀ ਨਾਲ ਸੰਬੰਧ ਅਜਿਹਾ ਹੈ ਜਿਹਾ ਮਾਲਕ ਦਾ ਏਜੰਟ ਨਾਲ ਹੁੰਦਾ ਹੈ ਅਤੇ ਉਹ ਉਸਦੇ ਕਾਰਜਾਂ ਲਈ ਮਾਲਕ ਅਤੇ ਅਨਯ ਵਿਅਕਤੀ ਦੋਹਾਂ ਪ੍ਰਤਿ ਜ਼ਿੰਮੇਵਾਰ ਹੈ ; ਇਸ ਤਰ੍ਹਾਂ ਨਿਯੋਜਤ ਵਿਅਕਤੀ ਮਾਲਕ ਦੀ ਪ੍ਰਤੀਨਿਧਤਾ ਨਹੀਂ ਕਰਦਾ ਨ ਉਸ ਦੇ ਕਾਰਜਾਂ ਲਈ ਮਾਲਕ ਜ਼ਿੰਮੇਵਾਰ ਹੈ ਅਤੇ ਨ ਹੀ ਉਹ ਵਿਅਕਤੀ ਮਾਲਕ ਪ੍ਰਤਿ ਜ਼ਿੰਮੇਵਾਰ ਹੈ । ਸੱਤਾ ਤੋਂ ਬਿਨਾਂ ਨਿਯੁਕਤ ਕੀਤੇ ਉਪ-ਏਜੰਟ ਲਈ ਏਜੰਟ ਦੀ ਜ਼ਿੰਮੇਵਾਰੀ।

194. ਜਿੱਥੇ ਕਿਸੇ ਏਜੰਟ ਨੇ, ਏਜੰਸੀ ਦੇ ਕਾਰੋਬਾਰ ਵਿੱਚ ਮਾਲਕ ਵਾਸਤੇ ਕਾਰਜ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਨਾਮਤ ਕਰਨ ਦੀ ਸਪੱਸ਼ਟ ਜਾਂ ਅਰਥਾਵੀਂ ਸੱਤਾ ਰੱਖਦਿਆਂ ਹੋਇਆਂ ਕਿਸੇ ਹੋਰ ਵਿਅਕਤੀ ਨੂੰ ਉਸ ਦੇ ਅਨੁਸਾਰ ਨਾਮਤ ਕੀਤਾ ਹੈ, ਉਥੇ ਅਜਿਹਾ ਵਿਅਕਤੀ ਉਪ-ਏਜੰਟ ਨਹੀਂ ਹੈ, ਸਗੋਂ ਏਜੰਸੀ ਦੇ ਕਾਰੋਬਾਰ ਦੇ ਅਜਿਹੇ ਭਾਗ ਲਈ ਜਿਹੜਾ ਉਸ ਨੂੰ ਸੌਂਪਿਆਂ ਗਿਆ ਹੋਵੇ, ਮਾਲਕ ਦਾ ਏਜੰਟ ਹੈ । ਏਜੰਟ ਦੁਆਰਾ ਏਜੰਸੀ ਦੇ ਕਾਰੋਬਾਰ ਵਿੱਚ ਕਾਰਜ ਕਰਨ ਲਈ ਠੀਕ ਤੌਰ ਤੇ ਨਿਯੁਕਤ

ਵਿਅਕਤੀ ਅਤੇ ਮਾਲਕ ਦੇ ਵਿਚਕਾਰ ਦੇ ਸੰਬੰਧ।

**ਦ੍ਰਿਸ਼ਟਾਂਤ**

(ੳ) ੳ ਆਪਣੇ ਸਲਿਸਟਰ ਅ ਨੂੰ ਆਪਣੀ ਸੰਪਦਾ ਨੀਲਾਮੀ ਦੁਆਰਾ ਵੇਚਣ ਅਤੇ ਉਸ ਪ੍ਰਯੋਜਨ ਲਈ ਇੱਕ ਨੀਲਾਮਕਾਰ ਨਿਯੋਜਤ ਕਰਨ ਦਾ ਨਿਦੇਸ਼ ਦਿੰਦਾ ਹੈ । ਅ ਵਿਕਰੀ ਦਾ ਸੰਚਾਲਣ ਕਰਨ ਲਈ ਇੱਕ ਨੀਲਾਮਕਾਰ 'ੲ' ਨੂੰ ਨਾਮਤ ਕਰਦਾ ਹੈ । ੲ ਉਪ-ਏਜੰਟ ਨਹੀਂ ਹੈ ਸਗੋਂ ਵਿਕਰੀ ਦਾ ਸੰਚਾਲਣ ਕਰਨ ਲਈ ੳ ਦਾ ਏਜੰਟ ਹੈ ।

(ਅ) ੳ ਕਲਕੱਤੇ ਵਿੱਚ ਇੱਕ ਵਪਾਰੀ ਅ ਨੂੰ, ੲ ਅਤੇ ਕੰਪਨੀ ਵਲੋਂ ੳ ਦੇਣਯੋਗ ਧਨ ਵਸੂਲ ਕਰਨ ਲਈ ਅਖ਼ਤਿਆਰਤ ਕਰਦਾ ਹੈ । ਅ ਇੱਕ ਸਾਲਿਸਟਰ ਸ ਨੂੰ ਉਸ ਧਨ ਦੀ ਵਸੂਲੀ ਲਈ ੲ ਅਤੇ ਕੰਪਨੀ ਦੇ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਹਦਾਇਤ ਕਰਦਾ ਹੈ । ਸ ਉਪ-ਏਜੰਟ ਨਹੀਂ ਹੈ, ਸਗੋਂ ੳ ਦਾ ਸਾਲਿਸਟਰ ਹੈ ।

ਅਜਿਹੇ ਵਿਅਕਤੀ ਨੂੰ ਨਾਮਤ ਕਰਨ ਵਿੱਚ ਏਜੰਟ ਦਾ ਕਰਤੱਵ।

195. ਆਪਣੇ ਮਾਲਕ ਲਈ ਅਜਿਹਾ ਏਜੰਟ ਸਿਲੈਕਟ ਕਰਨ ਵਿੱਚ ਏਜੰਟ ਉੱਨਾਂ ਵਿਵੇਕ ਵਰਤਣ ਲਈ ਪਾਬੰਦ ਹੈ ਜਿੰਨਾ ਸਧਾਰਨ ਸਿਆਣਪ ਵਾਲਾ ਵਿਅਕਤੀ ਆਪਣੇ ਮਾਮਲੇ ਵਿੱਚ ਵਰਤਦਾ ; ਅਤੇ ਜੇ ਉਹ ਅਜਿਹਾ ਕਰਦਾ ਹੈ ਤਾਂ ਉਹ ਇਸ ਤਰ੍ਹਾਂ ਸਿਲੈਕਟ ਕੀਤੇ ਏਜੰਟ ਦੇ ਕਾਰਜਾਂ ਜਾਂ ਅਣਗਹਿਲੀ ਲਈ ਮਾਲਕ ਪ੍ਰਤਿ ਜ਼ਿੰਮੇਵਾਰ ਨਹੀਂ ਹੈ ।

**ਦ੍ਰਿਸ਼ਟਾਂਤ**

(ੳ) ੳ ਇੱਕ ਵਪਾਰੀ ਅ ਨੂੰ, ਉਸ ਲਈ ਇੱਕ ਜਹਾਜ਼ ਖਰੀਦਣ ਦੀ ਹਦਾਇਤ ਕਰਦਾ ਹੈ । ਅ ਚੰਗੀ ਸ਼ੁਹਰਤ ਵਾਲੇ ਇੱਕ ਜਹਾਜ਼ੀ ਸਰਵੇਖਕ ਨੂੰ ੳ ਲਈ ਜਹਾਜ਼ ਪਸੰਦ ਕਰਨ ਲਈ ਨਿਯੋਜਤ ਕਰਦਾ ਹੈ । ਸਰਵੇਖਕ ਪਸੰਦ ਕਰਨ ਵਿੱਚ ਅਣਗਹਿਲੀ ਵਰਤਦਾ ਹੈ, ਅਤੇ ਜਹਾਜ਼ ਸਮੁੰਦਰ-ਅਯੋਗ ਨਿਕਲਦਾ ਹੈ ਅਤੇ ਨਸ਼ਟ ਹੋ ਜਾਂਦਾ ਹੈ । ੳ ਦੇ ਪ੍ਰਤਿ ਅ ਨਹੀਂ, ਪਰ ਉਹ ਸਰਵੇਖਕ ਜ਼ਿੰਮੇਵਾਰ ਹੈ ।

(ਅ) ਅ ਨੂੰ ਜਿਹੜਾ ਇੱਕ ਵਪਾਰੀ ਹੈ, ੳ ਵਿਕਰੀ ਲਈ ਮਾਲ ਭੇਜਦਾ ਹੈ । ਅ, ਠੀਕ ਅਨੁਕ੍ਰਮ ਵਿੱਚ ਚੰਗੀ ਸਾਖ ਵਾਲੇ ਇੱਕ ਨੀਲਾਮਕਾਰ ਨੂੰ ੳ ਦਾ ਮਾਲ ਵੇਚਣ ਲਈ ਨਿਯੋਜਤ ਕਰਦਾ ਹੈ, ਅਤੇ ਨੀਲਾਮਕਾਰ ਨੂੰ ਵਿਕਰੀ ਦੀ ਵੱਟਕ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ । ਬਾਦ ਵਿੱਚ ਨਿਲਾਮੀਕਾਰ ਉਸ ਵੱਟਕ ਦਾ ਲੇਖਾ ਦਿਤੇ ਬਿਨਾਂ ਦਿਵਾਲੀਆ ਹੋ ਜਾਂਦਾ ਹੈ। ਅ ਉਸ ਵੱਟਕ ਲਈ ੳ ਦੇ ਪ੍ਰਤਿ ਜ਼ਿੰਮੇਵਾਰ ਨਹੀਂ ਹੈ ।

**ਪੁਸ਼ਟੀ**

ਕਿਸੇ ਵਿਅਕਤੀ ਵਾਸਤੇ ਉਸਦੀ ਸੱਤਾ ਤੋਂ ਬਿਨਾਂ ਕੀਤੇ ਗਏ ਕਾਰਜਾਂ ਦੇ ਬਾਰੇ ਉਸ ਦਾ ਅਧਿਕਾਰ । ਪੁਸ਼ਟੀ ਦਾ ਪ੍ਰਭਾਵ।

196. ਜਿੱਥੇ ਇੱਕ ਵਿਅਕਤੀ ਦੁਆਰਾ ਕਿਸੇ ਹੋਰ ਦੇ ਨਮਿਤ, ਪਰ ਉਸਦੇ ਗਿਆਨ ਜਾਂ ਸੱਤਾ ਤੋਂ ਬਿਨਾਂ, ਕਾਰਜ ਕੀਤੇ ਜਾਂਦੇ ਹਨ, ਉਹ ਅਜਿਹੇ ਕਾਰਜਾਂ ਦੀ ਪੁਸ਼ਟੀ ਕਰਨ ਦੀ ਜਾਂ ਉਨ੍ਹਾਂ ਨੂੰ ਅਪਣਾਉਣ ਤੋਂ ਨਾਂਹ ਕਰਨ ਦੀ ਚੋਣ ਕਰ ਸਕੇਗਾ । ਜੇ ਉਹ ਉਨ੍ਹਾਂ ਦੀ ਪੁਸ਼ਟੀ ਕਰੇ, ਤਾਂ ਉਹ ਪ੍ਰਭਾਵ ਹੋਣਗੇ ਮਾਨੋ ਉਹ ਉਸ ਦੀ ਸੱਤਾ ਨਾਲ ਕੀਤੇ ਗਏ ਸਨ।

ਪੁਸ਼ਟੀ ਸਪੱਸ਼ਟ ਜਾਂ ਅਰਥਾਵੀਂ ਹੋ ਸਕੇਗੀ।

197. ਪੁਸ਼ਟੀ ਸਪੱਸ਼ਟ ਹੋ ਸਕੇਗੀ ਜਾਂ ਉਸ ਵਿਅਕਤੀ ਦੇ,ਜਿਸਦੇ ਨਮਿਤ ਕਾਰਜ ਕੀਤੇ ਜਾਂਦੇ ਹਨ, ਆਚਰਨ ਤੋਂ ਅਰਥਾਵੀ ਹੋ ਸਕੇਗੀ।

### ਦ੍ਰਿਸ਼ਟਾਂਤ

(ੳ) ੳ, ਸੱਤਾ ਦੇ ਬਿਨਾਂ, ਅ ਲਈ ਮਾਲ ਖ਼ਰੀਦਦਾ ਹੈ । ਬਾਦ ਵਿਚ ਅ ਉਸ ਨੂੰ ਆਪਣੇ ਲੇਖੇ ੲ ਨੂੰ ਵੇਚ ਦਿੰਦਾ ਹੈ ; ਅ ਦੇ ਆਚਰਨ ਵਿੱਚ ੳ ਦੁਆਰਾ ਉਸ ਲਈ ਕੀਤੀ ਗਈ ਖਰੀਦ ਦੀ ਪੁਸ਼ਟੀ ਅਰਥਾਵੀਂ ਹੈ ।

(ਅ) ੳ ,ਅ ਦੀ ਸੱਤਾ ਤੋਂ ਬਿਨਾਂ, ਅ ਦਾ ਧਨ ੲ ਨੂੰ ਉਧਾਰ ਦਿੰਦਾ ਹੈ । ਬਾਦ ਵਿੱਚ ਅ ਉਸ ਧਨ ਤੇ ੲ ਤੋਂ ਵਿਆਜ ਸਵੀਕਾਰ ਕਰ ਲੈਂਦਾ ਹੈ । ਅ ਦੇ ਆਚਰਨ ਤੋਂ ਇਹ ਅਰਥਾਵਾਂ ਹੈ ਕਿ ਉਸ ਨੇ ਉਸ ਉਧਾਰ ਦੀ ਪੁਸ਼ਟੀ ਕੀਤੀ ਹੈ ।

198. ਉਸ ਵਿਅਕਤੀ ਦੁਆਰਾ, ਕੋਈ ਜਾਇਜ ਪੁਸ਼ਟੀ ਨਹੀਂ ਕੀਤੀ ਜਾ ਸਕਦੀ, ਜਿਸਦਾ ਮਾਮਲੇ ਦੇ ਤੱਥਾਂ ਦਾ ਗਿਆਨ ਤਤਵਿਕ੍ਰ ਰੂਪ ਵਿੱਚ ਨੁਕਸਦਾਰ ਹੈ ।

ਜਾਇਜ਼ ਪੁਸ਼ਟੀ ਲਈ ਗਿਆਨ ਲੋੜੀਂਦਾ ਹੈ।

199. ਜੋ ਵਿਅਕਤੀ ਉਸ ਦੇ ਨਮਿਤ ਕੀਤੇ ਗਏ ਕਿਸੇ ਅਣ-ਅਖ਼ਤਿਆਰਤ ਕਾਰਜ ਦੀ ਪੁਸ਼ਟੀ ਕਰਦਾ ਹੈ ਉਹ ਉਸ ਸਾਰੇ ਵਿਹਾਰ ਦੀ ਪੁਸ਼ਟੀ ਕਰਦਾ ਹੈ ਜਿਸਦਾ ਅਜਿਹਾ ਕਾਰਜ ਭਾਗ ਹੋਵੇ ।

ਕਿਸੇ ਵਿਹਾਰ ਦਾ ਭਾਗ ਹੋਣ ਵਾਲੇ ਅਣ-ਅਖ਼ਤਿਆਰਤ ਕਾਰਜ ਦੀ ਪੁਸ਼ਟੀ ਕਰਨ ਦਾ ਪ੍ਰਭਾਵ।

200. ਇੱਕ ਵਿਅਕਤੀ ਦੁਆਰਾ ਕਿਸੇ ਹੋਰ ਵਿਅਕਤੀ ਦੇ ਨਮਿਤ, ਅਜਿਹੇ ਹੋਰ ਵਿਅਕਤੀ ਦੀ ਸੱਤਾ ਤੋਂ ਬਿਨਾਂ ਕੀਤਾ ਗਿਆ ਕੋਈ ਅਜਿਹਾ ਕਾਰਜ, ਜੋ ਜੇ ਸੱਤਾ ਨਾਲ ਕੀਤਾ ਜਾਂਦਾ ਤਾਂ ਕਿਸੇ ਅਨਯ ਵਿਅਕਤੀ ਨੂੰ ਹਰਜਾਨੇ ਦੇ ਤਾਬੇ ਕਰਨ ਜਾਂ ਕਿਸੇ ਅਨਯ ਵਿਅਕਤੀ ਦੇ ਅਧਿਕਾਰ ਜਾਂ ਹਿਤ ਦੀ ਸਮਾਪਤੀ ਕਰਨ ਦਾ ਪ੍ਰਭਾਵ ਰਖਦਾ, ਪੁਸ਼ਟੀ ਦੁਆਰਾ, ਅਜਿਹਾ ਪ੍ਰਭਾਵ ਰੱਖਣ ਵਾਲਾ ਨਹੀਂ ਬਣਾਇਆ ਜਾ ਸਕੇਗਾ ।

ਅਣ-ਅਖ਼ਤਿਆਰਤ ਕਾਰਜ ਦੀ ਪੁਸ਼ਟੀ ਅਨਯ ਵਿਅਕਤੀ ਨੂੰ ਹਾਨੀ ਨਹੀਂ ਪਹੁੰਚਾ ਸਕਦੀ।

### ਦ੍ਰਿਸ਼ਟਾਂਤ

(ੳ) 'ਅ' ਦੁਆਰਾ ਇਸ ਹਿੱਤ ਅਖ਼ਤਿਆਰਤ ਨ ਹੁੰਦੇ ਹੋਏ, ੳ ਕਿਸੇ ਚੁੱਕਵੀਂ-ਵਸਤੂ ਦੀ, ਜੋ ਅ ਦੀ ਸੰਪੱਤੀ ਹੈ, ਅ ਦੇ ਨਮਿਤ ੲ ਤੋਂ, ਜੋ ਉਸ ਤੇ ਕਬਜ਼ਾ ਰਖਦਾ ਹੈ, ਹਵਾਲਗੀ ਦੀ ਮੰਗ ਕਰਦਾ ਹੈ । ਇਸ ਮੰਗ ਦੀ ਅ ਦੁਆਰਾ ਇਸ ਤਰ੍ਹਾਂ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਕਿ ਹਵਾਲੇ ਕਰਨ ਤੋਂ ਆਪਣੇ ਇਨਕਾਰ ਲਈ ੲ ਹਰਜਾਨੇ ਲਈ ਉੱਤਰਦਾਈ ਬਣ ਜਾਵੇ ।

(ਅ) ੳ ਤਿੰਨਾਂ ਮਹੀਨਿਆਂ ਦੇ ਨੋਟਿਸ ਤੇ ਸਮਾਪਤ ਕਰਨ-ਯੋਗ ਇਕ ਪੱਟਾ ਅ ਤੋਂ ਧਾਰਨ ਕਰਦਾ ਹੈ। ਇੱਕ ਅਣਅਖ਼ਤਿਆਰਤ ਵਿਅਕਤੀ ੲ, ਪੱਟੇ ਦੀ ਸਮਾਪਤੀ ਦਾ ਨੋਟਿਸ ੳ ਨੂੰ ਦਿੰਦਾ ਹੈ। ਇਸ ਨੋਟਿਸ ਦੀ ਅ ਦੁਆਰਾ ਇਸ ਤਰ੍ਹਾਂ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਕਿ ਉਹ ੳ ਤੇ ਬੰਧਨਕਾਰੀ ਹੋ ਜਾਵੇ ।

### ਸੱਤਾ ਦਾ ਪਰਤਾਉਣਾ

201. ਏਜੰਸੀ ਦੀ ਸਮਾਪਤੀ ਮਾਲਕ ਦੁਆਰਾ ਆਪਣੀ ਸੱਤਾ ਪਰਤਾਉਣ ਦੁਆਰਾ, ਜਾਂ ਏਜੰਟ ਦੁਆਰਾ ਏਜੰਸੀ ਦਾ ਕਾਰੋਬਾਰ ਤਿਆਗਣ ਦੁਆਰਾ, ਜਾਂ ਏਜੰਸੀ ਦੇ ਕਾਰੋਬਾਰ ਦੇ ਪੂਰਾ ਹੋ ਜਾਣ ਦੁਆਰਾ ; ਜਾਂ ਮਾਲਕ ਜਾਂ ਏਜੰਟ ਦੇ ਮਰ ਜਾਣ ਜਾਂ ਵਿਗੜ-ਚਿਤ ਹੋ ਜਾਣ ਦੁਆਰਾ ; ਜਾਂ ਦਿਵਾਲੀਆ ਰਿਣੀਆਂ ਦੀ ਰਾਹਤ ਲਈ ਤਤਸਮੇਂ ਨਾਫ਼ਜ ਕਿਸੇ ਐਕਟ ਦੇ ਉਪਬੰਧਾਂ ਅਧੀਨ ਮਾਲਕ

ਏਜੰਸੀ ਦੀ ਸਮਾਪਤੀ।

ਦੇ ਦਿਵਾਲੀਆ ਨਿਆਂ-ਨਿਰਣਤ ਕੀਤੇ ਜਾਣ ਦੁਆਰਾ ਹੋ ਜਾਂਦੀ ਹੈ ।

ਜਿਥੇ ਏਜੰਟ ਵਿਸ਼ੇ-ਵਸਤੂ ਵਿਚ ਕੋਈ ਹਿੱਤ ਰਖਦਾ ਹੋਵੇ ਉਥੇ ਏਜੰਸੀ ਦੀ ਸਮਾਪਤੀ।

202. ਜਿੱਥੇ ਉਸ ਸੰਪਤੀ ਵਿੱਚ ਜਿਹੜੀ ਏਜੰਸੀ ਦਾ ਵਿਸ਼ਾ-ਵਸਤੂ ਹੋਵੇ, ਏਜੰਟ ਦਾ ਆਪਣਾ ਕੋਈ ਹਿੱਤ ਹੋਵੇ, ਉਥੇ ਸਪੱਸ਼ਟ ਮੁਆਇਦਾ ਨ ਹੋਣ ਦੀ ਸੂਰਤ ਵਿੱਚ , ਏਜੰਸੀ ਇਸ ਤਰ੍ਹਾਂ ਸਮਾਪਤ ਨਹੀਂ ਕੀਤੀ ਜਾ ਸਕਦੀ ਕਿ ਉਸ ਹਿੱਤ ਤੇ ਪ੍ਰਤੀਕੂਲ ਪ੍ਰਭਾਵ ਪਵੇ।

**ਦ੍ਰਿਸ਼ਟਾਂਤ**

(ੳ) ਅ ਨੂੰ ੳ ਇਹ ਸੱਤਾ ਦਿੰਦਾ ਹੈ ਕਿ ਉਹ ੳ ਦੀ ਜ਼ਮੀਨ ਵੇਚ ਦੇਵੇ ਅਤੇ ਉਸ ਦੀ ਵੱਟਕ ਵਿੱਚੋਂ ਆਪਣੇ ਆਪ ਨੂੰ ਰਿਣਾਂ ਦੀ ਅਦਾਇਗੀ ਕਰ ਲਵੇ ਜਿਹੜੇ ਉਸ ਨੂੰ ੳ' ਦੁਆਰਾ ਦੇਣ ਯੋਗ ਹਨ । 'ੳ' ਇਹ ਸੱਤਾ ਪਰਤਾ ਨਹੀਂ ਸਕਦਾ, ਨ ਹੀ ਉਸ ਦੇ ਸ਼ੁਦਾ ਜਾਂ ਮੌਤ ਦੁਆਰਾ ਇਹ ਸਮਾਪਤ ਹੁੰਦੀ ਹੈ ।

(ਅ) ੳ ਰੂੰ ਦੀਆਂ 1,000 ਗੰਠਾਂ ਅ ਨੂੰ ਭੇਜਦਾ ਹੈ, ਜਿਸ ਨੇ ਉਸ ਨੂੰ ਅਜਿਹੀ ਰੂੰ ਲਈ ਪੇਸ਼ਗੀ ਧਨ ਦਿੱਤਾ ਹੈ, ਅਤੇ ਚਾਹੁੰਦਾ ਹੈ ਕਿ 'ਅ' ਉਹ ਰੂੰ ਵੇਚ ਦੇਵੇ ਅਤੇ ਉਸਦੀ ਕੀਮਤ ਵਿੱਚੋਂ ਆਪਣੇ ਆਪਨੂੰ ਆਪਣੀਆਂ ਪੇਸ਼ਗੀਆਂ ਦੀ ਰਕਮ ਦੀ ਮੁੜ-ਅਦਾਇਗੀ ਕਰ ਲਵੇ । 'ੳ' ਇਹ ਸੱਤਾ ਪਰਤਾ ਨਹੀਂ ਸਕਦਾ, ਨਾ ਹੀ ਉਸਦੇ ਸ਼ੁਦਾ ਜਾਂ ਮੌਤ ਦੁਆਰਾ ਇਹ ਸਮਾਪਤ ਹੁੰਦੀ ਹੈ ।

ਮਾਲਕ ਏਜੰਟ ਦੀ ਸੱਤਾ ਕਦ ਪਰਤਾ ਸਕੇਗਾ।

203. ਅੰਤਮ ਪੂਰਵਗਾਮੀ ਧਾਰਾ ਦੁਆਰ ਹੋਰਵੇਂ ਉਪਬੰਧਤ ਨੂੰ ਛਡਕੇ, ਮਾਲਕ ਆਪਣੇ ਏਜੰਟ ਨੂੰ ਦਿੱਤੀ ਸੱਤਾ, ਉਸਦੀ ਅਜਿਹੀ ਵਰਤੋਂ ਕੀਤੇ ਜਾਣ ਤੋਂ ਪਹਿਲਾ ਕਿ ਮਾਲਕ ਪਾਬੰਦ ਹੋ ਜਾਵੇ, ਕਿਸੇ ਵੀ ਸਮੇਂ ਪਰਤਾ ਸਕੇਗਾ ।

ਜਿੱਥੇ ਸੱਤਾ ਦੀ ਭਾਗ ਰੂਪ ਵਿੱਚ ਵਰਤੋਂ ਕਰ ਲਈ ਗਈ ਹੈ, ਉਥੇ ਪਰਤਾਉਣ।

204. ਮਾਲਕ ਆਪਣੇ ਏਜੰਟ ਨੂੰ ਦਿੱਤੀ ਗਈ ਸੱਤਾ, ਉਸ ਸੱਤਾ ਦੀ ਭਾਗ ਰੂਪ ਵਿੱਚ ਵਰਤੋਂ ਕੀਤੇ ਜਾਣ ਪਿਛੋਂ ਪਰਤਾ ਨਹੀਂ ਸਕਦਾ, ਜਿਥੋਂ ਤੱਕ ਉਸ ਏਜੰਸੀ ਵਿੱਚ ਪਹਿਲਾਂ ਹੀ ਕੀਤੇ ਗਏ ਕਾਰਜਾਂ ਤੋਂ ਪੈਦਾ ਹੋਏ ਕਾਰਜਾਂ ਅਤੇ ਬਾਧਾਂ ਦਾ ਸਬੰਧ ਹੈ ।

**ਦ੍ਰਿਸ਼ਟਾਂਤ**

(ੳ) ਅ ਨੂੰ ੳ ਅਖਤਿਆਰ ਦਿੰਦਾ ਹੈ ਕਿ ਉਹ 'ੳ' ਦੇ ਲੇਖੇ ਰੂੰ ਦੀਆਂ 1,000 ਗੱਠਾਂ ਖਰੀਦ ਲਵੇ ਅਤੇ ੳ ਦਾ ਜੋ ਧਨ ਅ ਦੇ ਹੱਥਾਂ ਵਿੱਚ ਬਚਿਆ ਹੋਇਆ ਹੈ ਉਸ ਵਿੱਚੋਂ ਅਦਾਇਗੀ ਕਰ ਦੇਵੇ। ਅ ਰੂੰ ਦੀਆਂ 1,000 ਗੱਠਾਂ ਆਪਣੇ ਨਾਂ ਤੇ ਇਸ ਤਰ੍ਹਾਂ ਖਰੀਦ ਲੈਂਦਾ ਹੈ ਕਿ ਉਨ੍ਹਾਂ ਦੀ ਕੀਮਤ ਲਈ ਨਿਜੀ ਤੌਰ ਤੇ ਆਪ ਉੱਤਰਦਾਈ ਬਣ ਜਾਂਦਾ ਹੈ । ਜਿਥੋਂ ਤੱਕ ਉਸਨੂੰ ਰੂੰ ਲਈ ਅਦਾਇਗੀ ਦਾ ਸੰਬੰਧ ਹੈ, ਅ ਦੀ ਸੱਤਾ 'ੳ' ਨਹੀਂ ਪਰਤਾ ਸਕਦਾ ।

(ਅ) ਅ ਨੂੰ ਅਖਤਿਆਰ ਦਿੰਦਾ ਹੈ ਕਿ ਉਹ 'ੳ' ਦੇ ਲੇਖੇ ਰੂੰ ਦੀਆਂ 1,000 ਗੱਠਾਂ ਖਰੀਦ ਲੇਵੇ ਅਤੇ 'ੳ' ਦਾ ਜੋ ਧਨ ਅ ਦੇ ਹੱਥਾਂ ਵਿੱਚ ਬਚਿਆ ਹੋਇਆ ਹੈ ਉਸ ਵਿੱਚੋਂ ਅਦਾਇਗੀ ਕਰ ਦੇਵੇ। ਅ ਰੂੰ ਦੀਆਂ 1,000 ਗੱਠਾਂ ੳ ਦੇ ਨਾਂ ਤੇ ਇਸ ਤਰ੍ਹਾਂ ਖ਼ਰੀਦ ਲੈਂਦਾ ਹੈ ਕਿ ਉਨ੍ਹਾਂ ਦੀ ਕੀਮਤ ਲਈ ਉਹ ਨਿਜੀ ਤੌਰ ਤੇ ਉੱਤਰਦਾਈ ਨਹੀਂ ਹੁੰਦਾ । ੳ, ਉਸ ਰੂੰ ਦੀ ਅਦਾਇਗੀ ਦੇ ਲਈ ਅ ਦੀ ਸੱਤਾ ਪਰਤਾ ਸਕਦਾ ਹੈ ।

ਮਾਲਕ ਦੁਆਰਾ ਪਰਤਾਉਣ ਜਾਂ ਏਜੰਟ ਦੁਆਰਾ ਤਿਆਗ ਲਈ ਮੁਆਵਜ਼ਾ।

205. ਜਿੱਥੇ ਇਹ ਸਪੱਸ਼ਟ ਜਾਂ ਅਰਥਾਵਾਂ ਮੁਆਇਦਾ ਹੋਵੇ ਕਿ ਏਜੰਸੀ ਸਮੇਂ ਦੀ ਕਿਸੇ ਮੁੱਦਤ ਲਈ ਚਾਲੂ ਰਹਿਣੀ ਹੈ, ਉਥੇ ਜ਼ਰੂਰੀ ਹੈ ਕਿ ਕਾਫ਼ੀ ਕਾਰਨਾਂ ਤੋਂ ਬਿਨਾਂ ਸਮੇਂ ਤੋਂ ਪੂਰਵ ਪਰਤਾਉਣ ਜਾਂ ਤਿਆਗ ਲਈ ਮਾਲਕ ਏਜੰਟ ਨੂੰ ਜਾਂ ਏਜੰਟ ਮਾਲਕ ਨੂੰ, ਜਿਹੀ ਕਿ ਸੂਰਤ ਹੋਵੇ, ਮੁਆਵਜ਼ਾ ਦੇਵੇ।

206. ਅਜਿਹੇ ਪਰਤਾਉਣ ਜਾਂ ਤਿਆਗ ਦੀ ਵਾਜਬੀ ਸੂਚਨਾ ਦਿੱਤਾ ਜਾਣਾ ਜ਼ਰੂਰੀ ਹੈ, ਨਹੀਂ ਤਾਂ ਜ਼ਰੂਰੀ ਹੈ ਕਿ ਉਸ ਤੋਂ ਮਾਲਕ ਜਾਂ ਏਜੰਟ ਨੂੰ, ਜਿਹੀ ਕਿ ਸੂਰਤ ਹੋਵੇ, ਹੋਣ ਵਾਲਾ ਇੱਕ ਦਾ ਨੁਕਸਾਨ ਦੂਜਾ ਪੂਰਾ ਕਰੇ ।

ਪਰਤਾਉਣ ਜਾਂ ਤਿਆਗ ਦੀ ਸੂਚਨਾ।

207. ਪਰਤਾਉਣ ਅਤੇ ਤਿਆਗ ਸਪੱਸ਼ਟ ਹੋ ਸਕਣਗੇ, ਜਾਂ ਕ੍ਰਮਵਾਰ ਮਾਲਕ ਜਾਂ ਏਜੰਟ ਦਾ ਆਚਰਨ ਦੁਆਰਾ ਅਰਥਾਵੇਂ ਹੋ ਸਕਣਗੇ ।

ਪਰਤਾਉਣ ਅਤੇ ਤਿਆਗ ਸਪੱਸ਼ਟ ਜਾਂ ਅਰਥਾਵੇਂ ਹੋ ਸਕਣਗੇ।

**ਦ੍ਰਿਸ਼ਟਾਂਤ**

ੳ ਆਪਣਾ ਘਰ ਕਿਰਾਏ ਤੇ ਦੇਣ ਲਈ 'ਅ' ਨੂੰ ਸ਼ਕਤੀ ਦਿੰਦਾ ਹੈ। ਬਾਦ ਵਿੱਚ 'ੳ' ਆਪ ਹੀ ਉਸ ਨੂੰ ਕਿਰਾਏ ਤੇ ਦੇ ਦਿੰਦਾ ਹੈ। ਇਹ ਅ ਦੀ ਸੱਤਾ ਦਾ ਅਰਥਾਵਾਂ ਪਰਤਾਉਣ ਹੈ।

208. ਕਿਸੇ ਏਜੰਟ ਦੀ ਸੱਤਾ ਦੀਂ ਸਮਾਪਤੀ, ਜਿਥੋਂ ਤੱਕ ਏਜੰਟ ਦਾ ਸੰਬੰਧ ਹੈ, ਉਸ ਨੂੰ ਉਸ ਦਾ ਗਿਆਨ ਹੋਣ ਤੋਂ ਪਹਿਲਾਂ, ਜਾਂ ਜਿਥੋਂ ਤੱਕ ਅਨਯ ਵਿਅਕਤੀਆਂ ਦਾ ਸੰਬੰਧ ਹੈ, ਉਨ੍ਹਾਂ ਨੂੰ ਉਸ ਦਾ ਗਿਆਨ ਹੋਣ ਤੋਂ ਪਹਿਲਾਂ, ਪ੍ਰਭਾਵੀ ਨਹੀਂ ਹੁੰਦੀ ।

ਏਜੰਟ ਦੀ ਸੱਤਾ ਦੀ ਸਮਾਪਤੀ ਏਜੰਟ ਦੇ ਸੰਬੰਧ ਵਿਚ ਕਦ ਅਤੇ ਅਨਯ ਵਿਅਕਤੀਆਂ ਦੇ ਸੰਬੰਧ ਵਿਚ ਕਦ ਪ੍ਰਭਾਵੀ ਹੁੰਦੀ ਹੈ।

**ਦ੍ਰਿਸ਼ਟਾਂਤ**

(ੳ) ਅ ਨੂੰ ੳ ਆਪਣੇ ਵੱਲੋਂ ਮਾਲ ਵੇਚਣ ਦਾ ਨਿਦੇਸ਼ ਦਿੰਦਾ ਹੈ ਅਤੇ ਉਸ ਮਾਲ ਦੁਆਰਾ ਜੋ ਕੀਮਤ ਮਿਲੇ ਉਸ ਤੇ ਅ ਨੂੰ ਪੰਜ ਪ੍ਰਤੀ ਸੈਂਕੜਾ ਕਮਿਸ਼ਨ ਦੇਣ ਦਾ ਕਰਾਰ ਕਰਦਾ ਹੈ । ੳ ਬਾਦ ਵਿੱਚ, ਪੱਤਰ ਦੁਆਰਾ ਅ ਦੀ ਸੱਤਾ ਪਰਤਾ ਲੈਂਦਾ ਹੈ । ਅ, ਉਸ ਪੱਤਰ ਦੇ ਭੇਜੇ ਜਾਣ ਤੋਂ ਪਿਛੋਂ, ਪਰ ਉਸਦੀ ਪ੍ਰਾਪਤੀ ਤੋਂ ਪਹਿਲਾਂ, ਮਾਲ 100 ਰੁਪਏ ਵਿੱਚ ਵੇਚ ਦਿੰਦਾ ਹੈ। ਇਹ ਵਿਕਰੀ 'ੳ' ਤੇ ਬੰਧਨਕਾਰੀ ਹੈ, ਅਤੇ ਅ ਆਪਣੇ ਕਮਿਸ਼ਨ ਵਜੋਂ ਪੰਜ ਰੁਪਏ ਦਾ ਹੱਕਦਾਰ ਹੈ ।

(ਅ) ੳ ਜੋ ਮਦਰਾਸ ਵਿੱਚ ਹੈ, ਪੱਤਰ ਦੁਆਰਾ ਅ ਨੂੰ ਨਿਦੇਸ਼ ਦਿੰਦਾ ਹੈ ਕਿ ਉਹ ਬੰਬਈ ਵਿੱਚ ਇੱਕ ਮਾਲਗੁਦਾਮ ਵਿੱਚ ਰੱਖੀ ਹੋਈ ਕੁਝ ਰੂੰ ੳ ਵਲੋਂ ਵੇਚ ਦੇਵੇ, ਅਤੇ ਬਾਦ ਵਿੱਚ, ਪੱਤਰ ਦੁਆਰਾ, ਉਸ ਦੀ ਵੇਚਣ ਦੀ ਸੱਤਾ ਪਰਤਾ ਲੈਂਦਾ ਹੈ, ਅਤੇ ਅ ਨੂੰ ਨਿਦੇਸ਼ ਦਿੰਦਾ ਹੈ ਕਿ ਉਹ ਰੂੰ ਮਦਰਾਸ ਭੇਜ ਦੇਵੇ। ਅ ਦੂਜਾ ਪੱਤਰ ਆਉਣ ਤੋਂ ਪਿਛੋਂ ੲ ਨਾਲ, ਜਿਸਨੂੰ ਪਹਿਲੇ ਪੱਤਰ ਦਾ ਗਿਆਨ ਹੈ, ਪਰ ਦੂਜੇ ਦਾ ਨਹੀਂ, ਉਹ ਰੂੰ ਉਸ ਨੂੰ ਵੇਚਣ ਦਾ ਮੁਆਇਦਾ ਕਰਦਾ ਹੈ । ਅ ਨੂੰ ੲ ਧਨ ਅਦਾ ਕਰ ਦਿੰਦਾ ਹੈ, ਜਿਸ ਨੂੰ ਲੈ ਕੇ ਅ ਫ਼ਰਾਰ ਹੋ ਜਾਂਦਾ ਹੈ । ੳ ਦੇ ਵਿਰੁੱਧ ੲ ਦੀ ਅਦਾਇਗੀ ਠੀਕ ਹੈ।

(ੲ) ੳ ਆਪਣੇ ਏਜੰਟ ਅ ਨੂੰ ਕੁਝ ਧਨ ੲ ਨੂੰ ਦੇਣ ਦਾ ਨਿਦੇਸ਼ ਦਿੰਦਾ ਹੈ। ੳ ਮਰ ਜਾਂਦਾ ਹੈ, ਅਤੇ ਸ ਉਸ ਦੀ ਵਸੀਅਤ ਦਾ ਪ੍ਰੋਬੇਟ ਲੈਂਦਾ ਹੈ । ੳ ਦੀ ਮੌਤ ਦੇ ਪਿੱਛੋਂ ਪਰ ਮੌਤ ਦੀ ਖ਼ਬਰ ਸੁਣਨ ਤੋਂ ਪਹਿਲਾਂ ੲ ਨੂੰ ਅ ਧਨ ਅਦਾ ਕਰ ਦਿੰਦਾ ਹੈ । ਵਸੀਅਤ ਸਾਧਕ ਸ ਦੇ ਵਿਰੁਧ ਇਹ ਅਦਾਇਗੀ ਠੀਕ ਹੈ ।

209. ਜੱਦ ਮਾਲਕ ਦੀ ਮੌਤ ਹੋਣ ਜਾਂ ਉਸ ਦੇ ਵਿਗੜ-ਚਿਤ ਹੋ ਜਾਣ ਦੁਆਰਾ ਏਜੰਸੀ ਦੀ ਸਮਾਪਤੀ ਹੋ ਜਾਵੇ, ਤਦ ਏਜੰਟ ਉਸ ਨੂੰ ਸੌਂਪੇ ਹਿੱਤਾਂ ਦੀ ਹਿਫ਼ਾਜ਼ਤ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਲਈ, ਆਪਣੇ ਸਾਬਕ ਮਾਲਕ ਦੇ ਪ੍ਰਤਿਨਿਧਾਂ ਦੇ ਨਮਿਤ, ਸਭ ਵਾਜਬ ਕਦਮ ਉਠਾਉਣ ਲਈ ਪਾਬੰਦ ਹੈ ।

ਮਾਲਕ ਦੀ ਮੌਤ ਜਾਂ ਸ਼ੁਦਾ ਦੁਆਰਾ ਏਜੰਸੀ ਦੀ ਸਮਾਪਤੀ ਏਜੰਟ ਤੇ ਏਜੰਟ ਦਾ ਕਰਤੱਵ।

ਉਪ-ਏਜੰਟ ਦੀ ਸੱਤਾ ਸਮਾਪਤੀ।

210. ਕਿਸੇ ਏਜੰਟ ਦੀ ਸੱਤਾ ਦੀ ਸਮਾਪਤੀ, ਉਸ ਦੁਆਰਾ ਨਿਯੁਕਤ ਸਭ ਉਪ-ਏਜੰਟਾਂ ਦੀ ਸੱਤਾ ਦੀ (ਏਜੰਟ ਦੀ ਸੱਤਾ ਦੀ ਸਮਾਪਤੀ ਬਾਰੇ ਇਸ ਵਿੱਚ ਦਰਜ ਨਿਯਮਾਂ ਦੇ ਤਾਬੇ) ਸਮਾਪਤੀ ਕਾਰਤ ਕਰ ਦਿੰਦੀ ਹੈ।

### ਮਾਲਕ ਪ੍ਰਤਿ ਏਜੰਟ ਦਾ ਕਰਤੱਵ

ਮਾਲਕ ਦੇ ਕਾਰੋਬਾਰ ਦੇ ਸੰਚਾਲਣ ਵਿੱਚ ਏਜੰਟ ਦਾ ਕਰਤੱਵ।

211. ਏਜੰਟ ਆਪਣੇ ਮਾਲਕ ਦਾ ਕਾਰੋਬਾਰ ਮਾਲਕ ਦੁਆਰਾ ਦਿੱਤੇ ਗਏ ਨਿਦੇਸ਼ਾ ਦੇ ਅਨੁਸਾਰ ਜਾਂ, ਅਜਿਹੇ ਕਿਸੇ ਨਿਦੇਸ਼ਾ ਦੀ ਅਣਹੋਂਦ ਵਿੱਚ, ਉਸ ਰਵਾਜ ਦੇ ਅਨੁਸਾਰ ਸੰਚਾਲਤ ਕਰਨ ਲਈ ਪਾਬੰਦ ਹੈ ਜਿਹੜਾ ਉਸ ਸਥਾਨ ਤੇ ਜਿੱਥੇ ਏਜੰਟ ਅਜਿਹਾ ਕਾਰੋਬਾਰ ਚਲਾਉਂਦਾ ਹੈ ਉਸੇ ਕਿਸਮ ਦੇ ਕਾਰੋਬਾਰ ਕਰਨ ਵਿੱਚ, ਪ੍ਰਚਲਤ ਹੋਵੇ । ਜਦ ਏਜੰਟ ਹੋਰਵੇਂ ਕਾਰਜ ਕਰਦਾ ਹੈ, ਜੇ ਕੋਈ ਹਾਨ ਉਠਾਇਆ ਜਾਵੇ, ਤਾਂ ਜ਼ਰੂਰੀ ਹੈ ਕਿ ਉਹ ਮਾਲਕ ਦਾ ਹਾਨ ਪੂਰਾ ਕਰੇ ਅਤੇ ਜੇ ਕੋਈ ਲਾਭ ਹੋਵੇ ਉਸ ਦਾ ਲੇਖਾ ਦੇਵੇ ।

### ਦ੍ਰਿਸ਼ਟਾਂਤ

(ੳ) ੳ ਇੱਕ ਏਜੰਟ , ਜੋ ਅ ਵਲੋਂ ਕਾਰੋਬਾਰ ਸੰਚਾਲਨ ਵਿੱਚ ਲਗਾ ਹੋਇਆ ਹੈ, ਜਿਸ ਵਿੱਚ ਸਮੇਂ ਸਮੇਂ ਤੇ ਧਨ ਜਿਹੜਾ ਹੱਥ ਵਿਚ ਹੋਵੇ ਵਿਆਜ ਤੇ ਲਾਉਣ ਦਾ ਰਵਾਜ ਹੈ, ਇਸ ਤਰ੍ਹਾਂ ਧਨ ਲਾਉਣ ਤੋਂ ਉਕਾਈ ਕਰਦਾ ਹੈ । ੳ ਲਈ ਜ਼ਰੂਰੀ ਹੈ ਕਿ ਇਸ ਤਰ੍ਹਾਂ ਧਨ ਲਾਉਣ ਦੁਆਰਾ ਆਮ ਤੌਰ ਤੇ ਹਾਸਲ ਹੋਣ ਵਾਲਾ ਵਿਆਜ ਅ ਨੂੰ ਪੂਰਾ ਕਰੇ ।

(ਅ) ਇੱਕ ਦਲਾਲ ਅ, ਜਿਸਦੇ ਕਾਰੋਬਾਰ ਵਿੱਚ ਉਧਾਰ ਤੇ ਵੇਚਣ ਦਾ ਰਵਾਜ ਨਹੀਂ ਹੈ, ੳ ਦਾ ਮਾਲ ੲ ਨੂੰ, ਉਧਾਰ ਵੇਚਦਾ ਹੈ, ਜਿਸਦੀ ਸਾਖ ਉਸ ਸਮੇਂ ਬਹੁਤ ਉੱਚੀ ਸੀ । ੲ, ਅਦਾਇਗੀ ਤੋਂ ਪਹਿਲਾਂ ਦਿਵਾਲੀਆ ਹੋ ਜਾਂਦਾ ਹੈ । ਅ ਲਈ ਜ਼ਰੂਰੀ ਹੈ ਕਿ ੳ ਦਾ ਹਾਨ ਪੂਰਾ ਕਰੇ ।

ਏਜੰਟ ਤੋਂ ਲੋੜੀਂਦੀ ਹੁਨਰਮੰਦੀ ਅਤੇ ਤਨਦਿਹੀ।

212. ਏਜੰਟ ਏਜੰਸੀ ਦਾ ਕਾਰੋਬਾਰ ਉੱਨੀ ਹੁਨਰਮੰਦੀ ਨਾਲ ਸੰਚਾਲਣ ਕਰਨ ਲਈ ਪਾਬੰਦ ਹੈ, ਜਿੰਨੀ ਉਸੇ ਤਰ੍ਹਾਂ ਦੇ ਕਾਰੋਬਾਰ ਵਿੱਚ ਲੱਗੇ ਹੋਏ ਵਿਅਕਤੀਆਂ ਵਿੱਚ ਸਧਾਰਨ ਤੌਰ ਤੇ ਹੁੰਦੀ ਹੈ, ਪਰ ਇਹ ਤਦ ਜਦ ਮਾਲਕ ਨੂੰ ਉਸ ਵਿੱਚ ਹੁਨਰਮੰਦੀ ਦੀ ਥੁੜ ਦੀ ਸੂਚਨਾ ਨ ਹੋਵੇ । ਏਜੰਟ ਸਦਾ ਵਾਜਬੀ ਤਨਦਿਹੀ ਨਾਲ ਕਾਰਜ ਕਰਨ ਲਈ ਅਤੇ ਅਜਿਹੀ ਹੁਨਰਮੰਦੀ ਜਿਹੜੀ ਉਹ ਰਖਦਾ ਹੋਵੇ ਵਰਤਣ ਲਈ ਅਤੇ ਉਸਦੀ ਆਪਣੀ ਅਣਗਹਿਲੀ, ਹੁਨਰਮੰਦੀ ਦੀ ਥੁੜ ਜਾਂ ਦੁਰਾਚਾਰ ਦੇ ਸਿੱਧੇ ਪਰਿਣਾਮਾਂ ਦੇ ਬਾਰੇ ਆਪਣੇ ਮਾਲਕ ਨੂੰ ਮੁਆਵਜ਼ਾ ਦੇਣ ਲਈ ਪਾਬੰਦ ਹੈ, ਪਰ ਅਜਿਹੇ ਹਾਨ ਜਾਂ ਨੁਕਸਾਨ ਬਾਰੇ ਨਹੀਂ ਜੋ ਅਜਿਹੇ ਅਣਗਹਿਲੀ, ਹੁਨਰਮੰਦੀ ਦੀ ਥੁੜ ਜਾਂ ਦੁਰਾਚਾਰ ਦੁਆਰਾ ਅਸਿੱਧੇ ਜਾਂ ਦੁਰੇਡੇ ਤੌਰ ਤੇ ਕਾਰਤ ਹੋਣ ।

### ਦ੍ਰਿਸ਼ਟਾਂਤ

(ੳ) ਕਲਕੱਤੇ ਦੇ ਇੱਕ ਵਪਾਰੀ ੳ ਦਾ ਇੱਕ ਏਜੰਟ ਅ ਲੰਦਨ ਵਿੱਚ ਹੈ ਜਿਸਨੂੰ ੳ ਦੇ ਲੇਖੇ ਕੁਝ ਧਨ ਇਸ ਹੁਕਮ ਨਾਲ ਦਿਤਾ ਜਾਂਦਾ ਹੈ ਕਿ ਉਹ ਉਸ ਨੂੰ ਭੇਜ ਦੇਵੇ । ਅ ਉਹ ਧਨ ਕਾਫ਼ੀ ਸਮੇਂ ਤੱਕ ਰਖੀ ਰੱਖਦਾ ਹੈ । ੳ ਉਹ ਧਨ ਪ੍ਰਾਪਤ ਨ ਹੋਣ ਦੇ ਪਰਿਣਾਮ ਵੱਜੋਂ ਦਿਵਾਲੀਆ ਹੋ ਜਾਂਦਾ ਹੈ । ਅ ਉਸ ਧਨ ਲਈ ਅਤੇ ਜਿਸ ਦਿਨ ਉਹ ਅਦਾ ਕੀਤਾ ਜਾਣਾ ਚਾਹੀਦਾ ਸੀ ਉਸ ਤੋਂ, ਆਮ ਦਰ ਅਨੁਸਾਰ, ਵਿਆਜ ਲਈ ਅਤੇ ਕਿਸੇ ਹੋਰ ਸਿੱਧੇ ਹਾਨ ਲਈ-ਜਿਵੇਂ ਕਿ ਉਦਾਹਰਣ ਲਈ, ਵਟਾਂਦਰਾ ਦਰ ਦੇ ਅਦਲ-ਬਦਲ ਦੁਆਰਾ ਉੱਤਰਦਾਈ ਹੈ ਪਰ ਹੋਰ ਲਈ ਨਹੀਂ ।

(ਅ) ਮਾਲ ਦੀ ਵਿਕਰੀ ਲਈ ਇੱਕ ਏਜੰਟ ੳ, ਜਿਸ ਨੂੰ ਉਧਾਰ ਤੇ ਵੇਚਣ ਦੀ ਸੱਤਾ ਹੈ ਅ ਦੀ ਕਰਜ਼ਾ ਚਕਾਉਣ ਦੀ ਸਮੱਰਥਾ ਬਾਰੇ ਉਚਿਤ ਅਤੇ ਆਮ ਪੜਤਾਲ ਕੀਤੇ ਬਿਨਾਂ, ਅ ਨੂੰ ਉਧਾਰ ਤੇ ਵੇਚਦਾ ਹੈ। ਅਜਿਹੀ ਵਿਕਰੀ ਦੇ ਸਮੇਂ ਅ ਦਿਵਾਲੀਆ ਹੈ । ੳ ਲਈ ਜ਼ਰੂਰੀ ਹੈ ਕਿ ਇਸ ਦੁਆਰਾ ਹੋਏ ਕਿਸੇ ਹਾਨ ਬਾਰੇ ਆਪਣੇ ਮਾਲਕ ਨੂੰ ਮੁਆਵਜ਼ਾ ਦੇਵੇ ।

(ੲ) ਸਮੁੰਦਰੀ ਜਹਾਜ਼ ਦਾ ਬੀਮਾ ਕਰਨ ਲਈ ਅ ਦੁਆਰਾ ਨਿਯੋਜਤ ਇੱਕ ਬੀਮਾ ਦਲਾਲ ੳ, ਇਹ ਵੇਖਣ ਤੋਂ ਉਕਾਈ ਕਰਦਾ ਹੈ ਕਿ ਪਾਲਿਸੀ ਵਿੱਚ ਉਹ ਖੰਡ ਰੱਖੇ ਜਾਣ ਜੋ ਆਮ ਰੱਖੇ ਜਾਂਦੇ ਹਨ। ਬਾਦ ਵਿੱਚ ਜਹਾਜ਼ ਨਸ਼ਟ ਹੋ ਜਾਂਦਾ ਹੈ । ਉਨ੍ਹਾਂ ਖੰਡਾਂ ਦੇ ਨ ਹੋਣ ਦੇ ਪਰਿਣਾਮ ਵਜੋਂ ਬੀਮਾਕਾਰਾ ਤੋ ਕੁਝ ਵਸੂਲ ਨਹੀਂ ਕੀਤਾ ਜਾ ਸਕਦਾ । ਅ ਦੇ ਹਾਨ ਪੂਰਾ ਕਰਨ ਲਈ 'ੳ' ਪਾਬੰਦ ਹੈ ।

(ਸ) ਇੰਗਲੈਂਡ ਵਿੱਚ ਇੱਕ ਵਪਾਰੀ ੳ, ਬੰਬਈ ਵਿੱਚ ਆਪਣੇ ਏਜੰਟ ਅ ਨੂੰ, ਜੋ ਏਜੰਸੀ ਸਵੀਕਾਰ ਕਰਦਾ ਹੈ, ਰੂੰ ਦੀਆਂ 100 ਗੱਠਾਂ ਇੱਕ ਨਿਸਚਿਤ ਸਮੁੰਦਰੀ ਜਹਾਜ਼ ਦੁਆਰਾ ਉਸ ਨੂੰ ਭੇਜਣ ਦਾ ਨਿਦੇਸ਼ ਦਿੰਦਾ ਹੈ । ਅ ਰੂੰ ਭੇਜਣ ਦੀ ਸ਼ਕਤੀ ਰੱਖਦੇ ਹੋਏ ਅਜਿਹਾ ਕਰਨ ਵਿੱਚ ਉਕਾਈ ਕਰਦਾ ਹੈ । ਉਹ ਜਹਾਜ਼ ਸਹੀ-ਸਲਾਮਤ ਇੰਗਲੈਂਡ ਪਹੁੰਚ ਜਾਂਦਾ ਹੈ । ਉਸਦੇ ਪਹੁੰਚਣ ਤੋਂ ਤਰੁੰਤ ਪਿਛੋਂ ਰੂੰ ਦੀ ਕੀਮਤ ਚੜ੍ਹ ਜਾਂਦੀ ਹੈ । ੳ ਪ੍ਰਤਿ ਅ ਉਹ ਲਾਭ ਪੂਰਾ ਕਰਨ ਲਈ ਪਾਬੰਦ ਹੈ ਜਿਹੜਾ ਉਹ ਰੂੰ ਦੀਆਂ 100 ਗੱਠਾਂ ਦੁਆਰਾ ਉਸ ਸਮੇਂ ਕਮਾਉਂਦਾ ਜਦ ਸਮੁੰਦਰੀ ਜਹਾਜ਼ ਪਹੁੰਚਿਆ ਸੀ, ਪਰ ਉਹ ਲਾਭ ਨਹੀਂ ਜਿਹੜਾ ਉਸ ਪਿਛੋਂ ਚੜ੍ਹੀ ਕੀਮਤ ਕਾਰਨ ਹੁੰਦਾ ਹੈ ।

ਏਜੰਟ ਦਾ ਲੇਖਾ।

213. ਏਜੰਟ ਮੰਗ ਤੇ ਆਪਣੇ ਮਾਲਕ ਨੂੰ ਉਚਿਤ ਲੇਖਾ ਦੇਣ ਲਈ ਪਾਬੰਦ ਹੈ ।

ਮਾਲਕ ਨਾਲ ਸੰਪਰਕ ਰਖਣ ਦਾ ਏਜੰਟ ਦਾ ਕਰਤੱਵ ।

214. ਏਜੰਟ ਦਾ ਇਹ ਕਰਤੱਵ ਹੈ ਕਿ ਕਠਨਾਈ ਦੀਆਂ ਸੂਰਤਾਂ ਵਿੱਚ ਆਪਣੇ ਮਾਲਕ ਨਾਲ ਸੰਪਰਕ ਰੱਖਣ ਅਤੇ ਉਸ ਦੀਆਂ ਹਦਾਇਤਾਂ ਹਾਸਲ ਕਰਨ ਵਿਚ ਪੂਰੀ ਵਾਜਬੀ ਤਨਦਿਹੀ ਵਰਤੇ।

ਮਾਲਕ ਦਾ ਅਧਿਕਾਰ ਜਦ ਏਜੰਟ ਏਜੰਸੀ ਦੇ ਕਾਰੋਬਾਰ ਵਿੱਚ ਮਾਲਕ ਦੀ ਸੰਮਤੀ ਤੋਂ ਬਿਨਾਂ ਆਪਣੇ ਹੀ ਲੇਖੇ ਵਿਹਾਰ ਕਰਦਾ ਹੈ।

215. ਜੇ ਕੋਈ ਏਜੰਟ ਆਪਣੇ ਮਾਲਕ ਦੀ ਸੰਮਤੀ ਪਹਿਲਾਂ ਹਾਸਲ ਕੀਤੇ ਬਿਨਾਂ ਅਤੇ ਉਸ ਨੂੰ ਉਨ੍ਹਾਂ ਸਭ ਅਹਿਮ ਹਾਲਾਤ ਤੋਂ, ਜਿਹੜੇ ਉਸ, ਵਿਸ਼ੇ ਤੇ ਉਸਦੇ ਆਪਣੇ ਗਿਆਨ ਵਿੱਚ ਆਏ ਹੋਣ, ਜਾਣੂ ਕਰਾਏ ਬਿਨਾਂ, ਏਜੰਸੀ ਦੇ ਕਾਰੋਬਾਰ ਵਿੱਚ ਆਪਣੇ ਹੀ ਲੇਖੇ ਵਿਹਾਰ ਕਰੇ, ਤਾਂ ਮਾਲਕ, ਵਿਹਾਰ ਦਾ ਨਿਰਾਕਰਣ ਕਰ ਸਕੇਗਾ, ਜੇ ਮਾਮਲੇ ਤੋਂ ਇਹ ਦਿਸੇ ਕਿ ਜਾਂ ਤਾਂ ਏਜੰਟ ਦੁਆਰਾ ਕੋਈ ਤਤਵਿਕ ਤੱਥ ਬੇਈਮਾਨੀ ਨਾਲ ਉਸ ਤੋ ਲੁਕੋਇਆ ਗਿਆ ਹੈ ਜਾਂ ਏਜੰਟ ਦੇ ਵਿਹਾਰ ਉਸ ਪ੍ਰਤਿ ਅਲਾਭਕਾਰੀ ਰਹੇ ਹਨ ।

**ਦ੍ਰਿਸ਼ਟਾਂਤ**

(ੳ) ੳ ਆਪਣੀ ਸੰਪਦਾ ਵੇਚਣ ਦਾ ਅ ਨੂੰ ਨਿਦੇਸ਼ ਦਿੰਦਾ ਹੈ । 'ਅ' ਉਹ ਸੰਪਦਾ ੲ ਦੇ ਨਾਂ ਤੇ ਆਪਣੇ ਲਈ ਖ਼ਰੀਦ ਲੈਂਦਾ ਹੈ । ੳ ਇਹ ਪਤਾ ਲੱਗਣ ਤੇ ਕਿ ਅ ਨੇ ਸੰਪਦਾ ਆਪਣੇ ਲਈ ਖ਼ਰੀਦੀ ਹੈ ਉਸ ਵਿਕਰੀ ਦਾ ਨਿਰਾਕਰਣ ਕਰ ਸਕੇਗਾ, ਜੇ ਉਹ ਇਹ ਵਿਖਾ ਸਕੇ ਕਿ ਅ ਨੇ ਬੇਈਮਾਨੀ ਨਾਲ ਕੋਈ ਅਹਿਮ ਤੱਥ ਲੁਕੋਇਆ ਹੈ ਜਾ ਵਿਕਰੀ ਉਸ ਦੇ ਲਈ ਅਲਾਭਕਾਰੀ ਰਹੀ ਹੈ ।

(ਅ) ੳ ਆਪਣੀ ਸੰਪਦਾ ਵੇਚਣ ਲਈ ਅ ਨੂੰ ਨਿਦੇਸ਼ ਦਿੰਦਾ ਹੈ । ਅ ਵੇਚਣ ਤੋਂ ਪਹਿਲਾਂ ਉਸ ਸੰਪਦਾ ਨੂੰ ਵੇਖਣ ਤੇ ਇਹ ਜਾਣ ਜਾਂਦਾ ਹੈ ਕਿ ਉਸ ਸੰਪਦਾ ਵਿਚ ਇੱਕ ਖਾਣ ਹੈ ਜਿਸ ਤੋਂ

ੳ ਅਗਿਆਤ ਹੈ । ੳ ਨੂੰ ਅ ਸੂਚਿਤ ਕਰਦਾ ਹੈ ਕਿ ਉਹ ਸੰਪਦਾ ਆਪਣੇ ਲਈ ਖ਼ਰੀਦਣਾ ਚਾਹੁੰਦਾ ਹੈ ਪਰ ਖਾਣ ਦਾ ਪਤਾ ਲੱਗਣਾ ਲੁਕੋ ਜਾਂਦਾ ਹੈ । ੳ ਉਸ ਖਾਣ ਦੀ ਹੋਂਦ ਤੋਂ ਅਗਿਆਨ ਵਿੱਚ ਅ ਨੂੰ ਖਰੀਦਣ ਦਿੰਦਾ ਹੈ । ੳ ਇਹ ਪਤਾ ਲੱਗਣ ਤੇ ਕਿ 'ਅ' ਖਾਣ ਦੇ ਬਾਰੇ ਉਸ ਸਮੇਂ ਜਾਣਦਾ ਸੀ ਜਦ ਉਸ ਨੇ ਸੰਪਦਾ ਖ਼ਰੀਦੀ, ਉਸ ਵਿਕਰੀ ਦਾ ਆਪਣੀ ਮਰਜ਼ੀ ਤੇ, ਜਾਂ ਨਿਰਾਕਰਣ ਕਰ ਸਕੇਗਾ ਜਾਂ ਅੰਗੀਕਾਰ ਕਰ ਸਕੇਗਾ ।

ਏਜੰਸੀ ਦੇ ਕਾਰੋਬਾਰ ਵਿੱਚ ਆਪਣੇ ਲੇਖੇ ਵਿਹਾਰ ਕਰਨ ਤੇ ਏਜੰਟ ਦੁਆਰਾ ਹਾਸਲ ਕੀਤੇ ਫ਼ਾਇਦੇ ਤੇ ਮਾਲਕ ਦਾ ਅਧਿਕਾਰ ।

216. ਜੇ ਕੋਈ ਏਜੰਟ, ਆਪਣੇ ਮਾਲਕ ਦੇ ਗਿਆਨ ਤੋਂ ਬਿਨਾਂ ਏਜੰਸੀ ਦੇ ਕਾਰੋਬਾਰ ਵਿੱਚ ਆਪਣੇ ਮਾਲਕ ਦੇ ਲੇਖੇ ਵਿਹਾਰ ਕਰਨ ਦੀ ਬਜਾਏ ਆਪਣੇ ਹੀ ਲੇਖੇ ਵਿਹਾਰ ਕਰਦਾ ਹੈ ਤਾਂ ਮਾਲਕ ਏਜੰਟ ਤੋਂ ਉਸ ਫ਼ਾਇਦੇ ਦਾ ਦਾਅਵਾ ਕਰਨ ਦਾ ਹੱਕਦਾਰ ਹੈ, ਜਿਹੜਾ ਉਸ ਨੂੰ ਉਸ ਵਿਹਾਰ ਤੋਂ ਹੋਇਆ ਹੋਵੇ ।

**ਦ੍ਰਿਸ਼ਟਾਂਤ**

ੳ ਆਪਣੇ ਲਈ ਇੱਕ ਨਿਸਚਿਤ ਮਕਾਨ ਖ਼ਰੀਦਣ ਦਾ ਨਿਦੇਸ਼ ਆਪਣੇ ਏਜੰਟ 'ਅ' ਨੂੰ ਦਿੰਦਾ ਹੈ । ੳ ਨੂੰ ਅ ਦੱਸਦਾ ਹੈ ਕਿ ਉਹ ਖ਼ਰੀਦਿਆ ਨਹੀਂ ਜਾ ਸਕਦਾ, ਅਤੇ ਉਹ ਮਕਾਨ ਆਪਣੇ ਲਈ ਖ਼ਰੀਦ ਲੈਂਦਾ ਹੈ । ੳ ਇਹ ਪਤਾ ਲੱਗਣ ਤੇ ਕਿ ਅ ਨੇ ਉਹ ਮਕਾਨ ਖ਼ਰੀਦ ਲਿਆ ਹੈ, ਉਸ ਨੂੰ ਉਹ ੳ ਪਾਸ ਉਸੇ ਕੀਮਤ ਤੇ ਵੇਚਣ ਲਈ ਮਜਬੂਰ ਕਰ ਸਕੇਗਾ ਜੋ ਉਸ ਨੇ ਉਸ ਵਾਸਤੇ ਦਿੱਤੀ ਹੋਵੇ ।

ਮਾਲਕ ਦੇ ਲੇਖੇ ਪ੍ਰਾਪਤ ਰਕਮਾਂ ਵਿੱਚੋਂ ਏਜੰਟ ਦਾ ਰੱਖੀ ਰੱਖਣ ਦਾ ਅਧਿਕਾਰ।

217. ਏਜੰਟ ਏਜੰਸੀ ਦੇ ਕਾਰੋਬਾਰ ਵਿੱਚ ਮਾਲਕ ਦੇ ਲੇਖੇ ਪ੍ਰਾਪਤ ਰਕਮਾਂ ਵਿੱਚੋਂ, ਅਜਿਹੇ ਕਾਰੋਬਾਰ ਦੇ ਸੰਚਾਲਣ ਵਿੱਚ ਉਸ ਦੁਆਰਾ ਦਿੱਤੀਆਂ ਗਈਆਂ ਪੇਸ਼ਗੀਆਂ ਜਾਂ ਉਚਿਤ ਤੌਰ ਤੇ ਉਠਾਏ ਗਏ ਖ਼ਰਚਿਆਂ ਬਾਰੇ ਉਸ ਨੂੰ ਦੇਣਯੋਗ ਸਭ ਧਨ ਅਤੇ ਅਜਿਹਾ ਮਿਹਨਤਾਨਾ ਵੀ ਜੋ ਉਸ ਨੂੰ ਏਜੰਟ ਵੱਜੋਂ ਕਾਰਜ ਕਰਨ ਲਈ ਅਦਾਇਗੀ ਯੋਗ ਹੋਵੇ, ਆਪਣੇ ਕੋਲ ਰੱਖ ਸਕੇਗਾ ।

ਮਾਲਕ ਦੇ ਲਈ ਪ੍ਰਾਪਤ ਰਕਮਾਂ ਅਦਾ ਕਰਨ ਦਾ ਏਜੰਟ ਦਾ ਕਰਤੱਵ।

218.ਅਜਿਹੀਆਂ ਕਟੌਤਿਆਂ ਦੇ ਤਾਬੇਂ, ਏਜੰਟ ਮਾਲਕ ਨੂੰ ਉਸਦੇ ਲੇਖੇ ਪ੍ਰਾਪਤ ਸਭ ਰਕਮਾਂ ਅਦਾ ਕਰਨ ਲਈ ਪਾਬੰਦ ਹੈ ।

ਏਜੰਟ ਦਾ ਮਿਹਨਤਾਨਾ ਕਦ ਦੇਣਯੋਗ ਹੁੰਦਾ ਹੈ।

219. ਕੋਈ ਵਿਸ਼ੇਸ਼ ਮੁਆਇਦਾ ਨ ਹੋਣ ਦੀ ਸੂਰਤ ਵਿੱਚ, ਕਿਸੇ ਕਾਰਜ ਦੇ ਪਾਲਣ ਲਈ ਏਜੰਟ ਨੂੰ ਅਦਾਇਗੀ ਤਦ ਤੱਕ ਦੇਣਯੋਗ ਨਹੀ ਹੁੰਦੀ ਜਦ ਤੱਕ ਕਿ ਉਹ ਕਾਰਜ ਪੂਰਾ ਨ ਹੋ ਜਾਵੇ ; ਪਰ ਏਜੰਟ ਵੇਚੇ ਗਏ ਮਾਲ ਦੇ ਲੇਖੇ ਉਸ ਨੂੰ ਪ੍ਰਾਪਤ ਹੋਇਆ ਧਨ ਰੋਕੀ ਰੱਖ ਸਕੇਗਾ ਭਾਵੇਂ ਵਿਕਰੀ ਲਈ ਉਸ ਨੂੰ ਭੇਜਿਆ ਗਿਆ ਸਾਰਾ ਮਾਲ ਵੇਚਿਆ ਨ ਜਾ ਸਕਿਆਂ ਹੋਵੇ ਜਾਂ ਭਾਵੇਂ ਵਿਕਰੀ ਵਾਸਤਵ ਵਿਚ ਪੂਰੀ ਨ ਹੋਈ ਹੋਵੇ ।

ਦੁਰਸੰਚਾਲਤ ਕਾਰੋਬਾਰ ਲਈ ਏਜੰਟ ਮਿਹਨਤਾਨੇ ਦਾ ਹੱਕਦਾਰ ਨਹੀਂ ਹੈ ।

220. ਜਿਹੜਾ ਏਜੰਟ ਏਜੰਸੀ ਦੇ ਕਾਰੋਬਾਰ ਵਿੱਚ ਦੁਰਸੰਚਾਲਣ ਦਾ ਕਸੂਰਵਾਰ ਹੈ, ਉਹ ਕਾਰੋਬਾਰ ਦੇ ਉਸ ਭਾਗ ਦੇ ਬਾਰੇ ਵਿਚ ਜਿਸਦਾ ਉਸਨੇ ਦੁਰਸੰਚਾਲਣ ਕੀਤਾ ਹੈ, ਕਿਸੇ ਮਿਹਨਤਾਨੇ ਦਾ ਹੱਕਦਾਰ ਨਹੀਂ ਹੈ ।

**ਦ੍ਰਿਸ਼ਟਾਂਤ**

(ੳ) ੲ ਤੋਂ 1,00,000 ਰੁਪਏ ਵਸੂਲ ਕਰਨ ਅਤੇ ਉਨ੍ਹਾਂ ਨੂੰ ਚੰਗੀ ਸੀਕਿਉਰਿਟੀ ਤੇ ਲਾਉਣ ਲਈ ਅ ਨੂੰ ੳ ਨਿਯੋਜਤ ਕਰਦਾ ਹੈ । ਅ 1,00,000 ਰੁਪਿਆ ਵਸੂਲ ਕਰਦਾ ਹੈ ਅਤੇ 90,000 ਰੁਪਏ ਚੰਗੀ ਸੀਕਿਉਰਿਟੀ ਤੇ ਲਾਉਂਦਾ ਹੈ ਪਰ 10,000 ਰੁਪਏ ਅਜਿਹੀ ਸੀਕਿਉਰਿਟੀ

ਤੇ ਲਾਉਂਦਾ ਹੈ ਜਿਸਦਾ ਮਾੜਾ ਹੋਣਾ ਉਸ ਨੂੰ ਗਿਆਤ ਹੋਣਾ ਚਾਹੀਦਾ ਸੀ, ਪਰਿਣਾਮ ਵਜੋਂ ੳ ਨੂੰ 2000 ਰੁਪਏ ਦਾ ਹਾਨ ਹੁੰਦਾ ਹੈ। ਅ 1,00,000 ਰੁਪਿਆ ਵਸੂਲ ਕਰਨ ਲਈ ਅਤੇ 90,000 ਰੁਪਿਆ ਲਾਉਣ ਲਈ ਮਿਹਨਤਾਨਾ ਲੈਣ ਦਾ ਹੱਕਦਾਰ ਹੈ । ਉਹ 10,000 ਰੁਪਏ ਲਾਉਣ ਲਈ ਮਿਹਨਤਾਨੇ ਦਾ ਹੱਕਦਾਰ ਨਹੀਂ ਹੈ ਅਤੇ ਉਸ ਲਈ ਜ਼ਰੂਰੀ ਹੈ ਕਿ ੳ ਦੇ 2,000 ਰੁਪਏ ਪੂਰੇ ਕਰੇ।

(ਅ) ੲ ਤੋਂ 1,000 ਰੁਪਏ ਵਸੂਲ ਕਰਨ ਲਈ ਅ ਨੂੰ ੳ ਨਿਯੋਜਤ ਕਰਦਾ ਹੈ । ਅ ਦੇ ਦੁਰਸੰਚਾਲਣ ਕਾਰਨ ਉਹ ਧਨ ਵਸੂਲ ਨਹੀਂ ਹੁੰਦਾ । ਅ ਆਪਣੀਆਂ ਸੇਵਾਵਾਂ ਲਈ ਕਿਸੇ ਮਿਹਨਤਾਨੇ ਦਾ ਹੱਕਦਾਰ ਨਹੀਂ ਹੈ ਅਤੇ ਉਸ ਲਈ ਜ਼ਰੂਰੀ ਹੈ ਕਿ ਹਾਨ ਪੂਰਾ ਕਰੇ ।

221. ਇਸਦੇ ਉਲਟ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿਚ, ਏਜੰਟ ਉਸ ਦੁਆਰਾ ਪ੍ਰਾਪਤ ਮਾਲਕ ਦਾ ਮਾਲ, ਕਾਗਜ-ਪੱਤਰ ਅਤੇ ਹੋਰ ਸੰਪੱਤੀ, ਭਾਵੇਂ ਚੁਕਵੀਂ ਹੋਵੇ ਜਾਂ ਅਚੁੱਕਵੀਂ, ਤਦ ਤੱਕ ਰੱਖੀ ਰੱਖਣ ਦਾ ਹੱਕਦਾਰ ਹੈ ਜਦ ਤੱਕ ਉਸ ਨੂੰ ਉਸਦੇ ਸੰਬੰਧ ਵਿਚ ਕਮਿਸ਼ਨ ਵੰਡਿਆਂ ਰਕਮਾਂ ਅਤੇ ਸੇਵਾਵਾਂ ਕਰਣ ਲਈ ਦੇਣਯੋਗ ਰਕਮ ਅਦਾ ਨ ਕਰ ਦਿਤੀ ਜਾਵੇ ਜਾਂ ਉਸਦਾ ਲੇਖਾ ਨ ਦੇ ਦਿਤਾ ਜਾਵੇ। ਮਾਲਕ ਦੀ ਸੰਪਤੀ ਤੇ ਏਜੰਟ ਦਾ ਧਾਰਨ-ਅਧਿਕਾਰ

**ਏਜੰਟ ਪ੍ਰਤਿ ਮਾਲਕ ਦਾ ਕਰਤੱਵ**

222. ਏਜੰਟ ਦਾ ਨਿਯੋਜਕ ਉਨ੍ਹਾਂ ਸਭ ਕਾਨੂੰਨ-ਪੂਰਨ ਕਾਰਜਾਂ ਦੇ ਪਰਿਣਾਮਾ ਲਈ ਉਸ ਦੀ ਹਾਨ-ਪੂਰਤੀ ਕਰਨ ਲਈ ਪਾਬੰਦ ਹੈ ਜੋ ਅਜਿਹੇ ਏਜੰਟ ਨੇ ਉਸ ਨੂੰ ਪ੍ਰਦਾਨ ਕੀਤੀ ਸੱਤਾ ਦੀ ਵਰਤੋਂ ਵਿੱਚ ਕੀਤੇ ਹੋਣ । ਕਾਨੂੰਨ-ਪੂਰਨ ਕਾਰਜਾਂ ਦੇ ਪਰਿਣਾਮਾਂ ਲਈ ਏਜੰਟ ਦੀ ਹਾਨ-ਪੂਰਤੀ ਕੀਤੀ ਜਾਵੇਗੀ ।

**ਦ੍ਰਿਸ਼ਟਾਂਤ**

(ੳ) ਕਲਕੱਤੇ ਦੇ 'ੳ' ਦੀਆਂ ਹਦਾਇਤਾ ਅਧੀਨ ਅ ਸਿੰਘਾਪੁਰ ਵਿੱਚ 'ੲ' ਨੂੰ ਕੁਝ ਮਾਲ ਹਵਾਲੇ ਕਰਨ ਦਾ ਉਸ ਨਾਲ ਮੁਆਇਦਾ ਕਰਦਾ ਹੈ । ਅ ਨੂੰ ੳ ਉਹ ਮਾਲ ਨਹੀਂ ਭੇਜਦਾ ਅਤੇ 'ੲ' ਮੁਆਇਦਾ-ਭੰਗ ਲਈ 'ਅ' ਤੇ ਦਾਵਾ ਕਰਦਾ ਹੈ । ੳ ਨੂੰ ਅ ਦਾਵੇ ਬਾਰੇ ਸੂਚਤ ਕਰਦਾ ਹੈ ਅਤੇ ੳ ਉਸ ਨੂੰ ਦਾਵੇ ਵਿਚ ਜਵਾਬਦਿਹੀ ਕਰਨ ਲਈ ਅਖ਼ਤਿਆਰ ਦਿੰਦਾ ਹੈ । ਅ ਦਾਵੇ ਵਿਚ ਜਵਾਬਦਿਹੀ ਕਰਦਾ ਹੈ ਅਤੇ ਉਹ ਹਰਜਾਨਾ ਅਤੇ ਖ਼ਰਚਾ ਅਦਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਖ਼ਰਚ ਉਠਾਉਂਦਾ ਹੈ । ੳ ਅਜਿਹੇ ਹਰਜਾਨੇ, ਖ਼ਰਚੇ ਅਤੇ ਖਰਚ ਲਈ ਅ ਪ੍ਰਤੀ ਉੱਤਰਦਾਈ ਹੈ ।

(ਅ) ਕਲਕੱਤੇ ਵਿੱਚ ਇਕ ਦਲਾਲ ਅ, ਉੱਥੋਂ ਦੇ ਇੱਕ ਵਪਾਰੀ ੳ ਦੇ ਹੁਕਮਾਂ ਨਾਲ ੳ ਦੇ ਲਈ ੲ ਨਾਲ 10 ਕੁਪੇ ਤੇਲ ਖ਼ਰੀਦਣ ਦਾ ਮੁਆਇਦਾ ਕਰਦਾ ਹੈ। ਬਾਦ ਵਿੱਚ ੳ ਤੇਲ ਲੈਣ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਅ ਤੇ ੲ ਦਾਵਾ ਕਰਦਾ ਹੈ। ੳ ਨੂੰ ਅ ਸੂਚਤ ਕਰਦਾ ਹੈ ਜਿਹੜਾ ਮੁਆਇਦੇ ਦਾ ਮੂਲੋਂ ਹੀ ਨਿਰਾਕਰਣ ਕਰ ਦਿੰਦਾ ਹੈ। ਅ ਜਵਾਬਦਿਹੀ ਕਰਦਾ ਹੈ ਪਰ ਅਸਫਲ ਰਹਿੰਦਾ ਹੈ, ਅਤੇ ਉਸ ਨੂੰ ਹਜਰਾਨਾ ਅਤੇ ਖ਼ਰਚਾ ਅਦਾ ਕਰਨਾ ਪੈਂਦਾ ਹੈ ਅਤੇ ਉਹ ਖ਼ਰਚ ਉਠਾਉਂਦਾ ਹੈ। ੳ ਅਜਿਹੇ ਹਰਜਾਨੇ, ਖ਼ਰਚੇ ਅਤੇ ਖ਼ਰਚ ਲਈ ਅ ਪ੍ਰਤੀ ਉੱਤਰਦਾਈ ਹੈ।

223. ਜਿੱਥੇ ਇੱਕ ਵਿਅਕਤੀ ਕਿਸੇ ਹੋਰ ਨੂੰ ਕੋਈ ਕਾਰਜ ਕਰਨ ਲਈ ਨਿਯੋਜਤ ਕਰਦਾ ਹੈ ਅਤੇ ਉਹ ਏਜੰਟ ਉਸ ਕਾਰਜ ਨੂੰ ਨੇਕ-ਨੀਤੀ ਨਾਲ ਕਰਦਾ ਹੈ, ਨਿਯੋਜਕ ਉਸ ਕਾਰਜ ਦੇ ਪਰਿਣਾਮਾਂ ਲਈ ਏਜੰਟ ਦੀ ਹਾਨ-ਪੂਰਤੀ ਕਰਨ ਲਈ ਉੱਤਰਦਾਈ ਹੈ, ਭਾਵੇਂ ਉਹ ਕਾਰਜ ਅਨਯ ਵਿਅਕਤੀਆਂ ਦੇ ਅਧਿਕਾਰਾਂ ਨੂੰ ਹਾਨੀ ਕਾਰਤ ਕਰਦਾ ਹੋਵੇ । ਨੇਕ-ਨੀਤੀ ਨਾਲ ਕੀਤੇ ਗਏ ਕਾਰਜਾਂ ਦੇ ਪਰਿਣਾਮਾਂ ਲਈ ਏਜੰਟ ਦੀ ਹਾਨ-ਪੂਰਤੀ ਕੀਤੀ ਜਾਵੇਗੀ ।

**ਦ੍ਰਿਸ਼ਟਾਂਤ**

(ੳ) ੳ, ਇੱਕ ਡਿਗਰੀਦਾਰ, ਜੋ ਅ ਦੇ ਮਾਲ ਦੇ ਵਿਰੁੱਧ ਉਸ ਡਿਗਰੀ ਦੀ ਇਜਰਾ ਕਰਾਉਣ ਦਾ ਹੱਕਦਾਰ ਹੈ, ਕੁਝ ਮਾਲ ਨੂੰ ਅ ਦਾ ਮਾਲ ਦਰਸਾ ਕੇ ਅਦਾਲਤ ਦੇ ਅਫ਼ਸਰ ਤੋਂ ਲੋੜਦਾ ਹੈ

ਕਿ ਉਹ ਉਸ ਮਾਲ ਨੂੰ ਫੜ ਲਵੇ। ਉਹ ਅਫ਼ਸਰ ਉਹ ਮਾਲ ਫੜ ਲੈਂਦਾ ਹੈ ਅਤੇ ਉਸ ਤੇ ਮਾਲ ਦੇ ਅਸਲ ਮਾਲਕ ਏ ਦੁਆਰਾ ਦਾਵਾ ਕੀਤਾ ਜਾਂਦਾ ਹੈ । ਓ ਉਸ ਰਕਮ ਲਈ ਉਸ ਅਫ਼ਸਰ ਦੀ ਹਾਨ-ਪੂਰਤੀ ਕਰਨ ਉੱਤਰਦਾਈ ਹੈ, ਜੋ ਉਹ ਓ ਦੇ ਨਿਦੇਸ਼ ਮੰਨਣ ਦੇ ਪਰਿਣਾਮ ਵਜੋਂ ਏ ਨੂੰ ਅਦਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ।

(ਅ) ਓ ਦੀ ਬੇਨਤੀ ਤੇ ਅ ਉਹ ਮਾਲ ਵੇਚਦਾ ਹੈ ਜੋ ਓ ਦੇ ਕਬਜ਼ੇ ਵਿੱਚ ਤਾਂ ਹੈ, ਪਰ ਜਿਸਦੇ ਨਿਪਟਾਰੇ ਲਈ ਓ ਕੋਈ ਅਧਿਕਾਰ ਨਹੀਂ ਸੀ ਰਖਦਾ । ਅ ਇਹ ਗੱਲ ਨਹੀਂ ਜਾਣਦਾ ਅਤੇ ਵਿਕਰੀ ਦੀ ਵੱਟਕ ਓ ਦੇ ਹਵਾਲੇ ਕਰ ਦਿੰਦਾ ਹੈ। ਬਾਦ ਵਿੱਚ ਏ, ਉਸ ਮਾਲ ਦਾ ਅਸਲੀ ਮਾਲਕ, ਅ ਤੇ ਦਾਵਾ ਕਰਦਾ ਹੈ ਅਤੇ ਮਾਲ ਦਾ ਮੁੱਲ ਅਤੇ ਖ਼ਰਚਾ ਵਸੂਲ ਕਰ ਲੈਂਦਾ ਹੈ । ਏ ਨੂੰ ਜੋ ਕੁਝ ਅਦਾ ਕਰਨ ਲਈ ਅ ਮਜਬੂਰ ਕੀਤਾ ਗਿਆ ਹੈ ਉਸ ਦੀ ਅਤੇ ਅ ਦੇ ਆਪਣੇ ਖ਼ਰਚਾ ਲਈ, ਓ ਉਸ ਦੀ ਹਾਨ-ਪੂਰਤੀ ਕਰਨ ਲਈ ਉੱਤਰਦਾਈ ਹੈ ।

ਅਪਰਾਧਕ ਕਾਰਜ ਕਰਨ ਲਈ ਏਜੰਟ ਦੇ ਨਿਯੋਜਕ ਦਾ ਉੱਤਰਦਾਈ ਨ ਹੋਣਾ ।

224. ਜਿੱਥੇ ਇੱਕ ਵਿਅਕਤੀ ਕਿਸੇ ਹੋਰ ਵਿਅਕਤੀ ਨੂੰ ਅਜਿਹਾ ਕਾਰਜ ਕਰਨ ਲਈ ਨਿਯੋਜਤ ਕਰਦਾ ਹੈ, ਜੋ ਅਪਰਾਧਕ ਹੈ, ਉਥੇ ਨਿਯੋਜਕ ਉਸ ਕਾਰਜ ਦੇ ਪਰਿਣਾਮਾਂ ਲਈ, ਨ ਸਪੱਸ਼ਟ ਅਤੇ ਨ ਹੀ ਅਰਥਾਵੇਂ ਬਚਨ ਦੇ ਅਧਾਰ ਤੇ ਏਜੰਟ ਦੀ ਹਾਨ-ਪੂਰਤੀ ਕਰਨ ਲਈ ਉੱਤਰਦਾਈ ਹੈ ।

**ਦ੍ਰਿਸ਼ਟਾਂਤ**

(ੳ) ਏ ਨੂੰ ਕੁੱਟਣ ਲਈ ਓ ਅ ਨੂੰ ਨਿਯੋਜਤ ਕਰਦਾ ਹੈ, ਅਤੇ ਉਸ ਕਾਰਜ ਦੇ ਸਭ ਪਰਿਣਾਮਾਂ ਲਈ ਉਸਦੀ ਹਾਨ-ਪੂਰਤੀ ਕਰਨ ਦਾ ਕਰਾਰ ਕਰਦਾ ਹੈ । ਉਸ ਤੇ ਏ ਨੂੰ ਅ ਕੁਟੱਦਾ ਹੈ ਅਤੇ ਅਜਿਹਾ ਕਰਨ ਲਈ ਉਸ ਨੂੰ ਏ ਨੂੰ ਹਰਜਾਨਾ ਦੇਣਾ ਪੈਂਦਾ ਹੈ । ਓ ਉਸ ਹਰਜਾਨੇ ਲਈ ਅ ਦੀ ਹਾਨ-ਪੂਰਤੀ ਕਰਨ ਲਈ ਉੱਤਰਦਾਈ ਨਹੀਂ ਹੈ ।

(ਅ) ਅ ਇੱਕ ਅਖ਼ਬਾਰ ਦਾ ਮਾਲਿਕ ਓ ਦੀ ਬੇਨਤੀ ਤੇ ਉਸ ਅਖ਼ਬਾਰ ਵਿੱਚ ਏ ਦੇ ਵਿਰੁੱਧ ਇੱਕ ਅਪਮਾਨ-ਲੇਖ ਪ੍ਰਕਾਸ਼ਤ ਕਰਦਾ ਹੈ ਅਤੇ 'ਓ' ਉਸ ਪ੍ਰਕਾਸ਼ਨ ਦੇ ਪਰਿਣਾਮਾਂ ਅਤੇ ਉਸਦੇ ਸੰਬੰਧ ਵਿੱਚ ਜੋ ਵੀ ਕਾਰਵਾਈ ਹੋਵੇ ਉਸ ਦੇ ਸਭ ਖ਼ਰਚੇ ਅਤੇ ਹਰਜਾਨੇ ਲਈ ਅ ਦੀ ਹਾਨ-ਪੂਰਤੀ ਕਰਨ ਦਾ ਕਰਾਰ ਕਰਦਾ ਹੈ । ਏ ਦੁਆਰਾ 'ਅ' ਤੇ ਦਾਵਾ ਕੀਤਾ ਜਾਂਦਾ ਹੈ ਅਤੇ ਉਸ ਨੂੰ ਹਰਜਾਨਾ ਅਦਾ ਕਰਨਾ ਪੈਂਦਾ ਹੈ ਅਤੇ ਖ਼ਰਚ ਵੀ ਉਠਾਉਂਦਾ ਹੈ । ਉਕਤ ਹਾਨ-ਪੂਰਤੀ ਦੇ ਅਧਾਰ ਤੇ ਅ ਪ੍ਰਤਿ ਓ ਉੱਤਰਦਾਈ ਨਹੀਂ ਹੈ ।

ਮਾਲਕ ਦੀ ਅਣਗਹਿਲੀ ਦੁਆਰਾ ਕਾਰਤ ਸੱਟ ਲਈ ਏਜੰਟ ਨੂੰ ਮੁਆਵਜ਼ਾ ।

225. ਮਾਲਕ ਦੀ ਅਣਗਹਿਲੀ ਜਾਂ ਹੁਨਰਮੰਦੀ ਦੀ ਥੁੜ੍ਹ ਦੁਆਰਾ ਉਸ ਦੇ ਏਜੰਟ ਨੂੰ ਕਾਰਤ ਸੱਟ ਬਾਰੇ ਜ਼ਰੂਰੀ ਹੈ ਕਿ ਮਾਲਕ ਅਜਿਹੇ ਏਜੰਟ ਨੂੰ ਮੁਆਵਜ਼ਾ ਦੇਵੇ ।

**ਦ੍ਰਿਸ਼ਟਾਂਤ**

ਓ ਇੱਕ ਮਕਾਨ ਬਣਾਉਣ ਲਈ ਅ ਨੂੰ ਰਾਜ ਵਜੋਂ ਨਿਯੋਜਤ ਕਰਦਾ ਹੈ ਅਤੇ ਪੈੜ ਆਪ ਬੰਨ੍ਹਦਾ ਹੈ । ਉਹ ਪੈੜ ਹੁਨਰਮੰਦੀ ਨਾਲ ਨਹੀਂ ਬੰਨ੍ਹੀ ਗਈ ਹੈ ਅਤੇ ਪਰਿਣਾਮ ਵਜੋਂ ਅ ਨੂੰ ਸੱਟ ਲਗ ਜਾਂਦੀ ਹੈ । ਓ ਲਈ ਜ਼ਰੂਰੀ ਹੈ ਕਿ ਅ ਨੂੰ ਮੁਆਵਜ਼ਾ ਦੇਵੇ ।

**ਅਨਯ ਵਿਅਕਤੀਆਂ ਨਾਲ ਮੁਆਇਦਆਂ ਤੇ ਏਜੰਸੀ ਦਾ ਪ੍ਰਭਾਵ**

ਏਜੰਟ ਦੇ ਮੁਆਇਦਿਆਂ ਦਾ ਨਾਫ਼ਜ਼ ਕੀਤਾ ਜਾਣਾ ਅਤੇ ਪਰਿਣਾਮ ।

226. ਏਜੰਟ ਰਾਂਹੀ ਕੀਤੇ ਗਏ ਮੁਆਇਦੇ ਅਤੇ ਏਜੰਟ ਦੁਆਰਾ ਕੀਤੇ ਕਾਰਜਾਂ ਤੋਂ ਪੈਦਾ ਹੋਈਆਂ ਬਾਧਾਂ ਉਸੇ ਤਰੀਕੇ ਨਾਲ ਨਾਫ਼ਜ਼ ਕੀਤੀਆਂ ਜਾ ਸਕਣਗੀਆ ਅਤੇ ਉਨ੍ਹਾਂ ਦੇ ਉਹੀ ਕਾਨੂੰਨੀ ਪਰਿਣਾਮ ਹੋਣਗੇ ਮਾਨੋ ਉਹ ਮੁਆਇਦੇ ਅਤੇ ਕਾਰਜ ਖ਼ੁਦ ਮਾਲਕ ਦੁਆਰਾ ਕੀਤੇ ਗਏ ਹੋਣ ।

### ਦ੍ਰਿਸ਼ਟਾਂਤ

(ੳ) 'ੳ' ਇਹ ਜਾਣਦਿਆਂ ਹੋਇਆ ਕਿ ਅ ਮਾਲ ਦੀ ਵਿਕਰੀ ਲਈ ਏਜੰਟ ਹੈ, ਪਰ ਇਹ ਨ ਜਾਣਦਿਆਂ ਹੋਇਆਂ ਕਿ ਮਾਲਕ ਕੌਣ ਹੈ, ਉਸ ਤੋਂ ਮਾਲ ਖ਼ਰੀਦਦਾ ਹੈ । ਅ ਦਾ ਮਾਲਕ ੳ ਤੋਂ ਉਸ ਮਾਲ ਦੀ ਕੀਮਤ ਦਾ ਦਾਅਵਾ ਕਰਨ ਦਾ ਹੱਕਦਾਰ ਹੈ ਅਤੇ ਮਾਲਕ ਦੁਆਰਾ ਕੀਤੇ ਗਏ ਦਾਵੇ ਵਿੱਚ, ੳ ਉਸ ਦਾਅਵੇ ਵਿਚੋਂ, ਅ ਦੁਆਰਾ ਉਸ ਨੂੰ ਦੇਣਯੋਗ ਕਿਸੇ ਰਿਣ ਦੀ ਮੁਜਰਾਈ ਨਹੀਂ ਕਰ ਸਕਦਾ ।

(ਅ) ਅ ਦਾ ਏਜੰਟ ਹੋਣ ਕਰਕੇ ਅਤੇ ਉਸ ਦੇ ਨਮਿਤ ਧਨ ਪ੍ਰਾਪਤ ਕਰਨ ਦੀ ਸੱਤਾ ਰੱਖਣ ਕਰਕੇ ੲ ਤੋਂ ਅ ਨੂੰ ਦੇਣਯੋਗ ਧਨ ਦੀ ਇੱਕ ਰਕਮ 'ੳ' ਪ੍ਰਾਪਤ ਕਰਦਾ ਹੈ । 'ੲ' ਉਕਤ ਰਕਮ ਅ ਨੂੰ ਅਦਾ ਕਰਨ ਦੀ ਆਪਣੀ ਬਾਧ ਤੋਂ ਮੁਕਤ ਹੋ ਜਾਂਦਾ ਹੈ ।

227. ਜਦ ਕੋਈ ਏਜੰਟ ਉਸ ਤੋਂ ਵਧੇਰੇ ਕਰਦਾ ਹੈ ਜਿੰਨਾ ਕਰਨ ਲਈ ਉਹ ਅਖ਼ਤਿਆਰਤ ਹੈ ਅਤੇ ਜਦ ਜੋ ਕੁਝ ਉਹ ਕਰਦਾ ਹੈ ਉਸਦਾ ਉਹ ਭਾਗ, ਜਿਹੜਾ ਉਸ ਦੀ ਸੱਤਾ ਦੇ ਅੰਦਰ ਹੈ,ਉਸ ਭਾਗ ਤੋਂ ਵੱਖਰਾ ਕੀਤਾ ਜਾ ਸਕਦਾ ਹੈ ਜਿਹੜਾ ਉਸਦੀ ਸੱਤਾ ਤੋਂ ਬਾਹਰ ਹੈ ਜੋ ਕੁਝ ਉਹ ਕਰਦਾ ਹੈ ਉਸਦਾ ਕੇਵਲ ਉੱਨ੍ਹਾਂ ਹੀ ਭਾਗ, ਉਸ ਦੇ ਅਤੇ ਉਸ ਦੇ ਮਾਲਕ ਵਿਚਕਾਰ ਬੰਧਨਕਾਰੀ ਹੈ ਜਿੰਨਾਂ ਉਸਦੀ ਸੱਤਾ ਦੇ ਅੰਦਰ ਹੈ ।

ਜਦ ਏਜੰਟ ਸੱਤਾ ਤੋਂ ਅੱਗੇ ਵਧ ਜਾਂਦਾ ਹੈ, ਮਾਲਕ ਕਿਥੋਂ ਤੱਕ ਪਾਬੰਦ ਹੈ ।

### ਦ੍ਰਿਸ਼ਟਾਂਤ

ੳ ਜੋ ਇੱਕ ਜਹਾਜ਼ ਅਤੇ ਜਹਾਜ਼ੀ-ਮਾਲ ਦਾ ਮਾਲਕ ਹੈ, ਅ ਨੂੰ ਉਸ ਜਹਾਜ਼ ਦਾ 4,000 ਰੁਪਏ ਦਾ ਬੀਮਾ ਕਰਾਉਣ ਲਈ ਅਖ਼ਤਿਆਰ ਦਿੰਦਾ ਹੈ । ਅ 4,000 ਰੁਪਏ ਦੀ ਇੱਕ ਬੀਮਾ ਪਾਲਿਸੀ ਜਹਾਜ਼ ਲਈ ਅਤੇ ਉੱਨੀਂ ਹੀ ਰਕਮ ਲਈ ਇੱਕ ਹੋਰ ਪਾਲਿਸੀ ਮਾਲ ਲਈ ਲੈ ਲੈਂਦਾ ਹੈ । ੳ ਜਹਾਜ਼ ਦੀ ਬੀਮਾ ਪਾਲਿਸੀ ਲਈ ਪ੍ਰੀਮੀਅਮ ਅਦਾ ਕਰਨ ਲਈ ਪਾਬੰਦ ਹੈ ਪਰ ਮਾਲ ਦੀ ਬੀਮਾ ਪਾਲਿਸੀ ਲਈ ਪ੍ਰੀਮੀਅਮ ਅਦਾ ਕਰਨ ਲਈ ਨਹੀਂ ।

228. ਜਿਥੇ ਏਜੰਟ ਜਿੰਨਾ ਕਰਨ ਲਈ ਉਹ ਅਖ਼ਤਿਆਰਤ ਹੈ ਉਸ ਤੋਂ ਵੱਧ ਕਰਦਾ ਹੈ ਅਤੇ ਜੋ ਕੁਝ ਉਹ ਆਪਣੀ ਸੱਤਾ ਦੇ ਖੇਤਰ ਤੋਂ ਬਾਹਰ ਕਰਦਾ ਹੈ, ਉਸ ਨੂੰ ਉਸ ਤੋਂ ਵੱਖਰਾ ਨਹੀਂ ਕੀਤਾ ਜਾਂ ਸਕਦਾ ਜੋ ਉਸਦੇ ਅੰਦਰ ਹੈ, ਉਥੇ ਮਾਲਕ ਉਸ ਵਿਹਾਰ ਨੂੰ ਮਾਨਤਾ ਦੇਣ ਲਈ ਪਾਬੰਦ ਨਹੀਂ ਹੈ ।

ਜਿੱਥੇ ਏਜੰਟ ਦੁਆਰਾ ਸੱਤਾ ਤੋਂ ਵਾਧਾ ਵੱਖਰਾ ਨਹੀਂ ਕੀਤਾ ਜਾ ਸਕਦਾ ਉਥੇ ਮਾਲਕ ਪਾਬੰਦ ਨਹੀਂ ਹੈ ।

### ਦ੍ਰਿਸ਼ਟਾਂਤ

ੳ ਆਪਣੇ ਲਈ 500 ਭੇਡਾਂ ਖ਼ਰੀਦਣ ਲਈ ਅ ਨੂੰ ਅਖ਼ਤਿਆਰ ਦਿੰਦਾ ਹੈ। ਅ 6,000 ਰੁਪਏ ਦੀ ਇੱਕ ਰਕਮ ਵਿੱਚ 500 ਭੇਡਾਂ ਅਤੇ 200 ਲੇਲੇ ਖ਼ਰੀਦ ਲੈਂਦਾ ਹੈ । ਅ ਸਾਰੇ ਵਿਹਾਰ ਦਾ ਨਿਰਾਕਰਣ ਕਰ ਸਕੇਗਾ ।

229. ਏਜੰਟ ਨੂੰ ਦਿੱਤੇ ਗਏ ਕਿਸੇ ਨੋਟਿਸ ਜਾਂ ਉਸ ਦੁਆਰਾ ਹਾਸਲ ਕੀਤੀ ਗਈ ਕਿਸੇ ਜਾਣਕਾਰੀ ਦੇ, ਜਿਥੋਂ ਤਕ ਮਾਲਕ ਅਤੇ ਅਨਯ ਧਿਰਾਂ ਦੇ ਵਿਚਕਾਰ ਦੇ ਸੰਬੰਧ ਹਨ, ਉਹੀ ਕਾਨੂੰਨੀ ਪਰਿਣਾਮ ਹੋਣਗੇ ਜਿਵੇਂ ਕਿ ਇਹ ਮਾਲਕ ਨੂੰ ਦਿੱਤੀ ਗਈ ਹੋਵੇ ਜਾਂ ਉਸ ਦੁਆਰਾ ਹਾਸਲ ਕੀਤੀ ਗਈ ਹੋਵੇ, ਪਰੰਤੂ ਇਹ ਤਦ ਜਦ ਉਹ ਆਪਣੇ ਮਾਲਕ ਲਈ ਕੀਤੇ ਗਏ ਕਾਰੋਬਾਰ ਦੇ ਅਨੁਕ੍ਰਮ ਵਿੱਚ ਉਸ ਨੂੰ ਦਿੱਤੀ ਗਈ, ਜਾਂ ਉਸ ਦੁਆਰਾ ਹਾਸਲ ਕੀਤੀ ਹੋਵੇ ।

ਏਜੰਟ ਨੂੰ ਦਿੱਤੇ ਗਏ ਨੋਟਿਸ ਦੇ ਪਰਿਣਾਮ ।

## ਦ੍ਰਿਸ਼ਟਾਂਤ

(ੳ) ੲ ਤੋਂ ਕੁਝ ਮਾਲ, ਜਿਸਦਾ ੲ ਜ਼ਾਹਰਾ ਮਾਲਕ ਹੈ, ਖ਼ਰੀਦਣ ਲਈ ਅ ਦੁਆਰਾ ੳ ਨਿਯੋਜਤ ਕੀਤਾ ਜਾਂਦਾ ਹੈ ਅਤੇ ਉਸਦੇ ਅਨੁਸਾਰ ਉਹ ਖ਼ਰੀਦਦਾ ਹੈ । ਵਿਕਰੀ ਲਈ ਗੱਲ ਬਾਤ ਦੇ ਦੌਰਾਨ ਅ ਨੂੰ ਪਤਾ ਚਲਦਾ ਹੈ ਕਿ ਉਹ ਮਾਲ ਅਸਲ ਵਿੱਚ ਸ ਦਾ ਸੀ, ਪਰ ਅ ਨੂੰ ਇਹ ਤੱਥ ਗਿਆਤ ਨਹੀਂ ਹੈ । 'ਅ' ਉਹ ਰਿਣ ਜੋ ਉਸ ਨੇ ੲ ਤੋ ਲੈਣਾ ਹੈ ਉਸ ਮਾਲ ਦੀ ਕੀਮਤ ਵਿੱਚੋਂ ਮੁਜਰਾ ਕਰਨ ਦਾ ਹੱਕਦਾਰ ਨਹੀਂ ਹੈ

(ਅ) ੲ ਤੋਂ ਉਹ ਮਾਲ ਜਿਸਦਾ ੲ ਜਾਹਰਾ ਮਾਲਕ ਹੈ, ਖ਼ਰੀਦਣ ਲਈ ਅ ਦੁਆਰਾ ੳ ਨਿਯੋਜਤ ਕੀਤਾ ਜਾਂਦਾ ਹੈ । 'ੳ' ਇਸ ਤਰ੍ਹਾਂ ਨਿਯੋਜਤ ਕੀਤੇ ਜਾਣ ਤੋਂ ਪਹਿਲਾਂ, ੲ ਦਾ ਨੌਕਰ ਸੀ ਅਤੇ ਉਸ ਨੂ ਤਦ ਪਤਾ ਚਲਿਆ ਸੀ ਕਿ ਉਹ ਮਾਲ ਅਸਲ ਵਿੱਚ ਸ ਦਾ ਸੀ ਪਰ ਅ ਨੂੰ ਇਹ ਤੱਥ ਗਿਆਤ ਨਹੀਂ ਹੈ । ਆਪਣੇ ਏਜੰਟ ਨੂੰ ਗਿਆਨ ਹੁੰਦਿਆਂ ਹੋਇਆਂ ਵੀ, ਅ ਉਹ ਰਿਣ ਜੋ ਉਸ ਨੇ ੲ ਤੋ ਲੈਣਾ ਹੈ ਉਸ ਮਾਲ ਦੀ ਕੀਮਤ ਵਿੱਚੋਂ ਮੁਜਰਾ ਕਰ ਸਕੇਗਾ ।

ਮਾਲਕ ਦੇ ਨਮਿਤ ਕੀਤੇ ਗਏ ਮੁਆਇਦੇ ਏਜੰਟ ਜ਼ਾਤੀ ਤੌਰ ਤੇ ਨਾਫ਼ਜ਼ ਨਹੀਂ ਕਰਵਾ ਸਕਦਾ, ਨ ਹੀ ਉਨ੍ਹਾਂ ਦੁਆਰਾ ਪਾਬੰਦ ਕੀਤਾ ਜਾ ਸਕਦਾ ਹੈ ।

230. ਇਸ ਆਸ਼ੇ ਦਾ ਕੋਈ ਮੁਆਇਦਾ ਨ ਹੋਣ ਦੀ ਸੂਰਤ ਵਿੱਚ, ਕੋਈ ਏਜੰਟ ਆਪਣੇ ਮਾਲਕ ਦੇ ਨਮਿਤ ਉਸ ਦੁਆਰਾ ਕੀਤੇ ਗਏ ਮੁਆਇਦਿਆਂ ਨੂੰ ਜ਼ਾਤੀ ਤੌਰ ਤੇ, ਨਾਫ਼ਜ ਨਹੀਂ ਕਰਵਾ ਸਕਦਾ, ਨ ਹੀ ਉਹ ਜ਼ਾਤੀ ਤੌਰ ਤੇ ਉਨ੍ਹਾਂ ਦੁਆਰਾ ਪਾਬੰਦ ਹੁੰਦਾ ਹੈ ।

ਉਲਟ ਮੁਆਇਦੇ ਦਾ ਕਿਆਸ

ਅਜਿਹੇ ਮੁਆਇਦੇ ਦੀ ਹੋਂਦ ਦਾ ਕਿਆਸ ਹੇਠ-ਲਿਖੀਆਂ ਸੂਰਤਾਂ ਵਿਚ ਕੀਤਾ ਜਾਵੇਗਾ :—

(1) ਜਿੱਥੇ ਮੁਆਇਦਾ ਏਜੰਟ ਦੁਆਰਾ ਬਦੇਸ਼ ਨਿਵਾਸੀ ਕਿਸੇ ਵਪਾਰੀ ਦੇ ਨਮਿਤ ਮਾਲ ਦੀ ਵਿਕਰੀ ਜਾਂ ਖ਼ਰੀਦ ਲਈ ਕੀਤਾ ਗਿਆ ਹੋਵੇ ;

(2) ਜਿੱਥੇ ਏਜੰਟ ਆਪਣੇ ਮਾਲਕ ਦਾ ਨਾਂ ਪ੍ਰਗਟ ਨਹੀਂ ਕਰਦਾ ;

(3) ਜਿੱਥੇ ਮਾਲਕ, ਭਾਵੇਂ ਪ੍ਰਗਟ ਕਰ ਦਿੱਤਾ ਗਿਆ ਹੋਵੇ, ਪਰ ਉਸ ਤੇ ਦਾਵਾ ਨਹੀਂ ਕੀਤਾ ਜਾ ਸਕਦਾ ।

ਪ੍ਰਗਟ ਨ ਕੀਤੇ ਏਜੰਟ ਦੁਆਰਾ ਕੀਤੇ ਗਏ ਕਿਸੇ ਮੁਆਇਦੇ ਦੀਆਂ ਧਿਰਾਂ ਦੇ ਅਧਿਕਾਰ ।

231. ਜੇ ਕੋਈ ਏਜੰਟ ਕਿਸੇ ਅਜਿਹੇ ਵਿਅਕਤੀ ਨਾਲ ਮੁਆਇਦੇ ਕਰੇ ਜੋ ਨ ਤਾਂ ਇਹ ਜਾਣਦਾ ਹੋਵੇ ਅਤੇ ਨ ਹੀ ਇਹ ਸ਼ੱਕ ਕਰਨ ਦਾ ਕਾਰਨ ਰੱਖਦਾ ਹੋਵੇ ਕਿ ਉਹ ਏਜੰਟ ਹੈ, ਤਾਂ ਉਸ ਦਾ ਮਾਲਕ ਉਸ ਮੁਆਇਦੇ ਦੀ ਪਾਲਣਾ ਲੋੜ ਸਕੇਗਾ ; ਪਰ ਮੁਆਇਦਾ ਕਰਨ ਵਾਲੀ ਦੂਜੀ ਧਿਰ, ਉਸ ਮਾਲਕ ਦੇ ਵਿਰੁੱਧ ਉਹੀ ਅਧਿਕਾਰ ਰੱਖਦੀ ਹੈ ਜਿਹੜੇ ਉਹ ਉਸ ਏਜੰਟ ਦੇ ਵਿਰੁੱਧ ਰੱਖਦੀ ਜੇ ਉਹ ਏਜੰਟ ਮਾਲਕ ਹੁੰਦਾ ।

ਜੇ ਮਾਲਕ ਮੁਆਇਦਾ ਪੂਰਾ ਹੋਣ ਤੋਂ ਪਹਿਲਾਂ ਆਪਣੇ ਆਪ ਨੂੰ ਪ੍ਰਗਟ ਕਰ ਦੇਵੇ ਤਾਂ ਮੁਆਇਦਾ ਕਰਨ ਵਾਲੀ ਦੂਜੀ ਧਿਰ ਉਸ ਮੁਆਇਦੇ ਦੀ ਪੂਰਤੀ ਕਰਨ ਤੋਂ ਇਨਕਾਰ ਕਰ ਸਕੇਗੀ. ਜੇ ਉਹ ਵਿਖਾ ਸਕੇ ਕਿ ਜੇ ਉਸ ਨੂੰ ਇਹ ਗਿਆਤ ਹੁੰਦਾ ਕਿ ਮੁਆਇਦੇ ਵਿਚ ਮਾਲਕ ਕੌਣ ਸੀ, ਜਾਂ ਜੇ ਉਸ ਨੂੰ ਇਹ ਗਿਆਤ ਹੁੰਦਾ ਕਿ ਉਹ ਏਜੰਟ ਮਾਲਕ ਨਹੀਂ ਸੀ, ਤਾਂ ਉਸਨੇ ਉਹ ਮੁਆਇਦਾ ਨਹੀਂ ਸੀ ਕਰਨਾ।

ਏਜੰਟ ਨੂੰ ਮਾਲਕ ਸਮਝ ਕੇ ਉਸ ਨਾਲ ਕੀਤੇ ਗਏ ਮੁਆਇਦੇ ਦਾ ਪਾਲਣ ।

232. ਜਿੱਥੇ ਇੱਕ ਵਿਅਕਤੀ ਕਿਸੇ ਦੂਜੇ ਨਾਲ, ਨ ਤਾਂ ਇਹ ਜਾਣਦਿਆਂ ਹੋਇਆਂ, ਨ ਹੀ ਸ਼ੱਕ ਕਰਨ ਦਾ ਵਾਜਬੀ ਆਧਾਰ ਰੱਖਦਿਆਂ ਹੋਇਆਂ ਕਿ ਉਹ ਦੂਜਾ ਵਿਅਕਤੀ ਇੱਕ ਏਜੰਟ ਹੈ, ਮੁਆਇਦਾ ਕਰਦਾ ਹੈ, ਉਥੇ ਜੇ ਮਾਲਕ ਉਸ ਮੁਆਇਦੇ ਦਾ ਪਾਲਣ ਲੋੜੇ ਤਾਂ ਅਜਿਹਾ ਪਾਲਣ ਕੇਵਲ

ਏਜੰਟ ਅਤੇ ਮੁਆਇਦੇ ਦੀ ਦੂਜੀ ਧਿਰ ਦੇ ਵਿਚਕਾਰ ਕਾਇਮ ਅਧਿਕਾਰਾਂ ਅਤੇ ਬਾਂਧਾਂ ਦੇ ਤਾਬੇ ਹਾਸਲ ਕਰ ਸਕਦਾ ਹੈ ।

**ਦ੍ਰਿਸ਼ਟਾਂਤ**

ੳ, ਜਿਸ ਨੇ ਅ ਦੇ 500 ਰੁਪਏ ਦੇਣੇ ਹਨ, ਅ ਨੂੰ 1,000 ਰੁਪਏ ਦੇ ਚਾਉਲ ਵੇਚਦਾ ਹੈ। ੳ ਇਸ ਵਿਹਾਰ ਵਿਚ ੲ ਲਈ ਏਜੰਟ ਵਜੋਂ ਕਾਰਜ ਕਰ ਰਿਹਾ ਹੈ, ਪਰ ਅ ਇਹ ਨਹੀਂ ਜਾਣਦਾ ਅਤੇ ਨ ਹੀ ਸੰਦੇਹ ਦਾ ਵਾਜਬੀ ਆਧਾਰ ਰਖਦਾ ਹੈ ਕਿ ਸੂਰਤ ਅਜਿਹੀ ਹੈ । ਅ ਨੂੰ ੳ ਦੇ ਰਿਣ ਦੀ ਮੁਜਰਾਈ ਦੀ ਇਜਾਜ਼ਤ ਦਿੱਤੇ ਬਿਨਾਂ ੲ ਉਸ ਨੂੰ ਚਾਉਲ ਲੈਣ ਲਈ ਮਜਬੂਰ ਨਹੀਂ ਕਰ ਸਕਦਾ।

ਜ਼ਾਤੀ ਤੌਰ ਤੇ ਉੱਤਰਦਾਈ ਏਜੰਟ ਨਾਲ ਵਿਹਾਰ ਕਰਨ ਵਾਲੇ ਵਿਅਕਤੀ ਦਾ ਅਧਿਕਾਰ ।

233. ਉਨ੍ਹਾਂ ਸੂਰਤਾਂ ਵਿੱਚ ਜਿਨ੍ਹਾਂ ਵਿੱਚ ਏਜੰਟ ਜ਼ਾਤੀ ਤੌਰ ਤੇ ਉੱਤਰਦਾਈ ਹੋਵੇ, ਉਸ ਨਾਲ ਵਿਹਾਰ ਕਰਨ ਵਾਲਾ ਵਿਅਕਤੀ ਜਾਂ ਤਾਂ ਉਸ ਨੂੰ ਜਾਂ ਉਸ ਦੇ ਮਾਲਕ ਨੂੰ ਜਾਂ ਉਨ੍ਹਾਂ ਦੋਹਾਂ ਨੂੰ ਉੱਤਰਦਾਈ ਠਹਿਰਾ ਸਕੇਗਾ ।

**ਦ੍ਰਿਸ਼ਟਾਂਤ**

ਅ ਨਾਲ ੳ ਉਸ ਨੂੰ ਰੂੰ ਦੀਆਂ 100 ਗੱਠਾਂ ਵੇਚਣ ਦਾ ਮੁਆਇਦਾ ਕਰਦਾ ਹੈ ਅਤੇ ਬਾਦ ਵਿੱਚ ਉਸ ਨੂੰ ਪਤਾ ਲਗਦਾ ਹੈ ਕਿ 'ਅ' ੲ ਦੇ ਏਜੰਟ ਵੱਜੋਂ ਕਾਰਜ ਕਰ ਰਿਹਾ ਸੀ । ੳ ਰੂੰ ਦੀ ਕੀਮਤ ਲਈ ਅ ਜਾਂ ੲ ਜਾਂ ਦੋਹਾਂ ਤੇ ਦਾਵਾ ਕਰ ਸਕੇਗਾ ।

ਏਜੰਟ ਜਾਂ ਮਾਲਕ ਨੂੰ ਇਸ ਵਿਸ਼ਵਾਸ ਤੇ ਕਾਰਜ ਕਰਨ ਲਈ ਪ੍ਰੇਰਨ ਦਾ ਪਰਿਣਾਮ ਕੇਵਲ ਮਾਲਕ ਜਾਂ ਕੇਵਲ ਏਜੰਟ ਨੂੰ ਹੀ ਉੱਤਰਦਾਈ ਠਹਿ-ਰਾਇਆ ਜਾਵੇਗਾ।

234. ਜਦ ਕੋਈ ਵਿਅਕਤੀ, ਜਿਸ ਨੇ ਕਿਸੇ ਏਜੰਟ ਨਾਲ ਮੁਆਇਦਾ ਕੀਤਾ ਹੋਵੇ ਉਸ ਏਜੰਟ ਨੂੰ ਇਸ ਵਿਸ਼ਵਾਸ ਤੇ ਕਾਰਜ ਕਰਨ ਲਈ ਪ੍ਰੇਰਦਾ ਹੈ ਕਿ ਕੇਵਲ ਮਾਲਕ ਹੀ ਉੱਤਰਦਾਈ ਠਹਿਰਾਇਆ ਜਾਵੇਗਾ, ਜਾਂ ਮਾਲਕ ਨੂੰ ਇਸ ਵਿਸ਼ਵਾਸ ਤੇ ਕਾਰਜ ਕਰਨ ਲਈ ਪ੍ਰੇਰਦਾ ਹੈ ਕਿ ਕੇਵਲ ਏਜੰਟ ਹੀ ਉੱਤਰਦਾਈ ਠਹਿਰਾਇਆ ਜਾਵੇਗਾ ਤਦ ਉਹ ਬਾਦ ਵਿਚ ਕ੍ਰਮਵਾਰ ਏਜੰਟ ਜਾਂ ਮਾਲਕ ਨੂੰ ਉੱਤਰਦਾਈ ਨਹੀਂ ਠਹਿਰਾ ਸਕਦਾ ।

ਝੂਠ-ਮੂਠ ਬਣੇ ਏਜੰਟ ਦੀ ਦੇਣਦਾਰੀ ।

235. ਜੋ ਵਿਅਕਤੀ, ਝੂਠੇ ਤੌਰ ਤੇ, ਆਪਣੇ ਆਪ ਨੂੰ ਕਿਸੇ ਦੂਜੇ ਦਾ ਅਖ਼ਤਿਆਰਤ ਏਜੰਟ ਹੋਣਾ ਦਰਸਾਉਂਦਾ ਹੈ ਅਤੇ ਇਸ ਦੁਆਰਾ ਕਿਸੇ ਅਨਯ ਵਿਅਕਤੀ ਨੂੰ ਆਪਣੇ ਨਾਲ ਅਜਿਹੇ ਏਜੰਟ ਵਜੋਂ ਵਿਹਾਰ ਕਰਨ ਲਈ ਪ੍ਰੇਰਦਾ ਹੈ, ਜੇ ਉਸਦਾ ਕਥਤ ਨਿਯੋਜਕ ਉਸਦੇ ਕਾਰਜਾਂ ਦੀ ਪੁਸ਼ਟੀ ਨ ਕਰੇ ਤਾਂ ਉਹ ਉਸ ਅਨਯ ਵਿਅਕਤੀ ਨੂੰ ਉਸ ਹਾਨ ਜਾਂ ਨੁਕਸਾਨ ਦੇ ਬਾਰੇ ਮੁਆਵਜ਼ਾ ਦੇਣ ਦਾ ਉੱਤਰਦਾਈ ਹੈ ਜੋ ਉਸ ਵਿਅਕਤੀ ਨੇ ਇਸ ਤਰ੍ਹਾਂ ਵਿਹਾਰ ਕਰਨ ਨਾਲ ਉਠਾਇਆ ਹੈ ।

ਏਜੰਟ ਵਜੋਂ ਝੂਠੇ ਤੌਰ ਤੇ ਮੁਆਇਦਾ ਕਰਨ ਵਾਲਾ ਵਿਅਕਤੀ ਪਾਲਣ ਕਰਾਉਣ ਦਾ ਹੱਕਦਾਰ ਨਹੀਂ ਹੈ।

236. ਉਹ ਵਿਅਕਤੀ, ਜਿਸ ਨਾਲ ਏਜੰਟ ਦੀ ਹੈਸੀਅਤ ਵਿੱਚ ਮੁਆਇਦਾ ਕੀਤਾ ਗਿਆ ਹੈ, ਉਸ ਦਾ ਪਾਲਣ ਲੋੜਨ ਦਾ ਹੱਕਦਾਰ ਨਹੀਂ ਹੈ, ਜੇ ਉਹ ਵਾਸਤਵ ਵਿਚ ਏਜੰਟ ਵਜੋਂ ਨਹੀਂ ਸਗੋਂ ਆਪਣੇ ਲੇਖੇ ਕੰਮ ਕਰ ਰਿਹਾ ਸੀ।

ਇਹ ਵਿਸ਼ਵਾਸ ਪ੍ਰੇਰਤ ਕਰਨ ਵਾਲੇ

237. ਜਦ ਕਿਸੇ ਏਜੰਟ ਨੇ, ਸੱਤਾ ਤੋਂ ਬਿਨਾਂ, ਆਪਣੇ ਮਾਲਕ ਦੇ ਨਮਿਤ ਕਾਰਜ ਕੀਤੇ ਹੋਣ ਜਾਂ ਅਨਯ ਵਿਅਕਤੀਆਂ ਦੇ ਪ੍ਰਤਿ ਬਾਂਧਾਂ ਲਈਆਂ ਹੋਣ ਤਦ ਮਾਲਕ ਅਜਿਹੇ ਕਾਰਜਾਂ ਜਾਂ ਬਾਂਧਾਂ

ਮਾਲਕ ਦੀ ਦੇਣਦਾਰੀ ਕਿ ਏਜੰਟ ਦੇ ਅਣ-ਅਖ਼ਤਿਆਰਤ ਕਾਰਜ, ਅਖ਼ਤਿਆਰਤ ਸਨ।

ਨਾਲ ਪਾਬੰਦ ਹੋਵੇਗਾ, ਜੇ ਉਸਨੇ ਆਪਣੇ ਸ਼ਬਦਾਂ ਜਾਂ ਆਚਰਨ ਦੁਆਰਾ ਅਜਿਹੇ ਅਨਯ ਵਿਅਕਤੀਆਂ ਨੂੰ ਇਹ ਵਿਸਵਾਸ ਕਰਨ ਲਈ ਪ੍ਰੇਰਿਆ ਹੋਵੇ ਕਿ ਅਜਿਹੇ ਕਾਰਜ ਅਤੇ ਬਾਂਧਾਂ ਏਜੰਟ ਦੀ ਸੱਤਾ ਦੇ ਖੇਤਰ ਦੇ ਅੰਦਰ ਸਨ।

### ਦ੍ਰਿਸ਼ਟਾਂਤ

(ੳ) ੳ ਵਿਕਰੀ ਲਈ ਮਾਲ ਅ ਨੂੰ ਭੇਜਦਾ ਹੈ ਅਤੇ ਉਸ ਨੂੰ ਨਿਯਤ ਕੀਮਤ ਤੋਂ ਘੱਟ ਤੇ ਨ ਵੇਚਣ ਦੀਆਂ ਹਦਾਇਤਾਂ ਦਿੰਦਾ ਹੈ। ਅ ਨੂੰ ਦਿੱਤੀਆਂ ਗਈਆਂ ਹਦਾਇਤਾਂ ਤੋਂ ਅਗਿਆਤ ਹੁੰਦਿਆਂ ਹੋਇਆਂ ੲ ਰਾਖਵੀਂ ਕੀਮਤ ਤੋਂ ਘੱਟ ਕੀਮਤ ਤੇ ਉਸ ਮਾਲ ਨੂੰ ਖ਼ਰੀਦਣ ਦਾ ਅ ਨਾਲ ਮੁਆਇਦਾ ਕਰਦਾ ਹੈ। ੳ ਉਸ ਮੁਆਇਦੇ ਦੁਆਰਾ ਪਾਬੰਦ ਹੈ।

(ਅ) ੳ ਅਜਿਹੀਆਂ ਵਿਕਾਯੋਗ ਲਿਖਤਾਂ, ਜਿਨ੍ਹਾਂ ਤੇ ਕੋਰੀਆਂ ਪਿਠੰਕਣਾਂ ਹਨ, ਅ ਨੂੰ ਸੌਂਪਦਾ ਹੈ। ੳ ਦੇ ਪ੍ਰਾਈਵੇਟ ਹੁਕਮਾਂ ਦੀ ਖਿਲਾਫ਼ਵਰਜ਼ੀ ਕਰਦਿਆਂ ਹੋਇਆਂ ਅ ਉਹ ੲ ਨੂੰ ਵੇਚ ਦਿੰਦਾ ਹੈ। ਵਿਕਰੀ ਠੀਕ ਹੈ।

ਏਜੰਟ ਦੁਆਰਾ ਗਲਤ ਦਰਸਾਏ ਜਾਂ ਕਪਟ ਦਾ ਕਰਾਰ ਤੇ ਪ੍ਰਭਾਵ।

238. ਆਪਣੇ ਕਾਰੋਬਾਰ ਦੇ ਅਨੁਕ੍ਰਮ ਵਿੱਚ ਆਪਣੇ ਮਾਲਕਾਂ ਲਈ ਕਾਰਜ ਕਰਦਿਆਂ ਹੋਇਆਂ ਏਜੰਟਾਂ ਦੁਆਰਾ ਕੀਤੇ ਗਏ ਗਲਤ-ਦਰਸਾਵੇ ਜਾਂ ਕਪਟ ਅਜਿਹੇ ਏਜੰਟਾਂ ਦੁਆਰਾ ਕੀਤੇ ਗਏ ਕਰਾਰਾਂ ਤੇ ਉਹੀ ਪ੍ਰਭਾਵ ਰੱਖਦੇ ਹਨ ਜਿਵੇਂ ਕਿ ਅਜਿਹੇ ਗਲਤ-ਦਰਸਾਵੇ ਜਾਂ ਕਪਟ ਮਾਲਕਾਂ ਦੁਆਰਾ ਕੀਤੇ ਗਏ ਹੋਣ; ਪਰ ਏਜੰਟਾਂ ਦੁਆਰਾ ਅਜਿਹੇ ਵਿਸ਼ਿਆਂ ਵਿੱਚ ਜਿਹੜੇ ਉਨ੍ਹਾਂ ਦੀ ਸੱਤਾ ਦੇ ਅੰਦਰ ਨਹੀਂ ਆਉਂਦੇ ਕੀਤੇ ਗਏ ਗਲਤ-ਦਰਸਾਵੇ ਜਾਂ ਕਪਟ, ਉਨਾਂ ਦੇ ਮਾਲਕਾਂ ਤੇ ਪ੍ਰਭਾਵ ਨਹੀਂ ਪਾਉਂਦੇ।

### ਦ੍ਰਿਸ਼ਟਾਂਤ

(ੳ) ੳ, ਜਿਹੜਾ ਮਾਲ ਦੀ ਵਿਕਰੀ ਲਈ ਅ ਦਾ ਏਜੰਟ ਹੈ, ਇੱਕ ਗਲਤ-ਦਰਸਾਵੇ ਦੁਆਰਾ, ਜਿਸਦੇ ਕਰਨ ਲਈ ਉਹ ਅ ਦੁਆਰਾ ਅਖ਼ਤਿਆਰਤ ਨਹੀਂ ਸੀ, ੲ ਨੂੰ ਉਹ ਖਰੀਦਣ ਲਈ ਪ੍ਰੇਰਦਾ ਹੈ। ਜਿੱਥੋਂ ਤੱਕ ਅ ਅਤੇ ੲ ਵਿਚਕਾਰ ਸੰਬੰਧ ਹੈ, ਮੁਆਇਦਾ ੲ ਦੀ ਮਰਜ਼ੀ ਅਨੁਸਾਰ ਸੁੰਨਕਰਣਯੋਗ ਹੈ।

(ਅ) ਅ ਦੇ ਜਹਾਜ਼ ਦਾ ਕਪਤਾਨ ੳ ਲਦਾਈ-ਪੱਤਰ ਤੇ, ਉਸ ਵਿੱਚ ਜ਼ਿਕਰ ਕੀਤਾ ਮਾਲ ਜਹਾਜ਼ ਤੇ ਪ੍ਰਾਪਤ ਕੀਤੇ ਬਿਨਾਂ ਹੀ, ਦਸਖ਼ਤ ਕਰਦਾ ਹੈ। ਜਿੱਥੋਂ ਤੱਕ ਅ ਅਤੇ ਝੂਠ-ਮੂਠ ਭੇਜਣ ਵਾਲੇ ਦਾ ਸੰਬੰਧ ਹੈ, ਉਹ ਲਦਾਈ-ਪੱਤਰ ਸੁੰਨ ਹੈ।

## ਅਧਿਆਏ XI

ਭਾਰਤੀ ਭਾਈਵਾਲੀ ਐਕਟ, 1932 (1932 ਦਾ 9), ਧਾਰਾ 73 ਅਤੇ ਅਨੁਸੂਚੀ II ਦੁਆਰਾ ਨਿਰਸਤ।

ਅਨੁਸੂਚੀ- [ਨਿਰਸਤ ਇਨੈਕਟਮੈਂਟ।] ਨਿਰਸਨ ਅਤੇ ਸੋਧ ਐਕਟ, 1914 (1914 ਦਾ 10) ਧਾਰਾ 3 ਅਤੇ ਅਨੁਸੂਚੀ II ਦੁਆਰਾ ਨਿਰਸਤ।

ਡਾ: ਰੀਟਾ ਵਸ਼ਿਸ਼ਟ,
ਸਕੱਤਰ, ਭਾਰਤ ਸਰਕਾਰ,
Secretary to the Government of India.